
ਤੁਮਹਿੰ ਛਾਡਿ ਕੋ

ਅਵਰ ਨਾ ਧਿਯਾਊਂ

ਜੋ ਬਰ ਚਹੋਂ ਸੁ ਤੁਮ ਤੇ ਪਾਊਂ

ਵਾਰਤਕ ਜੀਵਨ ਪਿਆਰੇ ਭਾਈ ਮੋਹਕਮ ਸਿੰਘ ਜੀ

(ਉਮਰ 25 ਸਾਲ 9 ਮਹੀਨੇ 1 ਦਿਨ)



ਭਾਈ ਬੇਅੰਤ ਸਿੰਘ ਕਲੇਰਾਂ ਵਾਲੇ

ੴ ਸਤਿਗੁਰ ਪ੍ਰਸਾਦਿ
ਸਰਬੱਤ ਦਾ ਭਲਾ
WELFARE UNTO ALL

ਪੁਸਤਕ ਦਾ ਨਾਂ : ਅਵਰ ਨਾ ਧਿਆਊਂ
ਵਾਰਤਕ ਜੀਵਨ ਭਾਈ ਮੋਹਕਮ ਸਿੰਘ ਜੀ
ਲੇਖਕ : ਪ੍ਰੋਫੈਸਰ ਬੇਅੰਤ ਸਿੰਘ ਕਲੇਰਾਂ ਵਾਲੇ
2831/1, ਇੰਦਰਾ ਨਗਰ ਲੁਧਿਆਣਾ (ਪੰਜਾਬ)
ਫੋਨ: 0161-2443530, 098551-57530

ਈ-ਮੇਲ : gpsc_bts766@yahoo.co.in
ਸੰਖਿਆ : 2100 ਕਾਪੀਆਂ
ਐਡੀਸ਼ਨ : 11 ਨਵੰਬਰ 2010
ਟਾਈਟਲ ਨਾਂ : ਸ. ਗਗਨਦੀਪ ਸਿੰਘ ਗਰੇਵਾਲ
ਕੰਪੋਜ਼ਿੰਗ ਤੇ ਪੇਜ਼ ਸੈਟਿੰਗ : ਮੀਨਾ-ਹੈਰੇ ਇੰਟਰਪ੍ਰਾਈਜ਼ਜ਼, ਲੁਧਿਆਣਾ
ਪਰੂਫ ਰੀਡਿੰਗ : ਬੀਬੀ ਮਨਦੀਪ ਕੌਰ ਐਮ.ਏ. ਬੀ.ਐਡ.
ਬੀਬੀ ਹਰਪ੍ਰੀਤ ਕੌਰ ਐਮ.ਏ. ਬੀ.ਐਡ.
ਸ. ਸਤਿੰਦਰ ਸਿੰਘ ਖਾਲਸਾ(ਲਾਂਬਾ) ਜਗਰਾਓਂ
ਸਮੁੱਚੀ ਨਿਗਰਾਨੀ : ਬੀਬੀ ਸੁਰਿੰਦਰ ਕੌਰ
ਭੇਟਾ : 150/- ਰੁਪਏ
ਪ੍ਰਿੰਟਿਗ ਪ੍ਰੈਸ : ਆਰਟਕੇਵ ਪ੍ਰਿੰਟਰਜ਼, ਲੁਧਿਆਣਾ।
ਪ੍ਰਕਾਸ਼ਕ : ਗੁਰਬਾਣੀ ਪ੍ਰਚਾਰ ਸੇਵਾ ਸੈਂਟਰ
766, ਦੀਪ ਨਗਰ, ਆਤਮ ਪਾਰਕ,
ਲੁਧਿਆਣਾ (ਪੰਜਾਬ)।
ਮੋਬਾਈਲ : 098761-09418

ਭਾਈ ਬੇਅੰਤ ਸਿੰਘ ਕਲੇਰਾਂ ਵਾਲੇ ਰਚਿਤ ਧਾਰਮਿਕ ਤੇ ਇਤਿਹਾਸਕ ਰਚਨਾਵਾਂ

1. 'ਸਾਂਝਾ ਗੁਰੂ', ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ।
2. 'ਸ਼ਹੀਦ-ਏ-ਸਰਤਾਜ' ਗੁਰੂ ਅਰਜਨ ਦੇਵ ਜੀ 'ਤੇ।
3. 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ.....?' ਭਾਈ ਤਾਰੂ ਸਿੰਘ ਜੀ ਦੇ ਜੀਵਨ 'ਤੇ।
4. 'ਦਇਆ ਕਾ ਪੂਤ', ਪਿਆਰੇ ਭਾਈ ਦਇਆ ਸਿੰਘ ਜੀ ਦੇ ਜੀਵਨ 'ਤੇ।
5. 'ਧਰਮ ਧਾਮ', ਪਿਆਰੇ ਭਾਈ ਧਰਮ ਸਿੰਘ ਜੀ ਦੇ ਜੀਵਨ 'ਤੇ।
6. 'ਰਾਜੁ ਕਰੈਂਗੇ', ਪਿਆਰੇ ਭਾਈ ਹਿੰਮਤ ਸਿੰਘ ਜੀ ਦੇ ਜੀਵਨ 'ਤੇ।
7. 'ਅਵਰ ਨਾ ਧਿਆਊਂ' ਆਪ ਜੀ ਦੇ ਹੱਥ ਵਿਚ ਹੈ।
   ਪਿਆਰੇ ਭਾਈ ਮੋਹਕਮ ਸਿੰਘ ਜੀ ਦੇ ਜੀਵਨ 'ਤੇ।
8. 'ਸਿਰੁ ਸਉਪੀਐ' ਪਿਆਰੇ ਭਾਈ ਸਾਹਿਬ ਸਿੰਘ ਜੀ ਦੇ ਜੀਵਨ 'ਤੇ।
9. 'ਨਿਆਰੇ ਪੰਜ ਪਿਆਰੇ', ਸੰਪੂਰਨ ਜੀਵਨ ਪੰਜ ਪਿਆਰਿਆਂ ਦੇ।

ਆਉਣ ਵਾਲੀਆਂ ਖੋਜ਼ ਅਧੀਨ

10. 'ਅੱਜ ਕੀ ਬੋਲੀਏ' ਹਰ ਰੋਜ਼ ਹੀ ਕੋਈ ਦਿਨ ਦਿਹਾੜਾ ਹੈ।
11. 'ਹਰਿ ਦਰਸ਼ਨ ਪਾਇਆ', ਸ੍ਰੀ ਗੁਰੂ ਰਵਿਦਾਸ ਭਗਤ ਜੀ 'ਤੇ।
12. 'ਸਿਰ ਤਲੀ ਤੇ........?' ਬਾਬਾ ਦੀਪ ਸਿੰਘ ਜੀ ਦੇ ਜੀਵਨ 'ਤੇ।

ੴ ਸਤਿਗੁਰ ਪ੍ਰਸਾਦਿ

ਅਵਰ ਨਾ ਧਿਆਊਂ

(7 ਮਾਰਚ ਸੰਨ 1679 ਈ. ਤੋਂ 6 ਦਸੰਬਰ 1704 ਈ: ਤਕ)
ਸ੍ਰੀ ਦੁਆਰਕਾ ਤੋਂ ਸ੍ਰੀ ਚਮਕੌਰ ਸਾਹਿਬ ਤਕ

ਵਾਰਤਕ ਜੀਵਨ ਪਿਆਰੇ ਭਾਈ ਮੋਹਕਮ ਸਿੰਘ ਜੀ
(ਉਮਰ 25 ਸਾਲ 9 ਮਹੀਨੇ 1 ਦਿਨ)

By Bhai Beant Singh Kaleran Wale
Phone: 0161-2443530, 98551-57530

ਤਤਕਰਾ

ਸਮਰਪਣ

ਉਨ੍ਹਾਂ ਮਹਾਨ ਸਿੰਘਾਂ ਸਿੰਘਣੀਆਂ ਨੂੰ ਜਿਨ੍ਹਾਂ ਸਰਸਾ ਨਦੀ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਉਸ ਮਾਸੂਮ ਬੱਚੇ ਬਾਬਾ ਸੁੰਦਰ ਸਿੰਘ ਜੀ ਨੂੰ ਜਿਨ੍ਹਾਂ ਸਰਸਾ ਨਦੀ ਦੇ ਕਿਨਾਰੇ ਸ਼ਹੀਦੀ ਕੇਵਲ ਚਾਰ ਸਾਲ ਦੀ ਉਮਰ ਵਿਚ ਪ੍ਰਾਪਤ ਕੀਤੀ।

ਉਨ੍ਹਾਂ ਧਰਮੀ ਜਿਉੜੀਆਂ ਭਾਈ ਹੰਸਰਾਜ ਸਿੰਘ, ਬੀਬੀ ਆਗਿਆ ਕੌਰ ਜੀ ਜਿਨ੍ਹਾਂ ਸਰਸਾ ਦੇ ਕਿਨਾਰੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਉਨ੍ਹਾਂ ਚਮਕੌਰ ਗੜ੍ਹੀ ਵਿਚ ਬਾਬਾ ਅਜੀਤ ਸਿੰਘ ਜੀ ਦੇ ਜੱਥੇ ਵਿਚ ਭਾਈ ਮੋਹਕਮ ਸਿੰਘ, ਭਾਈ ਈਸ਼ਰ ਸਿੰਘ, ਭਾਈ ਦੇਵਾ ਸਿੰਘ, ਭਾਈ ਕੀਰਤੀ ਸਿੰਘ, ਭਾਈ ਮੋਹਰ ਸਿੰਘ, ਭਾਈ ਪੰਡਿਤ ਲਾਲ ਸਿੰਘ, ਭਾਈ ਕੇਸਰ ਸਿੰਘ ਜਿਨ੍ਹਾਂ ਚਮਕੌਰ ਦੀ ਗੜ੍ਹੀ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਉਨ੍ਹਾਂ ਗੁੰਮਨਾਮ ਸ਼ਹੀਦਾਂ ਨੂੰ ਜਿਨ੍ਹਾਂ ਦੇਸ਼ ਕੌਮ, ਧਰਮ ਤੇ ਆਜ਼ਾਦੀ ਲਈ ਆਪਣਾ ਆਪ ਵਾਰਿਆ, ਉਨ੍ਹਾਂ ਨੂੰ ਅਸੀਂ ਇਤਿਹਾਸ ਵਿਚ ਯਾਦ ਨਾ ਕਰ ਸਕੇ ਅਤੇ ਸਤਿਕਾਰਯੋਗ ਪਿਤਾ ਗਿਆਨੀ ਹਜਾਰਾ ਸਿੰਘ ਜੀ ਗਰੇਵਾਲ ਅਤੇ ਮਾਤਾ ਕਰਤਾਰ ਕੌਰ ਕਲੇਰਾਂ ਵਾਲੇ ਜਿਨ੍ਹਾਂ ਦਾਸ ਨੂੰ ਜੀਵਨ ਜਾਂਚ ਦੇ ਕੇ ਸਿੱਖੀ ਮਾਰਗ ਵੱਲ ਤੋਰਿਆ।

ਦਾਸਨ ਦਾਸ
ਬੇਅੰਤ ਸਿੰਘ
ਕਲੇਰਾਂ ਵਾਲੇ

ਮੁੱਖ ਬੰਦ

ਅਕਾਲ ਪੁਰਖ ਤੇ ਸਤਿਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਨਾਲ ਅੱਜ 'ਨਿਆਰੇ ਪੰਜ ਪਿਆਰੇ' ਵਿਚੋਂ ਵਾਰਤਕ ਜੀਵਨ ਭਾਈ ਮੋਹਕਮ ਸਿੰਘ ਜੀ ਦੀ ਚੌਥੀ ਜਿਲਦ 'ਅਵਰ ਨਾ ਧਿਆਊਂ' ਸੰਪੂਰਨ ਹੋਈ ਹੈ। ਇਸ ਮਹਾਨ ਇਤਿਹਾਸ ਦੇ ਆਰੰਭ ਕਰਨ ਸਮੇਂ ਬੜਾ ਭੈਅ ਲੱਗਦਾ ਸੀ। ਇਹ ਮਹਾਨ ਇਤਿਹਾਸ ਕਿਵੇਂ ਸਿਰ ਚੜੇਗਾ, ਇਹ ਤਾਂ ਅਨਤਾਰੂ ਦੇ ਦਰਿਆ ਤਰਨ ਵਾਲੀ ਗੱਲ ਹੈ ਪਰ ਅੱਜ ਲੱਖ ਲੱਖ ਸ਼ੁਕਰ ਹੈ ਸਤਿਗੁਰਾਂ ਦੀ ਦਿਯਾ ਦ੍ਰਿਸ਼ਟੀ ਦਾ ਮਿੱਠਾ ਫੱਲ ਹੈ ਕਿ ਪੰਜ ਪਿਆਰਿਆਂ ਦਾ ਇਹ ਮਹਾਨ ਇਤਿਹਾਸ ਸੰਪੂਰਨ ਹੋਇਆ ਹੈ।

ਪਹਿਲੀ ਵਾਰ ਭਾਈ ਮੋਹਕਮ ਸਿੰਘ ਦਾ ਜੀਵਨ ਦੁਆਰਕਾ ਤੋਂ ਸ੍ਰੀ ਚਮਕੌਰ ਸਾਹਿਬ ਤਕ ਤੇ 7 ਮਾਰਚ 1679 ਈ: ਤੋਂ ਆਰੰਭ ਕਰਕੇ ਲੜੀਵਾਰ, ਕ੍ਰਮਵਾਰ ਲਿਖ ਕੇ ੮ ਪੋਹ ੧੭੬੧ ਸੰਮਤ 6 ਦਸੰਬਰ 1704 ਤਕ ਕੁੱਲ ਉਮਰ 25 ਸਾਲ 9 ਮਹੀਨੇ ਤੇ ਇੱਕ ਦਿਨ ਵਿਚ ਪੂਰਨ ਕੀਤਾ ਹੈ।

ਇਸ ਵਿਚ ਜਨਮ ਤੋਂ ਬਚਨ ਆਰੰਭ ਕਰਕੇ ਵਿੱਦਿਆ ਪ੍ਰਾਪਤੀ, ਸਮੇਂ ਦੇ ਰਾਜੇ ਯਸ਼ਵੰਤ ਰਾਏ ਦੇ ਦਿਲ ਵਿੱਚ ਗੁਰੂ ਕਲਗੀਧਰ ਦਾ ਪਿਆਰ ਪ੍ਰਗਟ ਕਰਨਾ ਫਿਰ ਸਮੇਂ ਦੇ ਪੰਡਿਤ ਬ੍ਰਾਹਮਣਾਂ ਦੇ ਵਰਨ ਵੰਡ ਦਾ ਮੁਕਾਬਲਾ ਕਰਨਾ ਤੇ ਭਾਈ ਟਿੱਕਾ ਮੱਲ ਸਿੰਘ ਦੇ ਜੱਥੇ ਵਿੱਚ ਆਕੇ ਦਸ਼ਮੇਸ਼ ਪਿਤਾ ਨੂੰ ਪੁਸ਼ਾਕ ਭੇਟਾ ਕਰਨੀ। ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸੇਵਾ ਸਿਦਕ ਪ੍ਰਵਾਨ ਹੋਣਾ, ਮਾਤਾ ਸੰਭਾਲ ਕੌਰ ਤੇ ਪਿਤਾ ਜਗਜੀਵਨ ਸਿੰਘ ਜੀ ਦੀ ਸੇਵਾ ਨਾਲ ਗੁਰੂ ਅਤੇ ਸੰਗਤ ਦੀ ਸੇਵਾ ਕਰਕੇ ਸਭ ਦੀਆਂ ਨਜ਼ਰਾਂ

ਵਿੱਚ ਇੱਕ ਚੰਗੇ ਗੁਰਸਿੱਖ ਪ੍ਰਵਾਨ ਹੋਣਾ ਅਤੇ ਵਿਵਾਹਿਕ ਜੀਵਨ ਵਿਚ ਭਾਈ ਹੰਸਰਾਜ ਸਿੰਘ ਤੇ ਸੱਸ ਮਾਤਾ ਆਗਿਆ ਕੌਰ ਦੀ ਸੇਵਾ ਤੇ ਜੀਵਨ ਸਾਥਣ ਬੀਬੀ ਸੁਖਦੇਵ ਕੌਰ ਨਾਲ ਜੀਵਨ ਨਿਭਾਉਂਦਿਆਂ ਨੇਕ ਸੰਤਾਨ ਬਾਬਾ ਸੁੰਦਰ ਸਿੰਘ ਜੀ, ਭਾਈ ਹੀਰਾ ਸਿੰਘ ਜੀ ਤੇ ਧੀ ਰਤਨਾਗਰ ਕੌਰ ਤਿੰਨ ਬੱਚਿਆਂ ਦੇ ਪਿਤਾ ਬਣ ਕੇ ਖਾਲਸਾ ਪੰਥ ਸਾਜਨਾ ਵਿਚ ਸੀਸ ਭੇਟ ਕਰਨਾ ਪੰਜ ਪਿਆਰਿਆਂ ਵਿੱਚ ਪ੍ਰਵਾਨ ਹੋਣਾ ਕ੍ਰਮਵਾਰ ਆਪ ਜੀ ਪੜ੍ਹੋਗੇ ਤੇ ਮਨ ਪ੍ਰਸੰਨ ਹੋਵੇਗਾ।

ਭਾਈ ਮੋਹਕਮ ਸਿੰਘ ਜੀ ਦਾ ਵਾਰਤਕ ਜੀਵਨ 'ਅਵਰ ਨਾ ਧਿਯਾਊਂ' ਬਹੁਤ ਭਾਰੀ ਖੋਜ ਕਰਕੇ ਇਸ ਰੂਪ ਵਿਚ ਲਿਆਂਦਾ ਹੈ। ਅੱਗੇ ਪਾਠਕ ਵੀਰ ਨੂੰ ਬਹੁਤ ਸਾਰੇ ਧਰਮ ਗ੍ਰੰਥ ਪੜ੍ਹਨ ਤੇ ਇਹ ਗਿਆਨ ਪ੍ਰਾਪਤ ਹੁੰਦਾ ਸੀ। ਉਨ੍ਹਾਂ ਵਿਚ ਕੁਝ ਤਰੁੱਟੀਆਂ ਸਨ ਅਤੇ ਕਿਤੇ ਕਿਤੇ ਗੁਰਮਤਿ ਸਿਧਾਂਤ ਦੇ ਵਿਰੁੱਧ ਗੱਲਾਂ ਲਿਖੀਆਂ ਮਿਲਦੀਆਂ ਸਨ। ਦਾਸ ਨੇ ਯਤਨ ਕੀਤਾ ਹੈ ਕਿ ਗੁਰਮਤਿ ਦੇ ਸਿਧਾਂਤਾਂ ਨੂੰ ਸਾਹਮਣੇ ਰੱਖ ਕੇ ਹਰ ਇਕ ਸਾਖੀ ਤੇ ਇਤਿਹਾਸਕ ਘਟਨਾ ਨੂੰ ਵਿਚਾਰ ਕੇ ਲਿਖਿਆ ਜਾਵੇ। ਬੋਲੀ ਠੇਠ ਪੰਜਾਬੀ ਰੱਖੀ ਹੈ ਤਾਂ ਕਿ ਆਮ ਸ਼ਰਧਾਲੂਆਂ, ਗੁਰਸਿੱਖੀ ਦੇ ਭੌਰਿਆਂ ਨੂੰ ਲਾਭ ਪੁੱਜ ਸਕੇ।

ਭਾਈ ਤਾਰੂ ਸਿੰਘ ਯੂਥ ਕੌਂਸਲ ਗੁਰਪਾਲ ਨਗਰ ਦੇ ਮੁੱਖ ਸੇਵਾਦਾਰ ਭਾਈ ਗੁਰਮੀਤ ਸਿੰਘ ਜਿਨ੍ਹਾਂ ਹਮੇਸ਼ਾ ਹੀ ਪੂਰਨ ਸਹਿਯੋਗ ਦਿਤਾ ਹੈ। ਚਾਹੇ ਕੰਪਿਊਟਰ ਦੀ ਸੇਵਾ, ਚਾਹੇ ਪਰੂਫ ਰੀਡਰਾਂ ਦੀ ਸੇਵਾ ਆਪਣੇ ਵੱਲੋਂ ਮਾਇਕ ਸਹਾਇਤਾ ਵੀ ਦਿੰਦੇ ਹਨ। ਸ. ਮਨਪ੍ਰੀਤ ਸਿੰਘ ਚਾਵਲਾ, ਸ. ਪਰਮਜੀਤ ਸਿੰਘ, ਸ. ਗੁਰਚਰਨ ਸਿੰਘ ਜੀ ਦਾਸ ਨੂੰ ਹਰ ਤਰ੍ਹਾਂ ਨਾਲ ਨਿਵਾਜਦੇ ਹਨ। ਗੁਰਮਤਿ, ਗੁਰ ਇਤਿਹਾਸ ਬਾਰੇ ਕੀਮਤੀ ਵਿਚਾਰਾਂ ਗਿਆਨੀ ਮਨਜਿੰਦਰ ਸਿੰਘ ਸੋਹੀਆ ਕੈਨੇਡਾ ਗਿਆਨੀ ਹਰਜਿੰਦਰ

ਸਿੰਘ ਲੋਹਗੜ੍ਹ ਕੈਨੇਡਾ, ਗਿਆਨੀ ਸ਼ਿਵਦੇਵ ਸਿੰਘ ਜੀ ਕੈਨੇਡਾ ਤੇ ਗਿ: ਗੁਰਦੀਪ ਸਿੰਘ ਜੀ ਕੈਨੇਡਾ ਉੱਤਮ ਵਿਚਾਰਾਂ ਨਾਲ ਇਤਿਹਾਸ ਨੂੰ ਸ਼ਿੰਗਾਰ ਵਿੱਚ ਸਹਿਯੋਗ ਦਿੱਤਾ ਹੈ।

ਪ੍ਰਕਾਸ਼ਕ ਗੁਰਬਾਣੀ ਪ੍ਰਚਾਰ ਸੇਵਾ ਸੈਂਟਰ ਲੁਧਿਆਣਾ, ਜਿਨ੍ਹਾਂ ਨੇ ਹਮੇਸ਼ਾ ਇਤਿਹਾਸਕ ਕਿਤਾਬਾਂ ਛਾਪਕੇ ਮੇਰੇ ਮਨੋਬਲ ਨੂੰ ਉੱਚਾ ਕੀਤਾ। ਸਾਰੇ ਹੀ ਮੈਂਬਰਾਂ ਦਾ ਕੋਟਿ ਕੋਟਿ ਧੰਨਵਾਦ ਹੈ। ਗੁਰਬਾਣੀ ਪ੍ਰਚਾਰ ਸੇਵਾ ਸੈਂਟਰ ਇੱਕ ਧਾਰਮਿਕ ਸੰਸਥਾ ਹੈ। ਇਸਦਾ ਮੁੱਖ ਉਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ, ਸਾਰੀ ਮਨੁੱਖਤਾ ਨੂੰ ਇਕ ਅਕਾਲ ਪੁਰਖ ਦੇ ਲੜ ਲਾਉਣਾ ਅਤੇ ਸਰਬਤ ਦੇ ਭਲੇ ਦੇ ਕਾਰਜ ਕਰਨਾ ਹੈ। ਗੁਰਬਾਣੀ ਦੇ ਗੁਟਕੇ ਤੇ ਇਤਿਹਾਸਕ ਕਿਤਾਬਾਂ ਪ੍ਰਕਾਸ਼ਿਤ ਕਰਨੀਆਂ, ਇਸ ਵਿਚ ਕਿਸੇ ਦਾ ਵੀ ਕੋਈ ਨਿੱਜੀ ਸਵਾਰਥ ਨਹੀਂ ਹੈ। ਕੇਵਲ ਸੇਵਾ ਦੇ ਨਾਤੇ ਹੀ ਇਹ ਸੇਵਾ ਨਿਭਾ ਰਹੇ ਹਨ। ਸੇਵਕ ਦੀ ਅਰਦਾਸ ਹੈ ਪਾਤਸ਼ਾਹ ਸਾਰੇ ਮੈਂਬਰਾਂ ਨੂੰ ਚੜ੍ਹਦੀ ਕਲਾ ਬਖਸ਼ੇ ਜੋ ਇਸੇ ਤਰ੍ਹਾਂ ਗੁਰਮਤਿ ਪ੍ਰਚਾਰ ਕਰਦੇ ਰਹਿਣ ਜੀ।

ਇਕ ਮਨ ਵਿੱਚ ਵਾਰ-ਵਾਰ ਵਿਚਾਰ ਪ੍ਰਗਟ ਹੋ ਰਹੀ ਸੀ ਜਿਥੇ ਪੰਜ ਪਿਆਰਿਆਂ ਨੂੰ ਤਰਤੀਬਵਾਰ ਲਿਖਿਆ ਹੈ ਉਥੇ ਇੱਕ-ਇੱਕ ਪਿਆਰੇ ਨੂੰ ਇੱਕ-ਇੱਕ ਬਾਣੀ ਵੀ ਦਿਤੀ ਜਾਵੇ ਅਰਥਾਂ ਸਮੇਤ ਅਤੇ ਉਸ ਬਾਣੀ ਵਿਚੋਂ ਕਿਤਾਬਾਂ ਨੂੰ ਨਾਮ ਦਿੱਤੇ ਜਾਣ। ਕਿਤਾਬ ਦਾ ਨਾਮ ਚੁਨਣ ਵਿੱਚ ਭਾਈ ਗਗਨਦੀਪ ਸਿੰਘ ਗਰੇਵਾਲ ਜੀ ਨੇ ਸਾਥ ਦੇ ਕੇ ਨਾਮ ਨਿਯੁਕਤ ਕੀਤੇ। ਫਿਰ ਅਰਥਾਂ ਦੀ ਵਾਰੀ ਆਈ ਤਾਂ ਡਾ. ਕੰਵਲਜੀਤ ਸਿੰਘ ਜੀ ਨੇ ਪਟਿਆਲੇ ਤੋਂ ਸਰਦਾਰ ਜਸਵੀਰ ਸਿੰਘ ਦੀ ਡਿਊਟੀ ਲਗਾਈ। ਉਨ੍ਹਾਂ ਨੇ ਸਿੱਖ ਕੌਮ ਦੇ ਮਹਾਨ ਵਿਦਵਾਨ ਅਤੀ ਸਤਿਕਾਰਯੋਗ ਗਿਆਨੀ ਹਰਬੰਸ ਸਿੰਘ ਤੋਂ ਆਗਿਆ ਲੈ ਦਿਤੀ। ਦਾਸ ਇਨ੍ਹਾਂ ਵੀਰਾਂ ਦਾ ਵੀ ਰਿਣੀ ਹੈ ਜਿਨ੍ਹਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਕੀਤੀ।

ਦਾਸ ਨੇ ਹੁਣ ਤਕ ਕਈ ਇਤਿਹਾਸਕ ਕਿਤਾਬਾਂ ਲਿਖੀਆਂ ਹਨ। ਗੁਰਸਿੱਖੀ ਦਾ ਪ੍ਰਚਾਰ ਕਰਨ ਦਾ ਨਿਸ਼ਾਨਾ ਹੈ। ਗੁਰੂ ਕਲਗੀਧਰ ਪਿਤਾ ਮੇਹਰ ਦਾ ਹੱਥ ਸਿਰ ਤੇ ਰਖਣ ਤਾਂ ਕਿ ਇਸੇ ਤਰ੍ਹਾਂ ਸਤਿਗੁਰੂ ਦੇ ਖਾਲਸਾ ਪੰਥ ਦੀ ਸੇਵਾ ਕਰਦਾ ਰਹਾਂ।

ਗੁਰੂ ਪੰਥ ਦਾ ਦਾਸ
ਔਗੁਣ ਭਰਪੂਰ
ਬੇਅੰਤ ਸਿੰਘ ਕਲੇਰਾਂ ਵਾਲੇ

ਦੋ ਸ਼ਬਦ

ਭਾਈ ਬੇਅੰਤ ਸਿੰਘ ਜੀ ਪੰਜਾਬ ਦੇ ਇਤਿਹਾਸ ਵਿਚ ਰੁਚੀ ਰੱਖਣ ਵਾਲਿਆਂ ਲਈ ਕੋਈ ਨਵਾਂ ਨਾਮ ਨਹੀਂ ਹੈ। ਪਹਿਲੀਆਂ ਕਿਤਾਬਾਂ ਵਿੱਚੋਂ ਭਾਈ ਤਾਰੂ ਸਿੰਘ ਪੂਹਲੇ ਦੀ "ਰੰਬੀਆਂ ਨਾਲ ਖੋਪਰ ਲਹਿੰਦੇ ਜਾਂ.....?" ਤਾਂ ਇੰਟਰਨੈਸ਼ਨਲ ਪੱਧਰ ਤੇ ਰੀਲੀਜ਼ ਹੋਈ ਹੈ। ਇਤਿਹਾਸ ਪੜ੍ਹਨ ਵਾਲੇ ਵੀਰਾਂ ਨੇ ਬਹੁਤ ਪਸੰਦ ਕੀਤੀ ਹੈ। ਭਾਈ ਬੇਅੰਤ ਸਿੰਘ ਜੀ ਦੇ ਪਿਤਾ ਗਿਆਨੀ ਹਜਾਰਾ ਸਿੰਘ ਵੈਦ ਭਰਵੇਂ ਜੁੱਸੇ ਤੇ ਲੰਮੇ ਉੱਚੇ ਕੱਦ ਵਾਲੇ ਸਨ। ਜਦੋਂ ਵੀ ਇਤਿਹਾਸਕ ਕਾਨਫਰੰਸਾਂ ਵਿਚ ਵੱਡੇ ਵੱਡੇ ਇਤਿਹਾਸਕਾਰਾਂ ਦੇ ਸਾਹਮਣੇ ਪ੍ਰਚਾਰ ਕਰਦੇ ਸਨ ਤਾਂ ਭਬਕਵੀਂ ਆਵਾਜ਼ ਵਿੱਚ ਤੱਥਾਂ ਨੂੰ ਸੋਧਦੇ ਜਾਂ ਨਵੀਂ ਸੂਚਨਾ ਮੁਹੱਈਆ ਕਰਵਾਉਂਦੇ ਸਨ ਤਾਂ ਵਕਤਾ ਜਨ ਨਿਰੁੱਤਰ ਹੋ ਜਾਂਦੇ ਸੀ ਤੇ ਸਰੋਤੇ ਮੰਤਰ ਮੁੱਗਧ ਹੋ ਜਾਂਦੇ ਸਨ। ਹਰ ਕੋਈ ਉਨ੍ਹਾਂ ਦੇ ਵਸੀਹ ਗਿਆਨ ਘੇਰੇ ਤੇ ਰਸ਼ਕ ਕਰਦਾ ਸੀ। ਇਤਿਹਾਸ ਇਨ੍ਹਾਂ ਦੇ ਪੀੜ੍ਹੀ-ਦਰ-ਪੀੜ੍ਹੀ ਦਾ ਸ਼ੌਕ ਨਹੀਂ, ਬਲਕਿ ਜਿੰਦ-ਜਾਨ ਹੈ।

ਨਵੀਆਂ ਅਤੇ ਪੁਰਾਣੀਆਂ ਕਿਤਾਬਾਂ ਦੀ ਫੋਲਾ-ਫਾਲੀ ਕਰਕੇ ਮਨਪਸੰਦ ਖ਼ਜਾਨੇ ਨੂੰ ਮੂੰਹ ਮੰਗੇ ਦਾਮ ਤੇ ਖਰੀਦਣਾ ਇਨ੍ਹਾਂ ਦਾ ਨਾ ਟਾਲੇ ਜਾ ਸਕਣ ਵਾਲੀ ਆਦਤ ਹੈ। ਕਿਸੇ ਵੀ ਥਾਂ ਤੋਂ ਇਨ੍ਹਾਂ ਨੂੰ ਕਿਸੇ ਦੁਰਲੱਭ ਸਰੋਤ ਦੀ ਸੋਅ ਮਿਲੇ, ਇਹ ਉਸ ਨੂੰ ਹਾਸਲ ਕਰਨ ਲਈ ਕੁਝ ਵੀ ਦੇ ਸਕਦੇ ਹਨ।

ਜਦੋਂ ਭਾਈ ਬੇਅੰਤ ਸਿੰਘ ਜੀ ਕੈਨੇਡਾ ਜਾਂ ਇੰਗਲੈਂਡ, ਅਫਰੀਕਾ, ਕੀਨੀਆ, ਤਜਾਨੀਆ, ਯੂਗਾਂਡਾ, ਕੰਪਾਲਾ, ਜਿਥੇ ਵੀ ਜਾਣ ਪਹਿਲਾਂ ਲਾਇਬ੍ਰੇਰੀ ਲੱਭ ਕੇ ਫਿਰ ਅਰਾਮ ਕਰਦੇ ਹਨ। ਆਪ ਜੀ ਪਾਸ ਇਤਿਹਾਸ ਖੋਜ ਦੀ ਸਹੀ ਸੂਝ ਹੈ ਉਹ

ਜਿਥੇ ਇਤਿਹਾਸ ਦੇ ਲਿਖਿਤ ਸਰੋਤਾਂ ਦੀ ਢੂੰਡ-ਭਾਲ ਕਰਦੇ ਹਨ ਉਥੇ ਸਥਾਨਕ ਰਵਾਇਤਾਂ ਤੋਂ ਵੀ ਇਤਿਹਾਸਕ ਤੱਥਾਂ ਦੀ ਟੋਹ ਲੈਂਦੇ ਹਨ।

ਇਹ ਜੋ ਕਿਤਾਬ ਵਾਰਤਕ ਜੀਵਨ 'ਭਾਈ ਮੋਹਕਮ ਸਿੰਘ ਜੀ' ਦੇ ਜੀਵਨ ਤੇ 'ਅਵਰ ਨਾ ਧਿਆਊਂ' ਆਪ ਜੀ ਦੇ ਹੱਥੇਲੀ ਤੇ ਹੈ। ਦਾਸ ਜਦੋਂ ਖਰੜਾ ਸੋਧ ਰਿਹਾ ਸੀ ਤਾਂ ਪੰਥ ਸਾਜਨਾ ਲੇਖ ਵਿਚ ਪੜ੍ਹਿਆ ਕਿ ਧੰਨ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਆਰਿਆਂ ਨੂੰ ਅੰਮ੍ਰਿਤ ਦਾਤ ਕਿਵੇਂ ਦੇ ਰਹੇ ਸਨ ਫਿਰ ਆਪ ਜੀ ਨੇ ਅੰਮ੍ਰਿਤ ਪ੍ਰਾਪਤ ਕੀਤਾ। ਸੰਸਾਰ ਦੇ ਇਤਿਹਾਸ ਵਿਚ ਇਕ ਅਨੋਖੀ ਘਟਨਾ ਤੱਕੀ, ਜਿਸ ਨੂੰ ਸਮੇਂ ਨੇ ਆਪਣੇ ਹਿਰਦੇ ਉਤੇ ਸਦਾ ਲਈ ਇੰਜ ਉਕਰ ਲਿਆ:

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

(ਦੂਜੇ ਭਾਈ ਗੁਰਦਾਸ ਜੀ)

ਭਾਵ ਗੁਰੂ ਮਹਾਰਾਜ ਗੁਰੂ ਭੀ ਸਨ ਤੇ ਚੇਲਾ ਵੀ, ਪੈਗ਼ੰਬਰ ਵੀ ਤੇ ਪੈਰੋਕਾਰ ਵੀ, ਮੁਰਸ਼ਦ ਵੀ ਤੇ ਮੁਰੀਦ ਵੀ। ਅੱਜ ਤਕ ਗੁਰੂ ਤੇ ਚੇਲਾ ਇਕ ਪੱਧਰ ਤੇ ਨਹੀਂ ਸਨ ਆ ਸਕੇ। ਹੁਣ ਗੁਰੂ ਤੇ ਪੰਥ ਅਭੇਦ ਹੋ ਗਏ। ਇਹ ਆਪਣੀ ਕਿਸਮ ਦਾ ਪਹਿਲਾ ਤੇ ਆਖਰੀ ਦ੍ਰਿਸ਼ ਸੀ ਜੋ ਦੁਨੀਆਂ ਨੇ ਤੱਕਿਆ। ਇਹ ਜਬਰ ਜ਼ੁਲਮ ਕਰਨ ਵਾਲਿਆਂ ਨੂੰ ਵੰਗਾਰ ਸੀ ਤੇ ਕਰੋੜਾਂ ਦੀ ਗਿਣਤੀ ਵਿਚ ਗੁਲਾਮੀ ਦੀ ਚੱਕੀ ਵਿਚ ਪਿਸ ਰਹੀ ਮਨੁੱਖਤਾ ਨੂੰ ਸਾਹਸ ਭਰੀ ਲਲਕਾਰ ਸੀ। ਖੰਡੇ ਦੀ ਪਾਹੁਲ ਲੈਣੀ ਤੇ ਸਿੰਘ ਸੱਜ ਜਾਣਾ।

ਅਜੋਕੇ ਸਮੇਂ ਵਿਚ ਐਸੀਆਂ ਕਿਤਾਬਾਂ ਦੀ ਕੌਮ ਨੂੰ ਬਹੁਤ ਲੋੜ ਹੈ। ਕੌਣ ਕਹਿੰਦਾ ਹੈ ਕਿ ਇਤਿਹਾਸਕ ਰਚਨਾ ਵਿਚ ਨਿੱਜਤਵ ਮਨਫ਼ੀ ਹੋ ਸਕਦਾ ਹੈ? ਪਰ ਸਾਨੂੰ ਮਾਣ ਹੈ ਕਿ ਸਾਡੀ ਇਸ ਰਚਨਾ ਵਿਚ ਭਾਈ ਬੇਅੰਤ ਸਿੰਘ ਜੀ ਦਾ ਨਿਰਛਲ, ਨਿਰਕਪਟ, ਅਣਖੀਲਾ ਤੇ ਹਰ ਦਮ ਕੌਮ ਦਾ ਭਲਾ ਸੋਚਣ ਵਾਲਾ, ਸੱਚੋ ਸੱਚ ਨਿੱਜ ਹਾਜ਼ਰ ਹੈ। ਇਸ ਤੋਂ ਪ੍ਰੇਰਨਾ ਲੈ ਕੇ ਕੌਮ ਆਪਣਾ ਭਵਿੱਖ

ਨਾ ਸੰਵਾਰ ਸਕੇ ਤਾਂ ਸਾਡੇ ਮੰਦੇ ਭਾਗ ਹਨ।

ਇਸ ਕਿਤਾਬ ਦੇ ਨਾਲ-ਨਾਲ ਬਾਕੀ ਪਿਆਰਿਆਂ ਦੇ ਜੀਵਨ ਵੀ ਭਾਈ ਸਾਹਿਬ ਨੇ ਕਮਾਲ ਦੇ ਲਿਖੇ ਹਨ। ਭਾਈ ਦਇਆ ਸਿੰਘ ਜੀ ਦੇ ਜੀਵਨ ਤੇ 'ਦਇਆ ਕਾ ਪੂਤ', ਭਾਈ ਧਰਮ ਸਿੰਘ ਜੀ ਦੇ ਜੀਵਨ 'ਧਰਮ ਧਾਮ' ਤੇ ਭਾਈ ਹਿੰਮਤ ਸਿੰਘ ਜੀ ਦੇ ਜੀਵਨ ਤੇ 'ਰਾਜ ਕਰੈਂਗੇ' ਤੇ ਭਾਈ ਸਾਹਿਬ ਸਿੰਘ ਜੀ ਦੇ ਜੀਵਨ ਤੇ 'ਸਿਰੁ ਸਉਪੀਐ' ਤੇ ਜੋ ਕਿਤਾਬ ਆਪ ਜੀ ਦੇ ਹੱਥਾਂ ਦਾ ਸ਼ਿੰਗਾਰ ਬਣ ਰਹੀ ਹੈ। ਭਾਈ ਮੋਹਕਮ ਸਿੰਘ ਜੀ ਦਾ ਵਾਰਤਕ ਜੀਵਨ ਕੁੱਲ ਉਮਰ 25 ਸਾਲ 9 ਮਹੀਨੇ 1 ਦਿਨ ਦੀ ਗਾਥਾ 'ਅਵਰ ਨਾ ਧਜਾਊਂ' ਤੇ ਬਾਕੀ ਕਿਤਾਬਾਂ ਭਾਈ ਬੇਅੰਤ ਸਿੰਘ ਜੀ ਨੇ ਗੁਣੀ ਗਿਆਨੀਆਂ ਅਤੇ ਵਿਦਵਾਨਾਂ ਦੀ ਲੋੜ ਨੂੰ ਅਨੁਭਵ ਕਰਦਿਆਂ ਲਿਖੀਆਂ ਹਨ। ਵਿਦਵਾਨ ਸੱਜਣ ਇਸ ਪੁਸਤਕ ਨੂੰ ਪੜ੍ਹਕੇ ਵਿਚਾਰ ਕੇ ਸੰਗਤਾਂ ਨੂੰ ਲਾਭ ਪਹੁੰਚਾਉਣ ਦਾ ਯਤਨ ਕਰਨ ਤਾਂ ਕਿ ਜੀਵਨ ਦੇ ਸਹੀ ਮਾਰਗ 'ਚ ਪੈ ਕੇ ਮਨੁੱਖ ਦੇਹ ਸਫਲ ਕਰ ਸਕਣ ਜੀ।

ਸ਼ੁੱਭ ਇੱਛਾ ਨਾਲ
ਗਿਆਨੀ ਮਨਜਿੰਦਰ ਸਿੰਘ ਸੋਹੀਆ
ਓਨਟਾਰੀਓ, ਟੋਰਾਂਟੋ ਕੈਨੇਡਾ।

ਇਹ ਖੋਜ ਕਿਵੇਂ ਹੋਈ?

ਇਸ ਮਹਾਨ ਇਤਿਹਾਸ ਦੀ ਖੋਜ ਕਿਵੇਂ ਅਰੰਭ ਹੋਈ, ਲੇਖਕ ਦਾ ਜਨਮ ਅਸਥਾਨ ਪਿੰਡ ਅਮਰਗੜ੍ਹ ਕਲੇਰ ਹੈ। ਜਿਸ ਨਗਰ ਨੂੰ ਮਹਾਨ ਪੂਰਨ ਰਿਖੀ ਸੰਤ ਬਾਬਾ ਨੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਹ ਨਗਰ ਸੰਸਾਰ ਪ੍ਰਸਿੱਧ ਹੋਇਆ, ਮਹਾਨ ਪੁਰਸ਼ਾਂ ਦੀ ਚਰਨ ਧੂੜ ਪਰਸ ਕੇ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਕਹਾਇਆ ਪਿਆਰ ਦਿਤਾ।

ਇਹ ਗੱਲ ਲੱਗਭਗ ਸੰਨ 2001-02 ਦੀ ਹੈ, ਮੇਰੇ ਕੋਲ ਜਿਹੜੀ ਗੱਡੀ ਸੀ 'ਕਨਟੈਸਾ' ਉਸ ਦੀ ਨਜ਼ਰ ਲਾਇਟ ਕਮਜ਼ੋਰ ਸੀ ਤੇ ਸ਼ਾਮਾਂ ਢੱਲ ਰਹੀਆਂ ਸਨ ਤੇ ਲੌਡਾ ਵੇਲਾ ਸਮਾਪਤ ਹੁੰਦਾ ਜਾ ਰਿਹਾ ਸੀ। ਮਨ ਵਿਚ ਕਾਹਲੀ ਸੀ ਕਿ ਜਲਦੀ ਜਲਦੀ ਪੂਰਨ ਅੰਧੇਰਾ ਹੋਣ ਤੋਂ ਪਹਿਲਾਂ ਲੁਧਿਆਣੇ ਘਰ ਪਹੁੰਚ ਜਾਵਾਂ।

ਪਰ ਰਸਤੇ ਵਿੱਚ ਜਗਰਾਓਂ ਭਾਈ ਸਾਹਿਬ ਭਾਈ ਗਿਆਨ ਸਿੰਘ ਜੀ ਨੂੰ ਮਿਲਣਾ ਵੀ ਜ਼ਰੂਰੀ ਸੀ ਤਾਂ ਮੈਂ ਉਨ੍ਹਾਂ ਦੇ ਘਰ ਪਹੁੰਚਿਆ। ਤਾਂ ਪਤਾ ਲੱਗਾ ਬੀਬੀ ਸਤਵੰਤ ਕੌਰ ਕੋਲੋਂ ਕਿ ਭਾਈ ਸਾਹਿਬ ਤਾਂ ਨਗਰ ਕੀਰਤਨ ਵਿਚ ਸ਼ਮੂਲੀਅਤ ਕਰ ਰਹੇ ਸਨ। ਨਗਰ ਕੀਰਤਨ ਸੰਪੂਰਨ ਹੋ ਗਿਆ ਹੈ। ਤੁਸੀ ਬੈਠੋ ਅੱਨਜਲ ਛੱਕੋ, ਬਸ ਹੁਣੇ ਹੀ ਪਹੁੰਚਣ ਵਾਲੇ ਹਨ। ਤੁਸੀ ਮਿਲ ਕੇ ਚਲੇ ਜਾਣਾ। ਮੇਰੀ ਮਜਬੂਰੀ ਲਾਈਟ ਦਾ ਘੱਟ ਉਨ੍ਹਾਂ ਨੂੰ ਨਹੀਂ ਪਤਾ ਸੀ। ਇਸ ਵਾਸਤੇ ਭੈਣ ਜੀ ਨੇ ਚਾਹ ਪਿਲਾ ਦਿਤੀ ਪਰ ਗਿਆਨੀ ਜੀ ਫਿਰ ਨਾ ਆਏ।

ਮੈਂ ਕੁਝ ਸਮਾਂ ਇੰਤਜਾਰ ਕਰਕੇ ਜਿਥੇ ਨਗਰ ਕੀਰਤਨ ਸਮਾਪਤ ਹੋਇਆ ਸੀ ਉਥੇ ਪਹੁੰਚ ਗਿਆ ਤਾਂ ਕੀ ਵੇਖਿਆ, ਪੰਜ ਪਿਆਰੇ ਜਿਵੇਂ ਕਿਸੇ ਬਜਰ ਕੁਰੈਹਤ ਕਰਨ ਵਾਲੇ ਨੂੰ

ਘੂਰਦੇ ਹਨ, ਉਸੇ ਤਰ੍ਹਾਂ ਪ੍ਰਧਾਨ ਤੇ ਸੈਕਟਰੀ ਨੂੰ ਘੂਰ ਘੂਰ ਕੇ ਵੇਖ ਰਹੇ ਸਨ, ਤੇ ਕਹਿ ਰਹੇ ਸਨ ਬਦਾਮਾਂ ਵਾਲਾ ਦੁੱਧ, ਸੇਵ ਤੇ ਸਮੋਸੇ ਉਹ ਸੰਗਤਾਂ ਨੇ ਦਿਤੇ ਹਨ। ਸੰਗਤਾਂ ਦੀ ਸੇਵਾ ਤੁਸੀ ਆਪਣੇ ਵੱਲੋਂ ਨਾ ਆਖੋ ਤੇ ਦੋ ਡਿਊਟੀ ਦੇ ਹਿਸਾਬ ਨਾਲ ਡੇਢ ਸੌ ਰੁਪਿਆ ਬਣਦਾ ਹੈ ਦੇਵੋ ਤੇ ਅਸੀ ਆਪਣੇ ਘਰ ਨੂੰ ਜਾਈਏ।

ਹੋਇਆ ਕੁੱਝ ਇੰਜ ਕਿ ਇਸ ਤਰੀਕ ਤੇ ਨਗਰ ਕੀਰਤਨ ਹੋਰ ਵੀ ਕਈ ਥਾਵਾਂ ਤੇ ਨਿਕਲਣੇ ਸਨ। ਇਸ ਵਾਸਤੇ ਪ੍ਰਬੰਧਕ ਵੀਰਾਂ ਨੇ ਦੌੜ ਭੱਜ ਤਾਂ ਕੀਤੀ ਪਰ ਪੰਜ ਪਿਆਰੇ ਨਾ ਮਿਲੇ ਤਾਂ ਆਖਰ ਗੱਲ ਗ੍ਰੰਥੀ ਤੇ ਮੁੱਕਦੀ ਹੈ। ਉਸ ਨੂੰ ਕਿਹਾ ਗਿਆ ਤਾਂ ਗ੍ਰੰਥੀ ਨੇ ਪੰਜ ਅਖੰਡ ਪਾਠੀਆਂ ਨਾਲ ਗੱਲ ਕੀਤੀ ਕਿ ਤੁਹਾਨੂੰ ਦੋ ਘੰਟੇ ਪਾਠ ਦੀ ਡਿਓਟੀ ਦਾ ਅਸੀਂ 75 ਰੁਪਏ ਦਿੰਦੇ ਹਾਂ ਤੁਸੀ ਪੰਜ ਪਿਆਰੇ ਬਣ ਕੇ ਜਲੂਸ ਦੀ ਅਗਵਾਈ ਕਰੋ ਤੁਹਾਨੂੰ ਮੈਂ ਸੌ ਰੁਪਿਆ ਪ੍ਰਬੰਧਕਾਂ ਤੋਂ ਦਿਵਾ ਦੇਵਾਂਗਾ। ਉਨ੍ਹਾਂ ਹਾਂ ਕੀਤੀ ਜਲੂਸ ਘੰਟਾ ਚਲਦਾ ਲੇਟ ਹੋ ਗਿਆ। ਘੰਟਾ ਵਾਪਸ ਆਉਂਦਿਆਂ ਲੇਟ ਹੋ ਗਿਆ। ਦੋ ਘੰਟੇ ਦੀ ਬਜਾਏ ਚਾਰ ਘੰਟੇ ਲੱਗ ਗਏ, ਹੁਣ ਪਾਠੀ ਸਿੰਘ ਆਖਣ ਡੇਢ ਸੌ ਰੁਪਿਆ ਦੇਵੋ ਪ੍ਰਬੰਧਕ ਕਹਿਣ ਸੌ ਰੁਪਿਆ 'ਚ ਗੱਲ ਹੋਈ ਹੈ। ਰਸਤੇ ਵਿਚ ਸੇਵ, ਫੱਲ, ਦੁੱਧ, ਬਦਾਮ ਦਿਤੇ ਹਨ, ਉਹ ਵੀ ਕਿਰਾਏ ਵਿਚ ਜੋੜੋ, ਬਸ ਇਸ ਕਿਰਾਏ ਦੇ ਪੰਜ ਪਿਆਰਿਆਂ ਤੋਂ ਮੇਰੇ ਮਨ ਵਿਚ ਵਿਚਾਰ ਦਾ ਭੁਚਾਲ ਆ ਗਿਆ।

ਅੰਧੇਰ ਸਾਈਂ ਦਾ ਤਿੰਨ ਸੌ ਸਾਲ ਬਾਅਦ 1699-1999 ਵੀ ਪੰਜ ਪਿਆਰੇ ਕਿਰਾਏ ਤੇ ਲੈ ਕੇ ਜਲੂਸ ਕੱਢਿਆ ਹੈ ਸਿੰਘਾਂ ਦੀ ਕੌਮ ਦਾ। ਆਉਣ ਵਾਲੇ ਸਮੇਂ ਵਿਚ ਸਾਡਾ ਕੀ ਹਾਲ ਹੋਵੇਗਾ?

ਥੋੜਾ ਸਮਾਂ ਰੁਕ ਕੇ ਮੈਂ ਲੁਧਿਆਣੇ ਨੂੰ ਚਲਿਆ। ਵਾਰ

ਵਾਰ ਉਹੀ ਦ੍ਰਿਸ਼ ਪੰਜ ਪਿਆਰਿਆਂ ਦਾ ਨੇਤਰ ਸਾਹਮਣੇ ਆਈ ਜਾ ਰਹੇ ਸਨ।

ਪਿਆਰੇ ਪਾਠਕ ਵੀਰੋ! ਜਦੋਂ ਅਸੀਂ ਅੱਜ ਆਪਣੀ ਕੌਮ ਵੱਲ ਨਜ਼ਰ ਪਾਉਂਦੇ ਹਾਂ ਤਾਂ ਧਰਮ ਪ੍ਰਚਾਰ ਕਮੇਟੀਆਂ, ਚਾਹੇ ਗੁਰਦਵਾਰਾ ਸਿੰਘ ਸਭਾ ਲਹਿਰ ਹੋਵੇ, ਚਾਹੇ ਕੋਈ ਸੰਪ੍ਰਦਾ ਹੋਵੇ, ਟਕਸਾਲ ਹੋਵੇ, ਚਾਹੇ ਕੋਈ ਸੰਤ ਸਾਧੂਆਂ ਦੇ ਡੇਰੇ ਵਾਲੇ ਹੋਣ ਜਿਸ ਨੂੰ ਪੁੱਛੋ ਕੋਈ ਪੰਜ ਲੱਖ, ਕੋਈ ਸੱਤ ਲੱਖ ਤੇ ਕੋਈ ਦਸ ਲੱਖ ਤੋ ਘੱਟ ਗੱਲ ਨਹੀਂ ਕਰਦਾ। ਜੇ ਸਭ ਦੀ ਗਿਣਤੀ ਜੋੜ ਲਈਏ ਤਾਂ ਅੱਧੀ ਦੁਨੀਆਂ ਅੰਮ੍ਰਿਤਧਾਰੀ ਹੋ ਚੁੱਕੀ ਹੈ। ਪਰ ਸਾਡੀ ਹਾਲਤ ਇਹ ਹੈ ਕਿ ਤਿੰਨ ਸੋ ਤਿੰਨ ਸਾਲ ਬਾਅਦ ਪੰਜ ਪਿਆਰੇ ਕਿਰਾਏ ਤੇ ਲੈ ਕੇ ਕੌਮ ਦਾ ਜਲੂਸ ਕੱਢਦੇ ਹਾਂ।

ਸਾਨੂੰ ਚੰਗੇ ਨਾਮ ਅਭਿਆਸੀ ਰਹਿਤ ਬਹਿਤ ਦੇ ਪੂਰੇ ਪੰਜ ਪਿਆਰੇ ਨਗਰ ਕੀਰਤਨ ਕਰਨ ਵਾਸਤੇ ਨਹੀਂ ਲੱਭਦੇ? ਜਿਹੜੇ ਨਿਸ਼ਕਾਮ ਸੇਵਾ ਨੂੰ ਪਿਆਰ ਨਾਲ ਤੇ ਸਤਿਕਾਰ ਨਾਲ ਨਿਭਾ ਸਕਣ। ਜਦੋਂ ਤੁਸੀਂ ਕਿਸੇ ਨਗਰ ਕੀਰਤਨ ਦੀ ਅਰੰਭਤਾ ਸਮੇਂ ਜਾਵੋਗੇ ਤਾਂ ਪੁੱਛੋਗੇ ਪੰਜ ਪਿਆਰੇ ਕਿਥੇ ਹਨ ਤਾਂ ਅੱਗੋਂ ਪ੍ਰਬੰਧਕ ਤੁਹਾਨੂੰ ਇਹੀ ਜਵਾਬ ਦੇਣਗੇ - ਰੁਕੋ ਜੀ, ਪੰਜ ਪਿਆਰੇ ਕਪੜੇ ਬਦਲ ਕੇ ਸ਼ਸਤਰ ਸਜਾਉਣ ਗਏ ਹਨ?

ਤੁਸੀ ਕਈ ਵਾਰੀ ਇਹ ਵੀ ਕਹਿੰਦਿਆਂ ਸੁਣਿਆ ਹੋਵੇਗਾ, ਸਰਦਾਰ ਫਲਾਣਾ ਸਿੰਘ ਜੀ ਹੁਣ ਤੁਸੀਂ ਪੰਜ ਪਿਆਰਿਆਂ ਵਿਚ ਦਾਖ਼ਲ ਹੋ ਗਏ ਹੋ ਬਸ ਹੁਣ ਬਾਕੀ ਦੇ ਗੰਦੇ ਕੰਮ ਛੱਡ ਦੇਵੋ? ਅੱਗੋ ਉਹ ਵੀ ਕੋਈ ਘੱਟ ਨਹੀਂ ਹੁੰਦਾ ਕਹਿੰਦਾ ਹਮੇਸ਼ਾਂ ਥੋੜਾ ਪੀਦਾਂ ਹਾਂ, ਆਏ ਗਏ ਤੋਂ ਲੈਣੀ ਪੈਂਦੀ ਹੈ ਤੇ ਆਇਆ ਗਿਆ ਰੋਜ਼ ਹੀ ਹੁੰਦਾ ਹੈ।

ਇਕ ਵਾਰੀ ਇਕ ਸੰਤ ਜੀ ਅੰਮ੍ਰਿਤ ਛਕਾ ਰਹੇ ਸਨ ਵੱਡੀ ਗਿਣਤੀ ਵੇਖਕੇ ਪਹਿਲੇ ਮਨ ਪ੍ਰਸੰਨ ਹੋਇਆ। ਪਰ ਜਦੋਂ ਇਕ

ਸੱਠ-ਪੈਂਠ ਸਾਲ ਦੇ ਬਾਬੇ ਨੂੰ ਬੇਨਤੀ ਕੀਤੀ ਕਿ ਬਾਬਾ ਜੀ, ਤੁਸੀ ਪਹਿਲੀ ਵਾਰੀ ਅੰਮ੍ਰਿਤਪਾਨ ਕਰ ਰਹੇ ਹੋ ਬੜਾ ਲੇਟ ਸਮਾਂ ਮਿਲਿਆ ਤਾਂ ਅਗੋਂ ਬਾਬਾ ਜੀ ਦਾ ਜਵਾਬ ਸੀ, ਅੰਮ੍ਰਿਤ ਤਾਂ ਪਹਿਲੇ ਵੀ ਛਕਿਆ ਹੈ। ਮੈਂ ਬੇਨਤੀ ਕੀਤੀ, ਕੋਈ ਕੁਰਿਹਤ ਹੋ ਗਈ ਹੈ, ਕਹਿੰਦਾ ਨਹੀਂ-ਨਹੀਂ ਸੰਤਾਂ ਵੱਲੋਂ ਹੁਕਮ ਹੈ ਕਿ ਸ਼ਰਾਬ ਵਾਰ ਵਾਰ ਪੀਣੀ ਮਾੜੀ ਹੈ, ਅੰਮ੍ਰਿਤ ਵਾਰ ਵਾਰ ਪੀਣਾ ਚੰਗਾ ਹੈ। ਫਿਰ ਵੱਡੀ ਗਿਣਤੀ ਸੁਣ ਕੇ ਆਮ ਲੋਕਾਂ ਨੂੰ ਲੱਗਦਾ ਹੈ ਕਿ ਸੰਤ ਜੀ ਵੱਡੇ ਹ਼ਨ ਤੇ ਵੱਡੇ ਸੰਤਾਂ ਕੋਲੋਂ ਅਸੀਂ ਵੀ ਅੰਮ੍ਰਿਤ ਛੱਕ ਲਈਏ ਤੇ ਸਾਨੂੰ ਵੇਖਕੇ ਕਈ ਵੇਖਾ ਵੇਖੀ ਅੰਮ੍ਰਿਤ ਛੱਕ ਲੈਂਦੇ ਹਨ ਇਸ ਕਰਕੇ ਮੈਂ ਸਭ ਥਾਂ ਤੇ ਨਾਮ ਲਿਖਾ ਦਿੰਦਾ ਹਾਂ।

ਜਦੋਂ ਕੌਮਾਂ ਵਿਚ ਐਸੀਆਂ ਗਿਰਾਵਟਾਂ ਆ ਜਾਣ ਤਾਂ ਉਹ ਕੌਮਾਂ ਅਗੇ ਵੱਧਣ ਦੀ ਬਜਾਏ ਪਿਛਾਹਾਂ ਨੂੰ ਆਉਣ ਲੱਗ ਪੈਂਦੀਆਂ ਹਨ। ਇਹ ਸਭ ਕੁਝ ਵੇਖਕੇ ਵਿਚਾਰ ਪ੍ਰਗਟ ਹੋਈ ਸਾਡੇ ਅੰਮ੍ਰਿਤ ਵਿਚ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਵਿਚ ਕੀ ਫਰਕ ਹੈ। ਕੀ ਸਾਡੇ ਗੁਰੂ ਸਾਹਿਬ ਜੀ ਨੇ ਸਾਨੂੰ ਇਸ ਤਰ੍ਹਾਂ ਦਾ ਅੰਮ੍ਰਿਤ ਦਿੱਤਾ ਸੀ ਤੇ ਪੰਜ ਪਿਆਰੇ ਇਸ ਤਰ੍ਹਾਂ ਦੇ ਦਿਤੇ ਸਨ?

ਇਥੋਂ ਮੇਰੀ ਗੁਰੂ ਇਤਿਹਾਸ ਦੀ ਖੋਜ ਆਰੰਭ ਹੋਈ, ਜਿਵੇਂ ਜਿਵੇਂ ਇਤਿਹਾਸ ਨੂੰ ਖੋਜਿਆ ਤਿਵੇਂ ਤਿਵੇਂ ਹੈਰਾਨਗੀ ਦੀ ਹੱਦ ਨਾ ਰਹੀ। ਫਿਰ ਇਸ ਕਿਤਾਬ ਦਾ ਆਗਾਜ ਲਿਖਣਾ ਆਰੰਭ ਹੋਇਆ। ਇਸ ਕਿਤਾਬ ਨੂੰ ਸੰਪੂਰਨ ਰੂਪ ਦੇਣ ਵਿਚ ਦੱਸ ਸਾਲ ਦਾ ਸਮਾਂ ਲੱਗਿਆ ਤੇ ਭਾਰੀ ਮਿਹਨਤ ਦੇ ਨਾਲ ਅੱਜ ਪਾਠਕ ਵੀਰਾਂ ਦੇ ਕਰ ਕਮਲਾਂ ਵਿਚ ਆਈ ਹੈ।

ਜਦੋਂ ਤੁਸੀ ਇਸ ਕਿਤਾਬ ਨੂੰ ਪੜੋਗੇ ਤਾਂ ਆਪ ਜੀ ਦਾ ਮਨ ਵੀ ਹੈਰਾਨ ਹੋਵੇਗਾ ਇਤਨਾ ਕੀਮਤੀ ਇਤਿਹਾਸ ਤੋਂ ਅਸੀ ਹੁਣ ਤਕ ਵਾਂਜੇ ਰਹੇ। ਪੰਜ ਪਿਆਰਿਆਂ ਦੇ ਦਾਦਾ ਦਾਦੀ, ਮਾਤਾ-ਪਿਤਾ, ਚਾਚੇ-ਚਾਚੀਆਂ, ਮਾਮੇ-ਮਾਮੀਆਂ ਫਿਰ ਸੋਹਰੇ ਪਰਿਵਾਰ

ਫਿਰ ਸੰਤਾਨ ਨੇ ਸੰਸਾਰ ਵਿਚ ਕਿਤਨੀਆਂ ਨੇਕੀਆਂ ਖਟੀਆਂ।

ਇਹ ਪੰਜ ਪਿਆਰੇ ਸੰਨ 1699 ਵੈਸਾਖੀ ਵਾਲੇ ਦਿਨ ਨਹੀਂ ਆਏ ਉਸ ਤੋਂ ਪਹਿਲੇ ਕੋਈ 4 ਸਾਲ, ਕੋਈ 5 ਸਾਲ, ਕੋਈ 18 ਤੇ 21 ਸਾਲ ਤੋਂ ਵੀ ਪਹਿਲਾ ਆਏ ਸਨ। ਜਿਨ੍ਹਾਂ ਨੇ ਗੁਰਮਤਿ ਦੀ ਪੜਾਈ ਕੀਤੀ ਫਿਰ ਸਿੱਖੀ ਵਿਚ ਪ੍ਰਵਾਨ ਹੋਏ।

ਪਹਿਲੇ ਵਿਚਾਰ ਸੀ ਕਿ ਪੰਜ ਪਿਆਰਿਆਂ ਦੀ ਇਕ ਕਿਤਾਬ ਲਿਖੀ ਜਾਵੇ, 'ਨਿਆਰੇ ਪੰਜ ਪਿਆਰੇ', ਪਰ ਕਿਤਾਬ ਦਾ ਅਕਾਰ ਬਹੁਤ ਵੱਡਾ ਦੇਖ ਕੇ ਪਾਠਕ ਵੀਰ ਡਰ ਜਾਂਦੇ ਹਨ ਤੇ ਹਰ ਪਾਠਕ ਖਰੀਦ ਵੀ ਨਹੀਂ ਸਕਦਾ। ਫਿਰ ਗੁਰਬਾਣੀ ਪ੍ਰਚਾਰ ਸੇਵਾ ਸੈਂਟਰ ਦੇ ਵੀਰਾਂ ਵੱਲੋਂ ਤੇ ਕੁਝ ਪਾਠਕ ਵੀਰਾਂ ਵੱਲੋਂ ਹੁਕਮ ਹੋਇਆ ਕਿ ਛੋਟੇ ਛੋਟੇ ਅਕਾਰ ਵਿਚ ਪੰਜ ਪਿਆਰਿਆਂ ਨੂੰ ਨਵੇਂ ਨਾਮ ਦੇ ਕੇ ਪਾਠਕਾਂ ਤਕ ਪਹੁੰਚਾਈਆਂ ਜਾਣ, ਨਾਲ ਇਕ ਇਕ ਬਾਣੀ ਅਰਥਾਂ ਸਮੇਤ ਲਿਖੀ ਜਾਵੇ। ਫਿਰ ਪੰਥ ਪ੍ਰਵਾਨ ਲੜੀ ਪੰਜ ਪਿਆਰਿਆਂ ਦੀ ਫਿਰ ਪੰਜ ਬਾਣੀਆਂ ਦੀ ਫਿਰ ਉਨ੍ਹਾਂ ਬਾਣੀਆਂ 'ਚੋਂ ਹੀ ਨਾਮ ਦਿਤੇ ਜਾਣ।

ਜਿਵੇਂ ਭਾਈ ਦਇਆ ਸਿੰਘ ਜੀ ਦੇ ਹਿੱਸੇ ਪਹਿਲੀ ਬਾਣੀ ਜਪੁਜੀ ਸਾਹਿਬ 'ਚੋਂ ਨਾਮ ਦਿਤਾ ਗਿਆ। ਧੌਲ ਧਰਮ, 'ਦਇਆ ਕਾ ਪੂਤੁ', ਇਸੇ ਤਰ੍ਹਾਂ ਭਾਈ ਧਰਮ ਸਿੰਘ ਜੀ ਦੇ ਹਿੱਸੇ ਬਾਣੀ ਆਈ ਜਾਪ ਸਹਿਬ ਚੋਂ 'ਧਰਮ ਧਾਮ', ਸੁ ਭਰਮ ਰਹਿਤ ਤੇ ਭਾਈ ਹਿੰਮਤ ਸਿੰਘ ਜੀ ਦੇ ਬਾਣੀ ਆਈ ਤ੍ਵਪ੍ਰਸਾਦਿ ਸ੍ਵਯੇ 'ਚੋਂ ਨਾਮ ਲਿਆ ਗਿਆ ਜੌ ਤਿਲੋਕ ਕੋ 'ਰਾਜ ਕਰੈਂਗੇ'। ਫਿਰ ਭਾਈ ਮੋਹਕਮ ਸਿੰਘ ਦੀ ਬਾਣੀ ਹੈ ਕਬਯੋ ਬਾਚ ਬੇਨਤੀ ਚੌਪਈ, 'ਚੋਂ ਨਾਮ ਲਿਆ ਗਿਆ, ਤੁਮਹਿ ਛਾਡਿ ਕੋਈ, 'ਅਵਰ ਨ ਧਯਊਂ'। ਜੋ ਕਿਤਾਬ ਆਪ ਜੀ ਦੇ ਹੱਥਾਂ ਦਾ ਸ਼ਿੰਗਾਰ ਬਣ ਰਹੀ ਹੈ ਇਹ ਭਾਈ ਮੋਹਕਮ ਸਿੰਘ ਜੀ ਦਾ ਜੀਵਨ ਹੈ। ਭਾਈ ਸਾਹਿਬ ਸਿੰਘ ਦੇ ਹਿੱਸੇ ਬਾਣੀ ਆਈ ਹੈ ਸ੍ਰੀ ਅਨੰਦ ਸਾਹਿਬ 'ਚੋਂ ਨਾਮ

ਲਿਆ ਗਿਆ, ਐਸਾ ਸਤਿਗੁਰੁ ਜੇ ਮਿਲੇ, ਤਿਸਨੋ 'ਸਿਰੁ ਸਉਪੀਐ'।

ਹੁਣ ਇਹ ਕਿਤਾਬਾਂ ਪੰਜ ਪਿਆਰਿਆਂ ਦੀਆਂ ਪੰਜ ਅਕਾਰ ਵਿਚ ਹੋਣਗੀਆਂ ਤੇ ਸਭ ਤੋਂ ਅਖੀਰ ਵਿਚ ਪੰਜ ਪਿਆਰਿਆਂ ਦੀ ਇਕ ਕਿਤਾਬ ਵੀ ਛਪੇਗੀ 'ਨਿਆਰੇ ਪੰਜ ਪਿਆਰੇ' ਇਹ ਛੇ ਕਿਤਾਬਾਂ ਦਾ ਸੈਟ ਥੋੜੇ ਸਮੇਂ ਵਿਚ ਆਪ ਜੀ ਤਕ ਪਹੁੰਚੇਗਾ।

ਔਗੁਣਾ ਭਰਪੂਰ
(ਦਾਸ) ਬੇਅੰਤ ਸਿੰਘ
ਕਲੇਰਾਂ ਵਾਲੇ

ਤੁਮਹਿ ਛਾਡਿ ਕੋ

ਅਵਰ ਨਾ ਧਿਯਾਊਂ

ਜੋ ਬਰ ਚਹੋਂ ਸੁ ਤੁਮ ਤੇ ਪਾਊਂ

ਅਰਥ: ਬੇਨਤੀ - ਹੇ ਅਕਾਲ ਪੁਰਖ ਜੀਓ, ਕਿਰਪਾ ਕਰੋ ਮੈਂ ਤੁਹਾਨੂੰ ਛੱਡ ਕੇ ਹੋਰ ਕਿਸੇ ਨੂੰ ਨਾ ਧਿਆਵਾਂ, ਜਿਹੜਾ ਵਰ ਭੀ, ਚਾਹਵਾਂ ਉਹ ਤੁਹਾਡੇ ਪਾਸੋਂ ਪ੍ਰਾਪਤ ਕਰਾਂ।

ਨੋਟ: ਇਹ ਨਾਮ 'ਕਬਿਯੋ ਬਾਚ ਬੇਨਤੀ' ਚੌਪਈ ਸਾਹਿਬ ਦੀ ਪੰਗਤੀ ਹੈ। ਚੌਪਈ ਸਾਹਿਬ ਦੀ ਚੌਥੀ ਪਉੜੀ ਹੈ ਅਤੇ ਦਸਮ ਗ੍ਰੰਥ ਸਾਹਿਬ 'ਚ ੩੯੦ਵੀਂ। ਇਹ ਰਚਨਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਹੈ।

ਵਾਰਤਕ ਜੀਵਨ ਭਾਈ ਮੋਹਕਮ ਸਿੰਘ ਜੀ
7 ਮਾਰਚ ਸੰਨ 1679 ਈ: ਤੋਂ 6 ਦਸੰਬਰ 1704 ਈ: ਤੱਕ
ਦੁਆਰਕਾ ਤੋਂ ਸ੍ਰੀ ਚਮਕੌਰ ਸਾਹਿਬ ਤੱਕ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੰਸਾਰ ਨੂੰ ਸੁੱਖਾਂ ਦੀਆਂ ਦਾਤਾਂ ਬਖ਼ਸ਼ਿਸ਼ ਕਰਦੇ ਹੋਏ ਨਨਕਾਣੇ ਦੀ ਧਰਤੀ ਅੰਦਰ ਅਤੇ ਆਪਣੇ ਘਰ ਗ੍ਰਹਿਸਤੀ ਦੇ ਸਾਰੇ ਫਰਜਾਂ ਨੂੰ ਨਿਭਾਉਂਦੇ ਹੋਏ, ਜਿਸ ਸਮੇਂ ਆਪ ਜੀ ਦੀ ਅਰਬਲਾ 38 ਸਾਲ ਦੀ ਹੋਈ ਤਾਂ "ਚੜ੍ਹਿਆ ਸੋਧਣ ਧਰਤਿ ਲੁਕਾਈ" ਉਦਾਸੀ ੧ ਅੱਸੂ ਸੰਮਤ ੧੫੬੪ ਭਾਵ 30 ਅਗਸਤ 1507 ਨੂੰ ਸੁਲਤਾਨਪੁਰ ਤੋਂ ਆਰੰਭ ਕੀਤੀ। ਇੱਥੋਂ ਮੇਰੇ ਪਾਤਸ਼ਾਹ ਸੱਯਦਪੁਰ, ਹਰਿਦੁਆਰ, ਆਯੋਧਿਆ, ਬਨਾਰਸ, ਗਯਾ, ਗੁਹਾਟੀ, ਜਗਨਨਾਥ ਪੁਰੀ ਅਤੇ ਨਾਸਿਕ ਨੂੰ ਤਾਰਦੇ ਹੋਏ ਗੁਜਰਾਤ ਦੇ ਸ਼ਹਿਰ ਪੋਰਬੰਦਰ, ਪਾਲੀਟਾਵੇ ਸੋਮਨਾਥ ਪਹੁੰਚੇ।

ਸਮੁੰਦਰ ਦੇ ਕੰਢੇ ਤੇ ਸੋਮਨਾਥ ਦਾ ਪ੍ਰਸਿੱਧ ਮੰਦਰ ਹੈ ਜਿਥੇ ਸ਼੍ਰੀ ਕ੍ਰਿਸ਼ਨ ਜੀ ਸਮੇਤ ਯਾਦਵ ਕੁਲ ਨਾਸ਼ ਹੋਇਆ ਸੀ। ਸੋਮਨਾਥ ਤੋਂ ਸੁਦਾਮਾਪੁਰੀ (ਪੋਰਬੰਦਰ) ਹੁੰਦੇ ਹੋਏ ਸ਼੍ਰੀ ਗੁਰੂ ਨਾਨਕ ਦੇਵ ਜੀ ਦਵਾਰਕਾ ਪਹੁੰਚੇ। ਦਵਾਰਕਾ ਵਿੱਚ ਹੀ ਸ਼੍ਰੀ ਕ੍ਰਿਸ਼ਨ ਦਾ ਭਗਤ ਸੁਦਾਮਾ ਜਿਸਨੂੰ ਉਸਦੀ ਘਰਵਾਲੀ ਨੇ ਪ੍ਰੇਰ ਕੇ ਘਰ ਦਾ ਦਲਿੱਦਰ ਦੂਰ ਕਰਨ ਲਈ ਸ਼੍ਰੀ ਕ੍ਰਿਸ਼ਨ ਜੀ ਕੋਲ ਭੇਜਿਆ ਸੀ ਤੇ ਕਿਹਾ ਸੀ ਕਿ ਜਾਓ ਅਤੇ ਸ਼੍ਰੀ ਕ੍ਰਿਸ਼ਨ ਦੀ ਸ਼ਰਨ ਪਓ ਤਾਂ ਕਿ ਸਾਡੀ ਘਰ ਦੀ ਗਰੀਬੀ ਦੂਰ ਹੋ ਸਕੇ। ਜ਼ਿਕਰ ਯੋਗ ਹੈ ਕਿ ਦਵਾਰਕਾ ਸ਼ਹਿਰ ਦੀ ਗਿਣਤੀ ਹਿੰਦੂਆਂ ਦੀਆਂ ਸੱਤਾਂ ਪਵਿੱਤਰ ਪੁਰੀਆਂ ਵਿੱਚ ਵੀ ਹੁੰਦੀ ਹੈ ਅਤੇ ਹਿੰਦੂਆਂ ਦੇ ਚਾਰ ਧਾਮਾਂ ਵਿੱਚੋਂ ਇਹ ਵੀ ਹੈ। ਪੁਰਾਤਨ ਇਤਿਹਾਸ ਮੁਤਾਬਕ ਸ਼੍ਰੀ ਕ੍ਰਿਸ਼ਨ ਜੀ ਸੰਸਾਰਿਕ ਯਾਤਰਾ ਪੂਰੀ ਕਰਨ ਪਿਛੋਂ ਇਸ ਦਵਾਰਿਕਾ ਸ਼ਹਿਰ ਨੂੰ ਸਮੁੰਦਰ ਆਪਣੇ ਅੰਦਰ ਰੋੜ੍ਹ ਕੇ ਲੈ ਗਿਆ ਜੋ ਕਿ ਅੱਜਕਲ੍ਹ ਪੋਰਬੰਦਰ ਤੋਂ ਸਮੁੰਦਰ ਅੰਦਰ 4-5 ਮੀਲ ਤੇ ਇੱਕ ਟਾਪੂ ਦੇ ਰੂਪ ਵਿੱਚ ਸੁਭਾਇਮਾਨ ਹੈ। ਇਸ

ਧਰਤੀ ਨੂੰ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੋਈ।

ਇਸ ਸਥਾਨ ਤੇ ਜਿੱਥੇ ਹੋਰ ਕਈ ਜਾਤੀਆਂ ਦੇ ਲੋਕ ਵੱਸਦੇ ਹਨ, ਉੱਥੇ ਛੀਂਬਾ ਬਿਰਾਦਰੀ ਦੇ ਭਾਈ ਸੱਖਣ ਜੀ ਵੀ ਰਹਿੰਦੇ ਸਨ ਜੋ ਆਪਣੇ ਹੱਥਾਂ ਦੁਆਰਾ ਸੂਈ-ਧਾਗੇ ਨਾਲ ਪੋਸ਼ਾਕਾਂ ਤਿਆਰ ਕਰਦੇ ਹੋਏ ਆਪਣਾ ਪਰਿਵਾਰਕ ਜੀਵਨ ਨਿਰਵਾਹ ਕਰ ਰਹੇ ਸਨ। ਇਸ ਤਰਾਂ ਜਿੱਥੇ ਆਪ ਸੱਚੀ ਕਿਰਤ ਕਰਦੇ ਸਨ ਉੱਥੇ ਗਰੀਬਾਂ ਲਈ ਆਪਣੇ ਹੱਥੀਂ ਵਸਤਰ ਵੀ ਬਣਾ ਕੇ ਦਾਨ ਕਰਦੇ ਸਨ। ਕਈ ਭੁੱਖਿਆਂ ਨੂੰ ਭੋਜਨ ਵੀ ਛਕਾਉਂਦੇ ਸਨ। ਹਮੇਸ਼ਾਂ ਰੱਬ ਦੇ ਰੰਗ ਵਿੱਚ ਰਹਿਣਾ ਇਹੀ ਭਾਈ ਸੱਖਣ ਦੀ ਸ਼ਕਤੀ ਸੀ। ਲੋਕ ਭਲਾਈ ਦੇ ਕੰਮਾਂ ਵਿੱਚ ਵੀ ਆਪ ਜੀ ਦੀ ਵਿਸ਼ੇਸ਼ ਰੁਚੀ ਸੀ। ਅਮ੍ਰਿੰਤ ਵੇਲੇ ਅਤੇ ਸੰਧਿਆ ਵੇਲੇ ਬਹੁਤ ਸਾਰਾ ਸਮਾਂ ਭਾਓ-ਭਗਤੀ ਵਿੱਚ ਸਫ਼ਲ ਕਰਦੇ ਸਨ।

ਅੱਜ ਅਮ੍ਰਿੰਤ ਵੇਲਾ ਹੋਇਆ। ਇੱਕ ਰੱਬੀ ਸ਼ਕਤੀ ਨੇ...... ਉਠਾਇਆ ਜਾਂ ਇੰਝ ਕਹਿ ਲਈਏ ਕਿ ਨੇਕੀਆਂ ਤੇ ਸ਼ੁਭ ਕਰਮਾਂ ਦਾ ਕਾਸਾ ਭਰ ਜਾਵੇ ਤਾਂ ਆਪ ਜੀ ਇਸ਼ਨਾਨ ਕਰਕੇ ਰੱਬੀ ਧਿਆਨ ਲਿਵ ਜੋੜ ਬੈਠੇ ਸਨ ਅਤੇ ਵੇਖ ਰਹੇ ਸਨ ਕਿ ਇੱਕ ਅਗੰਮੀ ਜੋਤ ਨੂਰ ਹੀ ਨੂਰ ਦੇ ਦਰਸ਼ਨ ਹੋਏ। ਇਸ ਮਹਾਨ ਜੋਤ ਦੇ ਨੇਤੱਰਾਂ ਨਾਲ ਦਰਸ਼ਨ ਕਰਕੇ ਹਿਰਦੇ ਅੰਦਰ ਆਕਾਰ ਬਣਿਆ। ਜਿੱਧਰ ਵੀ ਵੇਖਦੇ ਸਨ ਹਰ ਪਾਸੇ ਉਸੇ ਜੋਤ ਦੇ ਦਰਸ਼ਨ ਹੁੰਦੇ ਸਨ। ਹਿਰਦੇ ਅੰਦਰ ਖਿਆਲ ਆਇਆ ਕਿ ਅੱਜ ਤੱਕ ਮੈਂ ਸੰਸਾਰ ਦੇ ਰਾਜੇ-ਮਹਾਰਾਜਿਆਂ ਅਤੇ ਦਵਾਰਿਕਾ-ਧੀਸ਼ ਦੀਆਂ ਪੁਸ਼ਾਕਾਂ ਤਿਆਰ ਕੀਤੀਆਂ ਹਨ ਪਰ ਹੁਣ ਮੈਂ ਇਸ ਅਗੰਮੀ ਜੋਤ ਦੇ ਦਰਸ਼ਨ ਕੀਤੇ ਹਨ ਅਤੇ ਹੁਣ ਮੈਂ ਇਹਨਾਂ ਵਾਸਤੇ ਵੀ ਸੋਹਣੀ ਪੁਸ਼ਾਕ ਤਿਆਰ ਕਰਨੀ ਹੈ। ਇੱਕ ਪ੍ਰੇਮ ਰੰਗ ਵਿੱਚ ਉਹ ਵਸਤਰ ਸੋਹਣਾ ਕੱਪੜਾ ਲੈ ਕੇ ਆਪਣੇ ਹੱਥੀਂ ਇੱਕ ਬਹੁਤ ਸੋਹਣਾ ਚੋਲਾ ਤਿਆਰ ਕੀਤਾ। ਕਈ ਵਾਰ ਦਵਾਰਿਕਾ ਸ਼ਹਿਰ ਵਿੱਚ ਹੋਰ ਵੀ ਕਈ ਰਿਸ਼ੀ-ਮੁਨੀ, ਮਹਾਤਮਾ-ਜਨ, ਸਾਧੂ ਆਏ। ਕਿਸੇ ਵੱਲ ਵੇਖ ਕੇ ਵੀ ਮਨ ਇੰਨਾ ਨਹੀ ਸੀ ਪਸੀਜਿਆ। ਨਾਂ ਹੀ ਕਿਸੇ ਵੱਲ

ਵੇਖ ਕੇ ਰੱਬੀ ਨੂਰ ਦੇ ਦਰਸ਼ਨ ਹੋਏ ਸਨ। ਸਮਾਂ ਪਾ ਕੇ ਇਸ ਦਵਾਰਿਕਾ ਧਰਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨ ਪਏ।

ਹੁਣ ਸੱਖਣ ਜੀ ਦੀ ਉਮਰ ਵਡੇਰੀ ਹੋ ਗਈ ਸੀ। ਨੇਤੱਰਾਂ ਦੀ ਜੋਤ ਵੀ ਘੱਟ ਰਹੀ ਸੀ। ਸਰੀਰ ਵਿਚ ਦੂਰ-ਦੁਰਾਡੇ ਆਉਣ-ਜਾਣ ਦੀ ਹਿੰਮਤ ਨਹੀਂ ਸੀ। ਉੱਧਰ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਸ਼ਨਾਂ ਅਤੇ ਮਿਹਰ ਦੀ ਨਜ਼ਰ ਨਾਲ ਕਈ ਰੋਗੀਆਂ ਦੇ ਰੋਗ ਦੂਰ ਹੋ ਰਹੇ ਸਨ। ਦਵਾਰਿਕਾ ਨਿਵਾਸੀ ਸੰਗਤਾਂ ਨੇ ਪਾਤਸ਼ਾਹ ਨੂੰ ਬੇਨਤੀ ਕੀਤੀ ਕਿ ਇਹ ਛੋਟਾ ਜਿਹਾ ਟਾਪੂ ਸਮੁੰਦਰ ਦੀ ਗਲਵੱਕੜੀ ਵਿੱਚ ਆਇਆ ਹੋਇਆ ਹੈ। ਇੱਥੋਂ ਦਾ ਪਾਣੀ ਬਹੁਤ ਖਾਰਾ ਹੈ ਅਤੇ ਪੀਣ ਵਿੱਚ ਵੀ ਸੁਆਦ ਨਹੀਂ ਹੈ। ਜਿਵੇਂ ਆਪ ਜੀ ਨੇ ਆਪਣੀ ਅਮ੍ਰਿਤ ਦ੍ਰਿਸ਼ਟੀ ਨਾਲ ਕਈ ਰੋਗੀਆਂ ਦੇ ਰੋਗ ਦੂਰ ਕੀਤੇ ਹਨ ਫਿਰ ਧਨ ਦੀਆਂ ਦਾਤਾਂ ਬਖਸ਼ਿਸ਼ ਕੀਤੀਆਂ ਹਨ, ਵਹਿਮ ਵਿੱਚ ਜਕੜਿਆਂ ਨੂੰ ਪੱਥਰ ਪੂਜਾ ਤੋਂ ਹਟਾ ਕੇ '੧ਓ ਇੱਕ ਪ੍ਰਮਾਤਮਾ' ਦੀ ਪੂਜਾ ਕਰਨ ਲਈ ਪ੍ਰੇਰਿਆ ਹੈ, ਉਸੇ ਤਰਾਂ ਮਿੱਠੇ ਅਮ੍ਰਿਤ ਜਲ ਦੀ ਵੀ ਬਖਸ਼ਿਸ਼ ਕਰੋ। ਸੰਗਤਾਂ ਦੀ ਬੇਨਤੀ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਉਸੇ ਦਿਨ ਭਾਵ ਮੱਸਿਆ ਦੇ ਦਿਨ ਧਰਤੀ ਤੇ ਆਪਣੇ ਕਰ-ਕਮਲਾਂ ਨਾਲ ਟੱਕ ਲਗਾ ਕੇ ਖੂਹ ਦੀ ਖੁਦਾਈ ਦਾ ਕੰਮ ਸ਼ੁਰੂ ਕਰਵਾਇਆ। ਖੂਹ ਦੀ ਖੁਦਾਈ ਕਰਦਿਆਂ 15 ਦਿਨ ਦਾ ਸਮਾਂ ਲੱਗ ਗਿਆ। ਆਖਿਰ ਪੰਦਰਾਂ ਦਿਨਾਂ ਬਾਅਦ ਪੂਰਨਮਾਸ਼ੀ ਵਾਲੇ ਦਿਨ ਗੁਰੂ ਨਾਨਕ ਦੇਵ ਜੀ ਨੇ ਖੂਹ ਵਿੱਚੋਂ ਜਲ ਦਾ ਸੋਮਾਂ ਪ੍ਰਗਟ ਕੀਤਾ ਤੇ ਮਿੱਠਾ ਜਲ ਸੰਗਤਾਂ ਨੂੰ ਸ਼ੀਤ ਪ੍ਰਸ਼ਾਦ ਦੇ ਰੂਪ ਵਿੱਚ ਛਕਾਇਆ। ਇਹ ਖੂਹੀ ਅੱਜ ਵੀ ਇੱਥੇ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਦੀ ਇਹ ਸ਼ੋਭਾ ਸਾਰੀ ਦਵਾਰਿਕਾ ਨਗਰੀ ਵਿੱਚ ਗੁਲਾਬ ਦੀ ਮਹਿਕ ਦੀ ਤਰ੍ਹਾਂ ਫੈਲ ਗਈ। ਭਾਈ ਸੱਖਣ ਜੀ ਦੇ ਲੜਕੇ ਭਾਈ ਲੱਭਾ ਜੀ ਨੇ ਸਾਰੀ ਵਿੱਥਿਆ ਆਪਣੇ ਪਿਤਾ ਨੂੰ ਸੁਣਾਈ। ਸੁਣਦਿਆਂ ਸਾਰ ਆਪ ਜੀ ਦੇ ਮਨ ਵਿੱਚ ਆਇਆ ਕਿ ਜਿਸ ਦਾ ਮੈਂ ਧਿਆਨ ਧਰਦਾਂ ਹਾਂ, ਸਿਮਰਨ ਕਰਦਾ ਹਾਂ ਅਤੇ

ਜਿਸ ਵਾਸਤੇ ਮੈਂ ਪੁਸ਼ਾਕ ਤਿਆਰ ਕੀਤੀ ਹੈ ਕਿਤੇ ਇਹ ਉਹੀ ਰੱਬੀ ਜੋਤ ਤਾਂ ਨਹੀਂ.., ਜਿਹੜੀ ਦੁਵਾਰਿਕਾ ਨੂੰ ਭਾਗ ਲਗਾ ਰਹੀ ਹੈ। ਹੁਣ ਭਾਈ ਸੱਖਣ ਜੀ ਅਰਾਧਨਾ ਕਰਨ ਲੱਗ ਪਏ। ਅੱਜ ਪਿਆਰ ਵਿੱਚ ਜੁੜਿਆਂ ਹੋਇਆਂ ਦੇ ਨੇਤੱਰਾਂ ਵਿੱਚੋਂ ਅੱਥਰੂ ਡਿੱਗ ਰਹੇ ਹਨ ਤੇ ਹਿਰਦੇ ਦੀ ਤਾਂਘ ਵੇਦਨਾ ਦਰਸ਼ਨਾਂ ਦੀ ਆਸ ਲੈ ਕੇ ਬੈਠੀ ਹੈ। ਜੀਅ ਤਾਂ ਕਰਦਾ ਹੈ ਕਿ ਕਿਹੜੀ ਘੜੀ ਆਵੇ ਤਾਂ ਗੁਰੂ ਦੇ ਦਰਸ਼ਨ ਕਰਾਂ ਪਰ ਤਨ ਦੀ ਨਿਰਬਲਤਾ ਕਾਰਣ ਹਿਰਦੇ ਤੋਂ ਹੀ ਬੇਨਤੀ ਕਰਦੇ ਹਨ ਕਿ ਵਾਕਿਆ ਹੀ ਜੇ ਸੱਚੀ ਜੋਤ ਦਵਾਰਿਕਾ ਆਈ ਹੈ ਤਾਂ ਸਾਨੂੰ ਘਰ ਆ ਕੇ ਦਰਸ਼ਨ ਦੇ ਜਾਵੇ। ਉੱਧਰ ਮੇਰੇ ਪਾਤਸ਼ਾਹ ਆਪ ਭਾਈ ਸੱਖਣ ਜੀ ਦੇ ਬੂਹੇ ਆ ਕੇ ਦਸਤਕ ਦਿੰਦੇ ਹਨ। ਭਾਈ ਸੱਖਣ ਦੀ ਰਸਨਾਂ ਚੋਂ ਆਵਾਜ਼ ਆਈ ਕਿ ਭਾਈ ਕੌਣ ਹੈਂ ਤਾਂ ਬਾਹਰੋਂ ਆਵਾਜ਼ ਆਈ ਕਿ ਜਿਸਦੇ ਇੰਤਜ਼ਾਰ ਵਿੱਚ ਬੈਠਾਂ ਹੈਂ। ਜਦੋਂ ਇਹ ਆਵਾਜ਼ ਕੰਨਾਂ ਵਿੱਚ ਪਈ ਤਾਂ ਭਾਈ ਸੱਖਣ ਝੱਟਪੱਟ ਆ ਕੇ ਗੁਰੂ ਨਾਨਕ ਦੇ ਚਰਨਾਂ ਵਿੱਚ ਢਹਿ ਪਿਆ ਤੇ ਹੰਝੂਆਂ ਨਾਲ ਗੁਰੂ ਦੇ ਚਰਨ ਧੋ ਦਿੱਤੇ। ਗੁਰੂ ਪਾਤਸ਼ਾਹ ਨੇ ਉਠਾ ਕੇ ਆਪਣੇ ਗਲ ਨਾਲ ਲਾਇਆ। ਭਾਈ ਸੱਖਣ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਪਲੰਘ ਤੇ ਬਿਠਾਇਆ ਤੇ ਪ੍ਰੇਮ ਵਿੱਚ ਇੰਨਾਂ ਖੁੱਭ ਗਿਆ ਕਿ ਹੱਥੀਂ ਤਿਆਰ ਕੀਤੀ ਪੁਸ਼ਾਕ ਗੁਰੂ ਪਾਤਸ਼ਾਹ ਨੂੰ ਦੇਣੀ ਭੁੱਲ ਗਏ। ਭਾਈ ਸੱਖਣ ਜੀ ਨੇ ਗੁਰੂ ਜੀ ਦੀ ਜਲ-ਪਾਣੀ ਨਾਲ ਹੱਥੀਂ ਸੇਵਾ ਕੀਤੀ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਭਾਈ ਸੱਖਣ ਜੀ ਨੂੰ ਪੁੱਛਿਆ ਕਿ ਤਨ ਦੇ ਅੰਦਰ ਲਈ ਤਾਂ ਭੋਜਨ ਤੂੰ ਸਾਨੂੰ ਛਕਾ ਦਿੱਤਾ ਹੈ ਪਰ ਸਾਡੀ ਤਨ ਦੀ ਪੁਸ਼ਾਕ ਵੀ ਸਾਨੂੰ ਦੇ ਦਿਓ। ਇੰਨਾਂ ਬਚਨ ਸੁਣਨ ਦੀ ਦੇਰ ਸੀ ਕਿ ਭਾਈ ਸੱਖਣ ਦੀਆਂ ਧਾਹਾਂ ਨਿਕਲ ਗਈਆਂ। ਗੁਰੂ ਨਾਨਕ ਪਾਤਸ਼ਾਹ ਨੇ ਆਪ ਉਹ ਪੁਸ਼ਾਕ ਆਪਣੇ ਤਨ ਤੇ ਪਾਈ ਤੇ ਮੂਲ-ਮੰਤਰ ਦਾ ਪਾਠ ਲਿਖ ਕੇ ਭਾਈ ਸੱਖਣ ਦੀ ਝੋਲੀ ਪਾਇਆ ਤੇ ਬਹੁਤ ਸਾਰੇ ਵਰਦਾਨ ਦਿੱਤੇ।

ਗੁਰੂ ਨਾਨਕ ਦੇਵ ਜੀ ਦੇ ਵਰਦਾਨ ਦਾ ਸਦਕਾ ਭਾਈ ਸੱਖਣ ਜੀ ਦੀ ਚੌਥੀ ਪੀੜ੍ਹੀ ਵਿੱਚ 'ਭਾਈ ਜਗਜੀਵਨ ਦੇ ਘਰ ਮਾਤਾ

ਸੰਭਾਲੀ ਜੀ ਦੀ ਕੁੱਖੋਂ ਸੰਨ 1679 ਈ. ਨੂੰ ਭਾਈ ਮੋਹਕਮ ਚੰਦ ਦਾ ਜਨਮ ਹੋਇਆ।

ਜਨਮ ਸਮਾਂ (੫ ਚੇਤਰ ੧੭੩੬ ਸੰਮਤ 7 ਮਾਰਚ ਸੰਨ 1679)

ਕਈ ਜਨਮਾਂ ਦੀ ਕੀਤੀ ਹੋਈ ਤਪੱਸਿਆ ਨੂੰ ਭਾਗ ਲੱਗਣ ਦਾ ਸਮਾਂ ਆ ਚੁੱਕਿਆ ਸੀ ਅਤੇ ਸਤਿਕਾਰ ਯੋਗ ਭਾਈ ਸੱਖਣ ਜੀ ਦੇ ਕੁੱਲ ਦਾ ਨਾਮ ਰੌਸ਼ਨ ਕਰਨ ਵਾਲਾ ਘਰ ਵਿੱਚ ਦੀਪ ਜਗਣ ਵਾਲਾ ਸੀ। ਇਸ ਤਰ੍ਹਾਂ 7 ਮਾਰਚ ਸੰਨ 1679 ਈ: ਨੂੰ ਅਮ੍ਰਿਤ ਵੇਲੇ ਮਾਤਾ ਸੰਭਾਲੀ ਦੀ ਕੁੱਖੋਂ ਸਤਿਕਾਰਯੋਗ ਭਾਈ ਜਗਜੀਵਨ ਜੀ ਦੇ ਘਰ ਇੱਕ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਮ ਰੱਖਿਆ ਗਿਆ "ਮੋਹਕਮ ਚੰਦ"।

ਦਾਈ ਦੇਵਾ ਬਾਈ, ਬਾਲਕ ਵੱਲ ਵੇਖ ਕੇ ਬੜੀ ਹੈਰਾਨ ਹੋਈ ਕਿ ਦੁਨੀਆਂ ਦੇ ਸਾਰੇ ਹੀ ਬਾਲਕ ਜਨਮ ਵੇਲੇ ਰੋਂਦੇ ਹੁੰਦੇ ਹਨ ਪਰ ਇਹ ਇਹ ਕੈਸਾ ਬਾਲਕ ਹੈ ਜਿਸਦੇ ਚਿਹਰੇ 'ਤੇ ਬਹੁਤ ਗੰਭੀਰਤਾ ਹੈ। ਦਾਈ ਦੇਵਾ ਬਾਈ ਨੇ ਮਾਤਾ ਸੰਭਾਲੀ ਜੀ ਨੂੰ ਕਿਹਾ ਕਿ ਇਹ ਬਾਲਕ ਤੁਹਾਡੀ ਕੁੱਲ ਦਾ ਨਾਮ ਰੌਸ਼ਣ ਕਰੇਗਾ। ਕਮਰੇ ਤੋਂ ਬਾਹਰ ਨਿਕਲ ਕੇ ਦਾਈ ਨੇ ਪਿਤਾ ਜਗਜੀਵਨ ਨੂੰ ਵਧਾਈ ਦਿੱਤੀ ਤੇ ਬਾਲਕ ਦੀ ਉਸਤਤ ਕਰਨ ਲੱਗ ਪਈ ਤਾਂ ਜਗਜੀਵਨ ਜੀ ਨੇ ਦਾਈ ਨੂੰ ਕਿਹਾ ਕਿ ਇਹ ਸਾਰੀਆਂ ਬਖਸ਼ਿਸ਼ਾਂ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਸਾਡੇ ਪੜਦਾਦੇ ਨੂੰ ਮੂਲ-ਮੰਤਰ ਦੇ ਰੂਪ ਵਿੱਚ ਬਖਸ਼ਿਸ਼ ਕੀਤੀਆਂ ਸਨ। ਉਸੇ ਦੀ ਬਰਕਤ ਦੁਆਰਾ ਇਹ ਬਾਲਕ ਸਾਡੇ ਘਰ ਵਿੱਚ ਆਇਆ ਹੈ ਅਤੇ ਇਹ ਬਾਲਕ ਚਾਰ ਪੀੜ੍ਹੀਆਂ ਦੀ ਕੀਤੀ ਹੋਈ ਭਗਤੀ ਨੂੰ ਭਾਗ ਲਗਾਏਗਾ।

ਇਹ ਬਾਲਕ ਜਿਸ ਵੱਲ ਵੀ ਵੇਖਦਾ ਸੁੰਦਰ ਗੋਲ-ਮਟੋਲ ਨੈਣਾਂ ਨਾਲ ਹਰ ਇਕ ਦੇ ਮਨ ਨੂੰ ਮੋਹ ਲੈਂਦਾ। ਇਸ ਬਾਲਕ ਦੀ ਉਸਤਤ ਦੂਰ-ਦੂਰ ਜਾਣ ਲੱਗ ਪਈ। ਹਰ ਇੱਕ ਦੀ ਰਸਨਾ ਉੱਪਰ ਇਹੀ ਬਚਨ ਸਨ ਕਿ ਜਿਹੜਾ ਬਾਲਕ ਭਾਈ ਜਗਜੀਵਨ ਜੀ ਦੇ ਘਰ ਆਇਆ ਹੈ ਉਹ ਸਭ ਦੇ ਮਨ ਨੂੰ ਭਾਉਂਦਾ ਹੈ। ਜਗਜੀਵਨ ਜੀ ਨੇ ਪੰਡਿਤਾਂ-ਪ੍ਰੋਹਿਤਾਂ ਨਾਲ ਸੰਪਰਕ ਕੀਤਾ ਅਤੇ

ਇਸ ਬਾਲਕ ਦੀ ਜਨਮ-ਕੁੰਡਲੀ [1]ਬਨਾਉਣੀ ਚਾਹੀ ਪਰ ਨੀਵੀਂ ਜਾਤ ਹੋਣ ਕਾਰਣ ਕਿਸੇ ਵੀ ਪੰਡਿਤ ਨੇ ਇਸ ਬਾਲਕ ਦੀ ਕੁੰਡਲੀ ਬਣਾਉਣ ਲਈ ਹਾਮੀ ਨਾ ਭਰੀ ਅਤੇ ਨਾ ਹੀ ਨਾਮ ਰੱਖਣ ਲਈ ਤਿਆਰ ਹੋਏ।

[2]ਕੁਝ ਦਿਨ ਬਤੀਤ ਹੋਏ। ਇੱਕ ਸਾਧੂ ਖੈਰ ਮੰਗਦਾ ਹੋਇਆ ਜਗਜੀਵਨ ਜੀ ਦੇ ਬੂਹੇ ਅੱਗੇ ਆ ਖਲੋਇਆ। ਬੂਹੇ ਉੱਪਰ ਨਿੰਮ ਦੇ ਪੱਤੇ ਟੰਗੇ ਦੇਖ ਕੇ ਉਸਨੇ ਜਗਜੀਵਨ ਜੀ ਨੂੰ ਪੁੱਛਿਆ, "ਕੀ ਇਸ ਘਰ ਵਿੱਚ ਬਾਲਕ ਆਇਆ ਹੈ ?"

ਅੱਗੋਂ ਧੀਮੀ ਆਵਾਜ਼ ਵਿਚ ਜਗਜੀਵਨ ਜੀ ਨੇ ਨਿਮਰਤਾ ਨਾਲ ਜਵਾਬ ਦਿੱਤਾ, "ਬਾਲਕ ਤਾਂ ਸਾਡੇ ਘਰ ਵਿੱਚ ਬਹੁਤ ਮਹਾਨ ਪੈਦਾ ਹੋਇਆ ਹੈ ਪਰ ਜਾਤ-ਪਾਤ ਦੇ ਵਿਵਾਦਾਂ ਵਿੱਚ ਫਸੇ ਹੋਏ ਕੋਈ ਵੀ ਪੰਡਿਤ-ਪ੍ਰੋਹਿਤ ਸਾਡੇ ਘਰ ਵਿੱਚ ਆਉਣ ਨੂੰ ਤਿਆਰ ਨਹੀਂ ਹਨ"।

ਜਗਜੀਵਨ ਜੀ ਦੇ ਨਿਮਰਤਾ ਭਰੇ ਬੋਲ ਸੁਣ ਕੇ ਸਾਧੂ ਨੇ ਆਖਿਆ, "ਮੈਂ ਵੀ ਇੱਕ ਪੰਡਿਤ ਹੀ ਹਾਂ ਤੇ ਉੱਚੇ ਕੁੱਲ ਵਿੱਚ ਜਨਮਿਆਂ ਹਾਂ। ਇਹਨਾਂ ਉੱਚ-ਨੀਚ ਅਤੇ ਭੇਦ-ਭਾਵ ਦੇ ਵਿਤਕਰਿਆਂ ਕਾਰਣ ਹੀ ਮੈਂ ਸਭ ਕੁਝ ਤਿਆਗ ਕੇ ਸੁਆਸ-ਸੁਆਸ ਸਿਮਰਨ ਕਰਕੇ ਇਸ ਜੀਵਨ ਦਾ ਨਿਰਵਾਹ ਕਰ ਰਿਹਾ ਹਾਂ। ਗੁਰੂ ਆਖਦਾ ਹੈ :-

ਸੋ ਪੰਡਿਤ ਜੋ ਮਨ ਪਰ ਬੋਧੈ, ਰਾਮ ਨਾਮ ਆਤਮ ਮਹਿ ਸੋਧੈ॥
ਰਾਮ ਨਾਮ ਸਾਰ ਰੱਸ ਪੀਵੈ, ਉਸ ਪੰਡਿਤ ਕੇ ਉਪਦੇਸ ਜਗ ਜੀਵੈ॥

(ਸ੍ਰੀ ਸੁਖਮਨੀ ਸਾਹਿਬ)

ਇਸ ਸਾਧੂ ਦੇ ਬਚਨ ਸੁਣ ਕੇ ਜਗਜੀਵਨ ਜੀ ਦੇ ਚਿਹਰੇ 'ਤੇ

1. ਜਨਮ ਕੁੰਡਲੀ ਤੋਂ ਭਾਵ ਇੱਕ ਕਾਗਜ਼ ਉੱਤੇ ਬੱਚੇ ਦੇ ਜਨਮ ਦਾ ਸਮਾਂ, ਕੁੱਝ ਉਸ ਸਮੇਂ ਦੇ ਲੱਛਣ ਅਤੇ ਬੱਚੇ ਦਾ ਨਾਮ ਪੰਡਿਤ ਰੱਖਦੇ ਹੁੰਦੇ ਸਨ।
2. ਗਿਆਨੀ ਬਿਸ਼ਨ ਸਿੰਘ ਜੀ ਲਿਖਦੇ ਹਨ:
ਮਾਥੇ ਤਿਲਕ ਪਰੋਹਤ ਬਣ ਕਰਿ ਗੁਰੂ ਘਰ ਵਿਚ ਆਇਆ,
ਪਿਤਾ ਜਗਜੀਵਨ ਜੀ ਦੀ ਸਭ ਇੱਛਾ ਪੂਰਨ ਕੀਤੀ ਮੋਹਕਮ ਨਾਮ ਰਖਾਇਆ।
ਮਾਤ ਸੰਭਾਲੀ ਸੰਭਲੇ ਖੁਸ਼ੀ ਨਾ, ਕੁਲ ਤਾਰਨ ਬਾਲ ਆਇਆ।
ਦੁਆਰਕਾ ਨਿਵਾਸੀ ਸਭ ਦੇਣ ਵਧਾਈ,
ਮੋਹਕਮ ਚੰਦ ਜੀ ਨੇ ਬੂੜੀਆ ਨਗਰ ਨੂੰ ਭਾਗ ਲਗਾਇਆ।

ਖ਼ੁਸ਼ੀ ਆਈ ਤੇ ਉਸ ਨੇ ਝੱਟ ਹੀ ਸਾਧੂ ਨੂੰ ਹੱਥ ਜੋੜ ਕੇ ਬੇਨਤੀ ਕੀਤੀ, "ਜੇ ਤੁਸੀਂ ਪੰਡਿਤ ਹੋ ਤਾਂ ਕਿਰਪਾ ਕਰਕੇ ਅੰਦਰ ਚੱਲੋ ਅਤੇ ਮੇਰੇ ਬਾਲਕ ਦਾ ਨਾਮ ਰੱਖੋ ਅਤੇ ਜਨਮ ਦਾ ਸਮਾਂ ਲਿੱਖ ਦੇਵੋ।"

ਮਹਾਤਮਾ ਦੇ ਰੂਪ ਵਿੱਚ ਆਏ ਹੋਏ ਇਸ ਸਾਧੂ ਭਾਵ ਪੰਡਿਤ ਨੇ ਬਾਲਕ ਦੇ ਦਰਸ਼ਨਾਂ ਦੀ ਇੱਛਾ ਪ੍ਰਗਟਾਈ। ਜਗਜੀਵਨ ਜੀ ਸਾਧੂ ਨੂੰ ਘਰ ਵਿੱਚ ਲੈ ਆਏ ਅਤੇ ਜਲ-ਪਾਣੀ ਦੀ ਸੇਵਾ ਉਪੰਰਤ ਸੁੰਦਰ ਪਲੰਘ ਉਪਰ ਬਿਠਾ ਕੇ ਬਾਲਕ ਦੇ ਦਰਸ਼ਨ ਕਰਵਾਏ। ਬਾਲਕ ਦੇ ਦਰਸ਼ਨ ਕਰਦਿਆਂ ਸਾਰ ਸਾਧੂ ਦੇ ਮਨ ਦੀ ਖ਼ੁਸ਼ੀ ਦੀ ਹੱਦ ਨਾ ਰਹੀ।

"ਇਹ ਉਹੀ ਹੈ", "ਇਹ ਉਹੀ ਹੈ", "ਇਹ ਉਹੀ ਹੈ", ਮੈਂ ਪਛਾਣ ਲਿਆ ਹੈ, "ਇਹ ਉਹੀ ਹੈ", ਸਾਧੂ ਨੇ ਇੱਕਦਮ ਬੋਲਣਾ ਸ਼ੁਰੂ ਕਰ ਦਿੱਤਾ।

ਸਾਰਾ ਪਰਿਵਾਰ, ਆਂਢ-ਗੁਆਂਢ ਦੇ ਘਰਾਂ ਦੇ ਲੋਕ ਵੀ ਕੋਲ ਹੀ ਖਲੋਤੇ ਸਨ। ਸਾਰੇ ਸਾਧੂ ਦੇ ਮਸਤਕ ਦੀ ਪ੍ਰਸੰਨਤਾ ਨੂੰ ਦੇਖ ਰਹੇ ਸਨ ਅਤੇ ਖ਼ੁਸ਼ੀ ਨਾਲ ਚਾਅ-ਮਲਾਰ ਦਾ ਸਮਾਂ ਬਣ ਗਿਆ ਸੀ। ਜਦੋਂ ਇਹ ਸਾਧੂ ਬੱਚੇ ਦੀਆਂ ਅੱਖਾਂ ਵੱਲ ਵੇਖ ਕੇ ਪ੍ਰਸੰਨ ਹੋ ਰਿਹਾ ਸੀ ਤਾਂ ਕੋਲ ਖੜੀ ਦਾਈ ਦੇਵਾ ਬਾਈ ਜਨਮ ਦਾ ਸਮਾਂ ਵਰਨਣ ਕਰਨ ਲੱਗੀ।

ਜਦੋਂ ਦਾਈ ਨੇ ਜਨਮ ਦੇ ਸਮੇਂ ਦੀ ਸਾਰੀ ਵਾਰਤਾਲਾਪ ਸਾਧੂ ਨੂੰ ਸੁਣਾਈ ਤਾਂ ਸਾਧੂ ਆਖਣ ਲੱਗਾ, "ਇਸ ਬਾਲਕ ਦੇ ਗੁਣਾਂ ਮੁਤਾਬਕ ਤਾਂ ਇਸ ਦਾ ਨਾਮ ਮੋਹਕਮ ਚੰਦ ਹੋਣਾ ਚਾਹੀਦਾ ਹੈ।"

ਹੋਰ ਵੀ ਪ੍ਰਸੰਨਤਾ ਪ੍ਰਗਟ ਕਰਦੇ ਹੋਏ ਗ੍ਰਹਿ ਨਛੱਤਰ, ਥਿੱਤੀ, ਵਾਰਾਂ ਨੂੰ ਵੇਖਦਿਆਂ ਸਾਧੂ ਪ੍ਰੋਹਿਤ ਨੇ ਦੱਸਣਾ ਕੀਤਾ ਕਿ ਤੁਹਾਡਾ ਇਹ ਬਾਲਕ ਸੂਰਬੀਰ ਯੋਧਾ ਹੋਵੇਗਾ। ਇਸਦੀ ਸੰਸਾਰ ਵਿੱਚ ਵੰਸ਼ ਚਲੇਗੀ, ਉਹ ਵੰਸ਼ ਮਹਾਨ ਵਿਦਵਾਨ ਹੋਵੇਗੀ। ਇਹ ਬਾਲਕ ਮਾਤਾ-ਪਿਤਾ ਦੀ ਸੇਵਾ ਕਰਕੇ ਅਤੇ ਧਰਮ ਪਾਲਕ, ਧਰਮ ਰੱਖਿਅਕ, ਧਰਮਵੀਰ ਹੋਵੇਗਾ। ਸਾਧੂ ਸੰਤਾਂ, ਮਹਾਤਮਾ, ਗੁਰੂ ਜਨਾਂ ਦੀ ਸੇਵਾ ਵਿਚੋਂ ਸਭ ਦਾਤਾਂ ਇਸ ਦੀ ਝੋਲੀ ਵਿਚ ਪੈਣਗੀਆਂ। ਇਸ ਬਾਲਕ

ਦੀਆਂ ਨੇਕੀਆਂ ਦਾ ਸਦਕਾ ਜਦੋਂ ਤੱਕ ਆਕਾਸ਼ ਪਤਾਲ ਰਹਿਣਗੇ, ਤੁਹਾਡੇ ਪਰਿਵਾਰ ਨੂੰ ਸੁਨਿਹਰੀ ਅੱਖਰਾਂ ਵਿੱਚ ਲਿਖ ਕੇ ਯਾਦ ਕੀਤਾ ਜਾਵੇਗਾ।"

ਬਾਲਕ ਨੂੰ ਮਾਤਾ ਸੰਭਾਲੀ ਨੇ ਸਾਧੂ ਪਾਸੋਂ ਆਪਣੀ ਗੋਦ ਵਿੱਚ ਲਿਆ। ਪਰਿਵਾਰ ਦੇ ਬਾਕੀ ਜੀਵਾਂ ਨੇ ਸਾਧੂ ਮਹਾਤਮਾ ਨੂੰ ਦਕਸ਼ਣਾ ਆਦਿ ਦਿੱਤੀਆਂ।ਭੋਜਨ ਛਕਾਇਆ ਤੇ ਟਹਿਲ ਸੇਵਾ ਕੀਤੀ। ਸਾਧੂ ਜਦੋਂ ਚੱਲਣ ਲੱਗਾ ਤਾਂ ਜਗਜੀਵਨ ਜੀ ਨੇ ਅੱਗੇ ਹੋ ਬੇਨਤੀ ਕੀਤੀ, "ਅੱਗੋਂ ਵੀ ਇਸ ਗ੍ਰਹਿ ਵਿੱਚ ਚਰਨ ਪਾਂਉਦੇ ਰਹਿਣਾ। ਤੁਸੀਂ ਸਾਡੇ ਮਨ ਦੀ ਮੁਰਾਦ ਪੂਰੀ ਕੀਤੀ ਹੈ।"

ਸਾਧੂ ਮਹਾਰਾਜ ਬੋਲੇ, "ਹੁਣ ਤਾਂ ਅਸੀਂ ਤੁਹਾਡੇ ਘਰ ਆਏ ਹਾਂ। ਸਮਾਂ ਆਏਗਾ। ਇਹ ਬਾਲਕ ਸਾਨੂੰ ਮਿਲਣ ਲਈ ਖੁੱਦ ਆਪ ਆਏਗਾ ਤੇ ਸਾਡਾ ਹੀ ਹੋ ਕੇ ਰਹਿ ਜਾਵੇਗਾ।" ਇਸ ਤਰਾਂ ਖੁਸ਼ੀਆਂ ਵੰਡਦੇ ਹੋਏ ਮਹਾਤਮਾ ਵੇਖਦੇ-ਵੇਖਦੇ ਅੱਖੋਂ ਓਹਲੇ ਹੋ ਗਏ। ਇਹ ਬੱਚਾ ਦਿਨ, ਮਹੀਨੇ, ਸਾਲ ਕਰਕੇ ਵੱਡਾ ਹੋਣ ਲੱਗਾ।

ਤਿੰਨ ਸਾਲ ਤੋਂ ਦੱਸ ਸਾਲ ਦੀ ਉਮਰ ਤੱਕ

ਜਦੋਂ ਇਸ ਬਾਲਕ ਦੀ ਉਮਰ ਤਿੰਨ ਸਾਲ ਦੀ ਹੋਈ ਅਤੇ ਰੁੜ੍ਹਣ ਤੋਂ ਬਾਅਦ ਆਪਣੇ ਪੈਰਾਂ ਤੇ ਚੱਲ ਕੇ ਇੱਧਰ-ਉਧਰ ਜਾਣ ਦਾ ਸਫ਼ਰ ਤੈਅ ਕਰਨ ਲੱਗਾ ਤਾਂ ਜਿਸ ਸਥਾਨ 'ਤੇ ਗੁਰੂ ਨਾਨਕ ਪਾਤਸ਼ਾਹ ਨੇ ਚਰਨ ਪਾਏ ਸਨ ਉੱਥੇ ਜਾਨ ਲੱਗਾ ਅਤੇ ਗੁਰੂ ਨਾਨਕ ਦੇ ਘਰ ਦੀਆਂ ਕਥਾ-ਕਹਾਣੀਆਂ ਸਰਵਣ ਕਰਨ ਲੱਗਾ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਇੱਥੇ ਤਕਰੀਬਨ ਦਸ-ਬਾਰਾਂ ਘਰ ਨਾਨਕ ਨਾਮ ਲੇਵਾ ਸਨ ਜੋ ਗੁਰੂ ਘਰ ਨਾਲ ਸਬੰਧ ਰੱਖਦੇ ਸਨ। ਇਹ ਘਰ ਅੱਗੇ ਦੀ ਅੱਗੇ ਗੁਰੂ ਘਰ ਦੀ ਸਰੋਤ ਰੱਖਦੇ ਸਨ। ਆਮ ਹੀ ਉਨ੍ਹਾਂ ਪਰਿਵਾਰਾਂ ਵਿੱਚ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸੰਗਤਾਂ ਦੇ ਰੂਪ ਵਿੱਚ ਹੋਰ ਗੁਰੂ ਸਾਹਿਬਾਂ ਦੇ ਦਰਸ਼ਨ ਕਰਨ ਵਾਸਤੇ ਆਉਂਦੇ ਸਨ ਅਤੇ ਗੁਰੂ ਘਰ ਦੀਆਂ ਅਹਿਮ ਘੜੀਆਂ ਨੂੰ ਸੰਗਤਾਂ ਵਿੱਚ

ਸੁਣਾ ਕੇ ਗੁਰੂ ਘਰ ਦਾ ਦੁੱਖ-ਸੁੱਖ ਸਾਂਝਾ ਕਰਦੇ ਸਨ। ਇਹਨਾਂ ਵਿੱਚੋਂ ਬਹੁਤ ਸਾਰੇ ਪਰਿਵਾਰ ਅਜਿਹੇ ਸਨ ਜਿਨ੍ਹਾਂ ਨੇ ਗੁਰੂ ਹਰਿਗੋਬਿੰਦ ਸਹਿਬ ਜੀ ਦੇ ਦਰਸ਼ਨ ਕੀਤੇ ਹੋਏ ਸਨ ਅਤੇ ਕਈ ਅਜਿਹੇ ਵੀ ਸਨ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਵੀ ਦਰਸ਼ਨ ਕੀਤੇ ਹੋਏ ਸਨ। ਦਰਸ਼ਨਾਂ ਤੋਂ ਭਾਵ ਦੂਰ-ਦੂਰੇਡਿਆਂ ਤੋਂ ਸੰਗਤਾਂ ਇਕੱਠੀਆਂ ਹੋ ਕੇ ਕਈ ਮਹੀਨਿਆਂ ਦਾ ਸਫ਼ਰ ਤੈਅ ਕਰਦੀਆਂ ਹੋਈਆਂ ਗੁਰੂ ਸਾਹਿਬਾਨਾਂ ਕੋਲ ਕਈ ਦਿਨ ਮਹੀਨਿਆਂ ਤੱਕ ਰੁਕਦੀਆਂ ਸਨ। ਹੱਥੀਂ ਕਿਰਤ ਕਰਕੇ ਗੁਰੂ ਘਰ ਵਾਸਤੇ ਕੱਢਿਆ ਹੋਇਆ ਦਸਵੰਧ ਗੁਰੂ ਘਰ ਵਿੱਚ ਦਿੰਦੀਆਂ ਸਨ ਅਤੇ ਸੇਵਾ ਕਰਕੇ ਜੀਵਨ ਨੂੰ ਸਫ਼ਲ ਬਣਾਂਉਦੀਆਂ ਸਨ। ਗੁਰੂ ਜੀ ਦੀ ਚਰਨ ਪਹੁਲ ਪੀ ਕੇ ਜੀਵਨ ਨੂੰ ਅੰਮ੍ਰਿਤ ਬਣਾਂਉਦੀਆਂ ਸਨ ਤੇ ਇਹ ਚਰਨ-ਪਹੁਲ ਆਪਣੇ ਘਰਾਂ ਵਿੱਚ ਲਿਆ ਕੇ ਇਸ ਵਿੱਚ ਹੋਰ ਜਲ ਪਾ ਕੇ ਜਿਹੜੇ ਗੁਰੂ ਘਰ ਨਾਲ ਪਿਆਰ ਕਰਕੇ ਸਨ ਉਨ੍ਹਾਂ ਨੂੰ ਛਕਾ ਦਿੰਦੀਆਂ ਸਨ। ਚਰਨ-ਪਹੁਲ ਉੱਥੇ ਵੀ ਰੱਖੀ ਜਾਂਦੀ ਸੀ ਜਿੱਥੇ ਸੰਗਤਾਂ ਮਿਲ ਬੈਠ ਕੇ ਗੁਰੂ ਘਰ ਦੀਆਂ ਕਥਾ-ਕਹਾਣੀਆਂ ਸੁਣਦੀਆਂ ਸਨ। ਨਾਲ ਹੀ ਗੁਰਬਾਣੀ ਦੇ ਹੱਥ ਲਿਖਤ ਗੁਟਕੇ ਲਿਆ ਕੇ ਸਿੱਖਾਂ ਨੂੰ ਗੁਰਬਾਣੀ ਪੜ੍ਹਨ ਤੇ ਯਾਦ ਕਰਨ ਲਈ ਪ੍ਰੇਰਿਤ ਕਰਦੀਆਂ ਸਨ।

ਗੁਰੂ ਹਰਿ ਰਾਇ ਜੀ ਦੇ ਸਮੇਂ ਇੱਕ ਬਾਲਕ ਜਿਸ ਦਾ ਨਾਮ 'ਮਨੀਆ'[1] ਇਤਿਹਾਸਕਾਰਾਂ ਨੇ ਲਿਖਿਆ ਹੈ ਜੋ ਆਪਣੇ ਪਿਤਾ ਜੀ ਦੇ ਨਾਲ ਗੁਰੂ ਹਰਿ ਰਾਇ ਸਾਹਿਬ ਜੀ ਦੇ ਦਰਸ਼ਨ ਕਰਨ ਆਇਆ ਸੀ ਤੇ ਗੁਰੂ ਸਾਹਿਬ ਜੀ ਕੋਲ ਹੀ ਠਹਿਰ ਗਿਆ ਸੀ। ਗੁਰਮੁਖੀ ਪੜ੍ਹ ਕੇ ਬਾਲ ਅਵਸਥਾ ਵਿੱਚ ਹੀ ਜਪੁਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ, ਬਾਰਾਮਾਂਹ ਅਤੇ ਹੋਰ ਵੀ ਕਈ ਬਾਣੀਆਂ ਦੇ ਗੁਟਕੇ ਤਿਆਰ ਕਰਕੇ ਗੁਰੂ ਸਾਹਿਬ ਜੀ ਨੂੰ ਭੇਟਾ ਕਰ ਦਿੰਦਾ ਸੀ। ਜੋ ਸਿੱਖ ਸੰਗਤਾਂ ਦੂਰੋਂ-ਦੂਰੋਂ ਚੱਲ ਕੇ ਆਂਉਦੀਆਂ ਸਨ ਜਾਂ ਜੋ ਗੁਰਬਾਣੀ ਪੜ੍ਹ ਲੈਂਦੀਆਂ ਸਨ ਉਹਨਾਂ ਨੂੰ ਗੁਰੂ ਸਾਹਿਬ ਇਹ ਗੁਰਬਾਣੀ ਦੇ

1. ਇਹ ਬਾਲਕ ਬਾਅਦ ਵਿੱਚ ਭਾਈ ਮਨੀ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਗੁਟਕੇ ਸਿਰੋਪਾਉ ਦੇ ਤੌਰ ਤੇ ਭੇਂਟ ਕਰ ਦਿੰਦੇ ਸਨ ਅਤੇ ਉਨ੍ਹਾਂ ਸੰਗਤਾਂ ਨੂੰ ਬਹੁਤ ਭਾਗਾਂ ਵਾਲੀ ਸਮਝਿਆ ਜਾਂਦਾ ਸੀ ਜਿਨ੍ਹਾਂ ਨੂੰ ਇਹ ਬਖਸ਼ਿਸ ਗੁਰੂ ਸਾਹਿਬ ਵਲੋਂ ਮਿਲਦੀ ਸੀ।

ਸਮਾਂ ਅੱਗੇ ਵਧਦਾ ਰਿਹਾ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਬਾਅਦ ਸਮਾਂ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਚੱਲ ਰਿਹਾ ਸੀ। ਗੁਰੂ ਸਾਹਿਬ ਗੋਬਿੰਦ ਰਾਏ ਦੇ ਰੂਪ ਵਿੱਚ ਆਨੰਦ ਪੁਰ ਸਾਹਿਬ ਦੀ ਧਰਤੀ ਨੂੰ ਭਾਗ ਲਗਾ ਰਹੇ ਸਨ। ਦਵਾਰਕਾ ਨਿਵਾਸੀ ਗੁਰੂ ਘਰ ਦੀਆਂ ਕਥਾ-ਕਹਾਣੀਆਂ ਜਿਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਰਾਏ ਜੀ ਨੂੰ ਗੁਰਤਾ ਗੱਦੀ ਮਿਲਣੀ, ਪਟਨਾ ਸਾਹਿਬ ਵਿੱਚ ਗੁਰੂ ਸਾਹਿਬ ਜੀ ਦੀਆਂ ਬਾਲ ਗਾਥਾਵਾਂ ਆਦਿ ਸੰਗਤੀ ਰੂਪ ਵਿੱਚ ਸੁਣਾ ਕੇ ਅਕਸਰ ਹੀ ਨਿਹਾਲ ਹੁੰਦੇ ਸਨ। ਭਾਈ ਮੋਹਕਮ ਚੰਦ ਜੀ ਗੁਰਸਿੱਖਾਂ ਦੇ ਘਰਾਂ ਵਿੱਚ ਜਾਂਦੇ ਸਨ ਅਤੇ ਗੁਰੂ ਘਰ ਦੀਆਂ ਕਥਾ-ਕਹਾਣੀਆਂ ਸੁਣ ਕੇ ਪ੍ਰਸੰਨ ਹੁੰਦੇ ਸਨ। ਇੱਥੇ ਹੀ ਬਸ ਨਹੀਂ ਫਿਰ ਉਹ ਆਪਣੇ ਘਰ ਵਿੱਚ ਆ ਕੇ ਵੀ ਪਰਿਵਾਰ ਨਾਲ ਗੁਰੂ ਇਤਿਹਾਸ ਸਾਂਝਾ ਕਰਦੇ ਸਨ। ਚੰਗੇ ਗੁਣ ਤਾਂ ਹਿਰਦੇ ਅੰਦਰ ਬਚਪਨ ਤੋਂ ਹੀ ਸੰਜੋਏ ਹੋਏ ਸਨ। ਘਰ ਵਿੱਚ ਗਰੀਬੀ ਹੁੰਦੇ ਹੋਏ ਵੀ ਗੁਰੂ ਘਰ ਲਈ ਦਸਵੰਧ ਜ਼ਰੂਰੀ ਤੌਰ ਤੇ ਕੱਢਦੇ ਸਨ ਅਤੇ ਭਾਈ ਮੋਹਕਮ ਚੰਦ ਜੀ ਚੁਰਾਹੇ ਆਦਿਕ ਚੱਲਦੇ ਰਾਹੀਆਂ ਨੂੰ ਜਲ ਆਦਿ ਛਕਾ ਕੇ ਸੇਵਾ ਵੀ ਕਰਦੇ ਸਨ ਤੇ ਸੰਤੁਸ਼ਟ ਹੁੰਦੇ ਸਨ। ਕਈ ਗਰੀਬਾਂ ਦੇ ਵਸਤਰ ਵੀ ਘਰ ਲਿਆ ਕੇ ਸਿਲਾਈ ਕਰ ਦਿੰਦੇ ਸਨ। ਭਾਈ ਸਾਹਿਬ ਜੀ ਦੇ ਇਹੋ ਜਿਹੇ ਚੰਗੇ ਗੁਣ ਦੇਖ ਸਾਰੇ ਦਵਾਰਕਾ ਨਿਵਾਸੀ ਉਹਨਾਂ ਦੀ ਬਹੁਤ ਸਲਾਹਣਾ ਕਰਦੇ ਸਨ।

ਅੱਜ ਭਾਈ ਮੋਹਕਮ ਚੰਦ ਜੀ ਦੀ ਉਮਰ ਦੱਸ-ਬਾਰਾਂ ਸਾਲ ਦੀ ਹੋ ਗਈ ਸੀ। ਠੰਡ ਜੋਰਾਂ ਤੇ ਆਪਣਾ ਰੂਪ ਦਿੱਖਾ ਰਹੀ ਸੀ। ਇੱਕ ਲਾਲ ਚੰਦ ਨਾਮ ਦਾ ਪੰਡਿਤ ਮੁਫ਼ਲਤ ਭਰਿਆ ਜੀਵਨ ਗੁਜ਼ਾਰ ਰਿਹਾ ਸੀ। ਠੰਡ ਵਿੱਚ ਠੁਰ-ਠੁਰ ਕਰਦਾ ਤੁਰਿਆ ਆਂਉਦਾ ਭਾਈ ਮੋਹਕਮ ਚੰਦ ਜੀ ਨੂੰ ਮਿਲਿਆ ਅਤੇ ਬੇਨਤੀ ਕਰ ਕੇ

ਆਖਣ ਲੱਗਾ, "ਮੇਰੇ ਘਰ ਵਿੱਚ ਬਹੁਤ ਗਰੀਬੀ ਹੈ ਅਤੇ ਤਨ ਢਕਣ ਲਈ ਵੀ ਵਸਤਰ ਨਹੀਂ ਹਨ। ਮੋਹਕਮ ਚੰਦ ਤੂੰ ਸਾਡੀ ਕੋਈ ਮਦਦ ਕਰ। "

ਭਾਈ ਮੋਹਕਮ ਚੰਦ ਜੀ ਆਖਣ ਲੱਗੇ, "ਪੰਡਿਤ ਜੀ, ਭਗਵਾਨ ਕ੍ਰਿਸ਼ਨ ਜੀ ਦੀ ਨਗਰੀ ਵਿੱਚ ਤੁਸੀਂ ਰਹਿੰਦੇ ਹੋ। ਜਿਸ ਭਗਵਾਨ ਕ੍ਰਿਸ਼ਨ ਜੀ ਨੇ ਦਰੋਪਦੀ ਦੀ ਲਾਜ ਰੱਖਣ ਲਈ ਕੱਪੜਿਆਂ ਦੇ ਢੇਰ ਲਗਾ ਦਿੱਤੇ ਸਨ, ਤੁਸੀਂ ਵੀ ਉਸੇ ਭਗਵਾਨ ਕ੍ਰਿਸ਼ਨ ਜੀ ਚਰਨਾਂ ਵਿੱਚ ਸੱਚੇ ਮਨ ਨਾਲ ਬੇਨਤੀ ਕਰੋ। ਤੁਹਡੀ ਮੁਰਾਦ ਜ਼ਰੂਰ ਪੂਰੀ ਹੋਵੇਗੀ ਤੇ ਤੁਹਾਨੂੰ ਤਨ ਢਕਣ ਲਈ ਵਸਤਰ ਵੀ ਮਿਲ ਜਾਣਗੇ ਤੇ ਤੁਹਾਡੀ ਗ਼ਰੀਬੀ ਵੀ ਦੂਰ ਹੋ ਜਾਵੇਗੀ। "

ਤਾਂ ਪੰਡਿਤ ਲਾਲ ਚੰਦ ਆਖਣ ਲੱਗਾ, "ਹੁਣ ਤਾਂ ਭਗਵਾਨ ਕ੍ਰਿਸ਼ਨ ਵੀ ਵੱਡੇ ਪੰਡਿਤਾਂ ਦੇ ਹੱਥ ਵਿੱਚ ਹੈ। ਮੈਂ ਸਾਰੇ ਵੱਡੇ ਪੰਡਿਤਾਂ ਕੋਲ ਫਰਿਆਦ ਲਗਾਈ ਹੈ ਪਰ ਕਿਸੇ ਨੇ ਵੀ ਮੇਰੀ ਬਾਂਹ ਨਹੀਂ ਫੜੀ"।

ਭਾਈ ਮੋਹਕਮ ਚੰਦ ਜੀ ਆਖਣ ਲੱਗੇ, "ਮੈਂ ਤਾਂ ਗੁਰੂ ਨਾਨਕ ਦੇ ਘਰ ਦਾ ਸਿੱਖ ਹਾਂ ਜਿੱਥੇ 'ਨਾਂ ਕੋਈ ਬੈਰੀ ਨਾਂ ਹੀ ਬੈਗਾਨਾ' ਦਾ ਸਬਕ ਪੜਾਇਆ ਜਾਂਦਾ ਹੈ। ਮੈਂ ਤੁਹਾਡੀ ਮਦਦ ਕਰਾਂਗਾ"।

ਭਾਈ ਮੋਹਕਮ ਚੰਦ ਜੀ ਨੇ ਇਸ ਪੰਡਿਤ ਵਾਸਤੇ ਸਾਰੇ ਸਿੱਖ ਘਰਾਂ ਵਿੱਚੋਂ ਦਾਲ, ਆਟਾ, ਸੀਦਾ, ਕੱਪੜੇ ਅਤੇ ਮਾਇਆ ਆਦਿ ਇੱਕਠਾ ਕੀਤਾ ਤੇ ਪੰਡਿਤ ਲਾਲ ਚੰਦ ਨੂੰ ਦੇ ਦਿੱਤਾ। ਪੰਡਿਤ ਇਹ ਸਭ ਕੁਝ ਦੇਖ ਕੇ ਬਹੁਤ ਖੁਸ਼ ਹੋਇਆ ਤੇ ਸਾਰੀਆ ਵਸਤਾਂ ਲੈ ਕੇ ਖੁਸ਼ੀ ਨਾਲ ਅਸੀਸਾਂ ਦਿੰਦਾ ਹੋਇਆ ਚਲਾ ਗਿਆ। ਜਦੋਂ ਇਸ ਗੱਲ ਦਾ ਪਤਾ ਦਵਾਰਕਾ ਦੇ ਬਾਕੀ ਵੱਡੇ ਪੰਡਿਤਾਂ ਨੂੰ ਲੱਗਾ ਤਾਂ ਉਹ ਭਾਈ ਮੋਹਕਮ ਚੰਦ ਜੀ ਤੋਂ ਬਹੁਤ ਗੁੱਸੇ ਹੋ ਗਏ। ਇੱਕ ਵੱਡਾ ਪੰਡਿਤ ਭਾਈ ਮੋਹਕਮ ਚੰਦ ਜੀ ਨੂੰ ਆ ਕੇ ਕਹਿਣ ਲੱਗਾ, "ਤੁਸੀਂ ਨੀਵੀਂ ਜਾਤ ਦੇ ਹੋ ਕੇ ਇਸ ਪੰਡਿਤ ਲਈ ਵਸਤਾਂ ਤੇ ਭੋਜਨ ਇੱਕਠਾ ਕਰ ਕੇ ਦਿੱਤਾ ਹੈ ਅਤੇ ਇਹ ਪੰਡਿਤ ਤੁਹਾਡੀਆਂ ਵਸਤੂਆਂ ਲੈ ਕੇ ਭ੍ਰਿਸ਼ਟ ਹੋ ਗਿਆ ਹੈ। ਉਸ ਪੰਡਿਤ ਦੀ ਗੱਲ ਸੁਣ ਕੇ ਭਾਈ

ਮੋਹਕਮ ਚੰਦ ਜੀ ਨੇ ਬੜੇ ਦ੍ਰਿੜ੍ਹ ਹਿਰਦੇ ਨਾਲ ਉਸਨੂੰ ਇਹ ਗੱਲ ਆਖੀ, "ਐ ਪੰਡਿਤੋਂ, ਮੇਰੇ ਇਸ ਤਰ੍ਹਾਂ ਕਰਨ ਨਾਲ ਉਹ ਪੰਡਿਤ ਭ੍ਰਿਸ਼ਟ ਨਹੀ ਹੋਇਆ ਬਲਕਿ ਤੁਹਾਡੀਆਂ ਬੁੱਧੀਆਂ ਹੀ ਭ੍ਰਿਸ਼ਟ ਹੋਈਆਂ ਪਈਆਂ ਹਨ। ਤੁਸੀਂ ਕਿਸੇ ਗ਼ਰੀਬ ਦੀ ਮਦਦ ਨਹੀਂ ਕਰ ਸਕਦੇ ਤੇ ਜੇ ਕੋਈ ਹੋਰ ਮਦਦ ਕਰਦਾ ਹੈ ਤਾਂ ਉਸ ਦੇ ਰਾਹ ਵਿੱਚ ਵੀ ਰੁਕਾਵਟ ਪੈਦਾ ਕਰਦੇ ਹੋ।" ਭਾਈ ਮੋਹਕਮ ਚੰਦ ਜੀ ਦੀ ਗੱਲ ਸੁਣ ਕੇ ਇਹਨਾਂ ਪੰਡਿਤਾਂ ਨੇ ਮੌਕੇ ਦੇ ਹੁਕਮਰਾਨ 'ਯਸ਼ਵੰਤ ਰਾਇ'[1] ਦੇ ਕੋਲ ਜਾ ਕੇ ਭਾਈ ਸਾਹਿਬ ਦੀ ਸ਼ਿਕਾਇਤ ਕਰ ਦਿੱਤੀ ਕਿ ਜਗਜੀਵਨ ਰਾਮ ਦੇ ਪੁੱਤਰ ਮੋਹਕਮ ਚੰਦ, ਛੀਂਬਾ ਜਾਤ ਦੇ ਬਾਰਾਂ ਸਾਲ ਦੇ ਲੜਕੇ ਨੇ ਹਿੰਦੂਆਂ ਦੇ ਦੇਵੀ ਦੇਵਤਿਆਂ ਤੇ ਪੰਡਿਤਾਂ ਨੂੰ ਮਾੜਾ ਆਖਿਆ ਹੈ। ਕਈ ਹੋਰ ਪੰਡਿਤਾਂ ਨੂੰ ਨਾਲ ਲੈ ਕੇ ਭਾਈ ਸਾਹਿਬ ਦੇ ਪ੍ਰਤੀ ਇੱਕ ਮੁਕੱਦਮਾ ਖੜ੍ਹਾ ਕਰ ਦਿੱਤਾ। ਅਸਲੀ ਗੱਲ ਨੂੰ ਓਹਲੇ ਕਰ ਕੇ ਇਸ ਨੂੰ ਹੋਰ ਹੀ ਰੂਪ ਬਣਾ ਦਿੱਤਾ ਗਿਆ। ਇਸ ਨਾਲ ਭਾਈ ਮੋਹਕਮ ਚੰਦ ਜੀ ਦੇ ਪਰਿਵਾਰ ਉੱਪਰ ਮਾੜਾ ਪ੍ਰਭਾਵ ਪਿਆ। ਆਮ ਧਾਰਮਿਕ ਬੰਦੇ ਅਤੇ ਸਿੱਖ ਪਰਿਵਾਰ ਜਿਹੜੇ ਮੋਹਕਮ ਚੰਦ ਨੂੰ ਬਹੁਤ ਪਿਆਰ ਕਰਦੇ ਸਨ,ਸਾਰੇ ਹੀ ਸਾਥ ਛੱਡ ਗਏ। ਜਗਜੀਵਨ ਜੀ ਅਤੇ ਮਾਤਾ ਸੰਭਾਲੀ ਜੀ ਨੇ ਭਾਈ ਸਾਹਿਬ ਨੂੰ ਘਰੋਂ ਬਾਹਰ ਜਾਣ 'ਤ੍ਰੇ ਪਾਬੰਦੀ ਲਗਾ ਦਿੱਤੀ। ਪਰ ਭਾਈ ਮੋਹਕਮ ਚੰਦ ਜੀ ਨੇ ਹਿਰਦੇ ਦੀ ਦ੍ਰਿੜ੍ਹਤਾ ਨਾ ਛੱਡੀ ਅਤੇ ਬਾਰੰਬਾਰ ਗੁਰੂ ਨਾਨਕ ਦੀ ਦਸਵੀਂ ਜੋਤ ਗੁਰੂ ਗੋਬਿੰਦ ਰਾਏ ਜੀ ਦੇ ਚਰਨਾਂ ਵਿੱਚ ਅਰਦਾਸਾਂ ਕਰਦੇ ਰਹੇ ਕਿ 'ਆਪ ਇਸ ਸਮੇਂ ਦੇ ਗੁਰੂ ਹੋ। ਮੈਂ ਤਾਂ ਇੱਕ ਗਰੀਬ ਪੰਡਿਤ ਦੀ ਮਦਦ ਹੀ ਕੀਤੀ ਹੈ। ਇਨ੍ਹਾਂ ਭ੍ਰਿਸ਼ਟ ਬੁੱਧੀ ਦੇ ਮਾਲਕ ਪੰਡਿਤਾਂ ਨੇ ਇਸ ਗੱਲ ਦਾ ਰੂਪ ਹੀ ਬਦਲ ਦਿੱਤਾ ਹੈ। ਤੁਸੀਂ ਆਪ ਹੀ ਅੰਗ-ਸੰਗ ਸਹਾਈ ਹੋ ਕੇ ਮੇਰੀ ਅਦਾਲਤ ਵਿੱਚ ਰੱਖਿਆ ਕਰਨੀ ਜੀ। ਸੀਸ ਉੱਤੇ ਮਿਹਰ ਭਰਿਆ

1. ਰਾਜਾ ਪ੍ਰੀਸ਼ਤ ਰਾਏ ਜੋ ਆਪਣੇ ਆਪ ਵਿੱਚ ਬਹੁਤ ਹੀ ਧੰਨਵਾਨ ਸੀ ਤੇ ਦਵਾਰਕਾ ਵਿੱਚ ਉਸਦਾ ਰਾਜ ਚੱਲਦਾ ਸੀ, ਉਸਦੇ ਦੋ ਪੁੱਤਰ ਹੋਏ ਜਸ਼ੀ ਰਾਏ ਅਤੇ ਬਲਵੰਤ ਰਾਏ। ਬਲਵੰਤਵਰਾਏ ਦਾ ਪੁੱਤਰ ਦਵਾਰਕਾ-ਧੀਸ਼ ਬਣਿਆ। ਸੰਨ 1688 ਈ. ਵਿਚ ਉਹ ਦਵਾਰਕਾ ਦੇ ਹੁਕਮਰਾਨ ਬਣੇ ਜੋ ਨੇਕ ਵਿਚਾਰਾਂ ਵਾਲੇ ਸਨ ਅਤੇ ਸਾਰੇ ਫੈਸਲੇ ਰੱਬ ਕੋਲੋਂ ਡਰਕੇ ਕਰਦੇ ਸਨ - ਰਾਜਾ ਯਸ਼ਵੰਤ ਰਾਏ ਜੀ।

ਹੱਥ ਰੱਖ ਕੇ ਆਪ ਹੀ ਰਸਨਾ ਤੋਂ ਸੱਚ ਬੁਲਵਾਉਣਾ ਤੇ ਦਵਾਰਕਾ ਨਿਵਾਸੀਆਂ ਦੇ ਹਿਰਦੇ ਵਿੱਚ ਪਹਿਲਾਂ ਵਾਲਾ ਪਿਆਰ ਜਗਾਉਣਾ'। ਇਸ ਤਰ੍ਹਾਂ ਹਿਰਦੇ ਚੋਂ ਅਰਦਾਸਾਂ ਕਰ ਰਹੇ ਸਨ।

ਅੱਜ ਅਚਾਨਕ ਧਰਮਸ਼ਾਲਾ ਵਿੱਚ ਸੰਗਤ ਇੱਕਠੀ ਹੋਈ। ਸੰਗਤ ਵਿੱਚ ਜਗਜੀਵਨ ਜੀ ਵੀ ਗਏ। ਸੰਗਤ ਜਗਜੀਵਨ ਜੀ ਨੂੰ ਆਖਣ ਲੱਗੀ, "ਤੁਹਾਡਾ ਲੜਕਾ ਦੇਵੀ-ਦੇਵਤਿਆਂ ਨੂੰ ਮਾੜਾ ਆਖਦਾ ਹੈ। ਕੀ ਇਹ ਚੰਗੀ ਗੱਲ ਹੈ..?"

ਤਾਂ ਜਗਜੀਵਨ ਜੀ ਨੇ ਸੰਗਤ ਨੂੰ ਬਹੁਤ ਹੀ ਸਤਿਕਾਰ ਦਿੰਦੇ ਹੋਏ ਤੇ ਨਿਮਰਤਾ ਨਾਲ ਜੋ ਵੀ ਸੱਚੀ ਗਾਥਾ ਸੀ, ਸੁਣਾ ਦਿੱਤੀ ਤੇ ਕਿਹਾ, "ਇੱਕ ਗਰੀਬ ਪੰਡਿਤ ਲਾਲ ਚੰਦ ਦੀ ਮਦਦ ਕੀਤੀ ਸੀ ਜਿਸ ਕਰਕੇ ਇਹ ਵੱਡੇ ਪੰਡਿਤ ਊਚ ਨੀਚ ਦੇ ਵਿਤਕਰੇ ਦਾ ਸਹਾਰਾ ਲੈ ਕੇ ਗਲਤ ਢੰਗ ਨਾਲ ਇਸ ਗੱਲ ਨੂੰ ਤੋੜ-ਮਰੋੜ੍ਹ ਰਹੇ ਹਨ ਤੇ ਸਾਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।" ਸਾਰੀ ਸੰਗਤ ਸੱਚੀ ਗੱਲ ਦਾ ਪਤਾ ਲੱਗਣ ਤੇ ਮੋਹਕਮ ਚੰਦ ਦੀ ਮਦਦ ਕਰਨ ਲਈ ਤਿਆਰ ਹੋ ਗਈ। ਦਿੱਤੀ ਤਾਰੀਖ ਨੂੰ ਜਗਜੀਵਨ ਜੀ ਆਪਣੇ ਪੁੱਤਰ ਮੋਹਕਮ ਚੰਦ ਅਤੇ ਕੁਝ ਸੰਗਤ ਦੇ ਮੁੱਖੀ ਟਿੱਕਾ ਮੱਲ ਤੇ ਕੁਝ ਹੋਰ ਪਤਵੰਤੇ ਸੱਜਣਾਂ ਨੂੰ ਨਾਲ ਲੈ ਕੇ ਹੁਕਮਰਾਨ ਯਸ਼ਵੰਤ ਰਾਏ ਦੀ ਕਚਿਹਰੀ ਵਿੱਚ ਹਾਜ਼ਰ ਹੋ ਗਏ। ਉੱਥੇ ਉਹ ਪੰਡਿਤ ਪਹਿਲਾਂ ਹੀ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਯਸ਼ਵੰਤ ਰਾਏ ਨੂੰ ਆਪਣੇ ਵੱਲ ਕਰਨ ਲਈ ਪੂਰਾ ਜੋਰ ਲਗਾ ਕੇ ਬੈਠੇ ਸਨ।

ਯਸ਼ਵੰਤ ਰਾਏ ਜੀ ਨੇ ਸਭਾ ਆਰੰਭ ਕਰਨ ਦਾ ਹੁਕਮ ਦਿੱਤਾ। ਪੰਡਿਤਾਂ ਦਾ ਮੁੱਖੀ ਸ਼ੱਕੀ ਰਾਮ[1] ਸਭਾ ਵਿੱਚ ਉੱਠ ਕੇ ਮੋਹਕਮ ਚੰਦ ਜੀ ਨੂੰ ਸਜਾ ਦਵਾਉਣ ਲਈ ਬਹੁਤ ਸਾਰੀਆਂ ਝੂਠੀਆਂ ਗੱਲਾਂ ਕਰਨ ਲੱਗ ਪਿਆ। ਉੱਧਰ ਝੱਟ ਸਭਾ ਵਿੱਚ ਬੈਠੇ ਟਿੱਕਾ ਰਾਮ ਜੀ ਦੇ ਪੁੱਤਰ ਸੰਤਾਂ ਜੀ ਦੌੜ ਕੇ ਲਾਲ ਚੰਦ ਪੰਡਿਤ ਦੇ ਘਰ ਚਲੇ ਗਏ ਤੇ ਉਸ ਨੂੰ ਸਾਰੀ ਗੱਲ ਦੱਸ ਦਿੱਤੀ ਕਿ ਉਸਦੀ

1. ਪ੍ਰਿੰ: ਸੋਭਾ ਸਿੰਘ ਜੀ ਨੇ ਇਹਨਾਂ ਪੰਡਿਤਾਂ ਦੇ ਨਾਮ ਰਾਮਦਿੱਤਾ, ਕਿਰਪਾਤ ਚੰਦ ਅਤੇ ਦਮੋਦਰ ਜੀ ਲਿਖਿਆ ਹੈ।

ਮਦਦ ਕਰਨ ਦੇ ਬਦਲੇ ਹੋ ਸਕਦਾ ਹੈ ਕਿ ਮੋਹਕਮ ਚੰਦ ਨੂੰ ਕੋਈ ਸਜਾ ਹੀ ਸੁਣਾ ਦਿੱਤੀ ਜਾਵੇ।

ਉਸਨੂੰ ਹਲੂਣਾ ਦੇ ਕੇ ਸੰਤਾਂ ਜੀ ਨੇ ਕਿਹਾ ਕਿ ਜੇ ਨੇਕੀਆਂ ਕਰਨ ਵਾਲੇ ਬੰਦਿਆਂ ਨੂੰ ਸਜ਼ਾਵਾਂ ਮਿਲਣ ਲੱਗ ਗਈਆਂ ਤਾਂ ਨੇਕੀਆਂ ਤਾਂ ਫਿਰ ਖੰਬ ਲਗਾ ਕੇ ਉੱਡ ਜਾਣਗੀਆਂ। ਅੱਗੇ ਤੋਂ ਕਿਸੇ ਨੇ ਵੀ ਕਿਸੇ ਗਰੀਬ ਦੀ ਮਦਦ ਨਹੀਂ ਕਰਨੀ। ਇਹ ਗੱਲ ਸੁਣ ਕੇ ਪੰਡਿਤ ਲਾਲ ਚੰਦ ਦੀ ਘਰ ਵਾਲੀ ਆਖਣ ਲੱਗੀ, "ਪੰਡਿਤ ਜੀ ਤੁਸੀਂ ਜ਼ਰੂਰ ਜਾਉ ਤੇ ਸਾਰਿਆਂ ਦੇ ਸਾਹਮਣੇ ਸੱਚੀ ਗੱਲ ਰੱਖੋ"। ਤਾਂ ਵਾਹੋ-ਦਾਹੀ ਲਾਲ ਚੰਦ ਤੇ ਸੰਤਾ ਜੀ ਸਭਾ ਵਿੱਚ ਪਹੁੰਚੇ। ਲਾਲ ਚੰਦ ਨੇ ਆਪਣੇ ਨੇਤਰਾਂ ਵਿੱਚ ਹੰਝੂ ਲਿਆ ਕੇ ਯਸ਼ਵੰਤ ਰਾਏ ਨੂੰ ਬੇਨਤੀ ਕੀਤੀ, "ਕੋਈ ਵੀ ਫੈਸਲਾ ਸੁਣਾਉਣ ਤੋਂ ਪਹਿਲਾਂ ਮੇਰੀ ਗੱਲ ਜ਼ਰੂਰ ਸੁਣੀ ਜਾਵੇ"।

ਯਸ਼ਵੰਤ ਰਾਏ ਨੇ ਲਾਲ ਚੰਦ ਨੂੰ ਹੁਕਮ ਦੇ ਕਿਹਾ, "ਦੱਸੋ ਲਾਲ ਚੰਦ ਜੀ ਕੀ ਕਹਿਣਾ ਚਾਹੁੰਦੇ ਹੋ?"

ਤਾਂ ਲਾਲ ਚੰਦ ਨੇ ਆਪਣੀ ਗਰੀਬੀ ਭਰੀ ਜੀਵਨ ਗਾਥਾ ਕਹਿਣੀ ਆਰੰਭ ਕਰ ਦਿੱਤੀ। ਉਹ ਜਦੋਂ ਰੋ-ਰੋ ਕੇ ਆਪਣੀ ਗੱਲ ਸੁਣਾ ਰਿਹਾ ਸੀ ਤਾਂ ਸਭਾ ਵਿੱਚ ਬੈਠੇ ਸਾਰੇ ਪੰਡਿਤਾਂ ਦੇ ਚਿਹਰੇ ਦਾ ਰੰਗ ਉੱਡ ਗਿਆ। ਉਸਨੇ ਸਾਰੀ ਬੀਤੀ ਵਿੱਥਿਆ ਸੁਣਾ ਦਿੱਤੀ। ਸੱਚ ਦਾ ਵਿਰਲਾਪ ਸੁਣ ਰਹੀ ਸਾਰੀ ਸੰਗਤ ਨੇ ਵੀ ਗਵਾਹੀ ਭਰ ਦਿੱਤੀ। ਯਸ਼ਵੰਤ ਰਾਏ[1] ਨੇ ਦੇਖਿਆ ਕਿ ਸਾਰੀ ਸੰਗਤ ਤੇ ਸਭਾ ਮੋਹਕਮ ਚੰਦ ਦੀ ਗਵਾਹੀ ਭਰ ਰਹੀ ਹੈ ਤੇ ਝੂਠੇ ਪੰਡਿਤ ਇੱਕ-ਇੱਕ ਕਰਕੇ ਉੱਥੋਂ ਖਿਸਕ ਰਹੇ ਸਨ। ਹੁਕਮਰਾਨ ਸੱਚ ਦਾ ਫੈਸਲਾ ਸੁਣਾ ਕੇ ਪੰਡਿਤਾਂ ਨੂੰ ਫਿਟਕਾਰ ਪਾਈ ਅਤੇ ਇਨਸਾਨੀਅਤ ਧਰਮ ਦਰਸਾਉਂਦੇ ਹੋਏ ਮੋਹਕਮ ਚੰਦ ਤੋਂ ਖਿਮਾ ਦੀ ਯਾਚਨਾ ਕੀਤੀ ਅਤੇ ਮੋਹਕਮ ਚੰਦ ਦੀ ਜਿੱਤ ਹੋਈ। ਮੋਹਕਮ ਚੰਦ ਨੂੰ ਸਾਰੇ ਹੁਣ ਹੋਰ ਵੀ ਜਿਆਦਾ ਪਿਆਰ ਕਰਨ ਲੱਗੇ ਤੇ ਯਸ਼ਵੰਤ ਰਾਏ ਵੀ ਭਾਈ

1. ਯਸ਼ਵੰਤ ਰਾਏ ਭਾਈ ਮੋਹਕਮ ਚੰਦ ਜੀ ਦੇ ਜੀਵਨ ਤੋਂ ਸਦਕੇ ਜਾਂਦੇ ਸਨ। ਕੁਝ ਸਮੇਂ ਬਾਅਦ ਯਸ਼ਵੰਤ ਰਾਏ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿੱਚ ਆਇਆ ਸੀ।

ਸਾਹਿਬ ਦਾ ਬਹੁਤ ਸਤਿਕਾਰ ਕਰਨ ਲੱਗਾ ਤੇ ਕਹਿਣ ਲੱਗਾ ਕਿ ਇਹ ਕੋਈ ਆਮ ਬਾਲਕ ਨਹੀਂ ਹੈ ਬਲਕਿ ਇਹ ਤਾਂ ਇੱਕ ਮਹਾਨ ਬਾਲਕ ਹੈ। ਉਸਨੇ ਭਾਈ ਸਾਹਿਬ ਜੀ ਨੂੰ ਆਖਿਆ ਕਿ ਜੇ ਉਸਨੇ ਕਿਸੇ ਨੂੰ ਕੁਝ ਦੇਣਾ ਹੋਵੇ ਜਾਂ ਕਿਸੇ ਦੀ ਮਦਦ ਕਰਨੀ ਹੋਵੇ ਤਾਂ ਉਹ ਉਹਨੂੰ ਸੇਵਾ ਦਾ ਮੌਕਾ ਜ਼ਰੂਰ ਦੇਵੇ।

ਅਗਲੇ ਦਿਨ ਅੰਮ੍ਰਿਤ ਵੇਲੇ ਜਿਥੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਚਰਨ ਪਏ ਸਨ ਉੱਥੇ ਸਾਰੀ ਸੰਗਤ ਇੱਕਠੀ ਹੋਈ ਜਿਨ੍ਹਾਂ ਵਿੱਚ ਭਾਈ ਟਿੱਕਾ ਮੱਲ ਜੀ ਨੇ ਸੰਗਤ ਨੂੰ ਕਿਹਾ ਕਿ ਸਾਰੀ ਸੰਗਤ ਦੀ ਇਹ ਚਾਹਣਾ ਕਿ ਮੋਹਕਮ ਚੰਦ ਨੂੰ ਸਨਮਾਨਿਤ ਕੀਤਾ ਜਾਵੇ। ਜਦੋਂ ਇਸ ਗੱਲ ਦਾ ਪਤਾ ਭਾਈ ਸਾਹਿਬ ਜੀ ਨੂੰ ਲੱਗਾ ਤਾਂ ਉਹ ਸੰਗਤ ਵਿੱਚ ਆ ਕੇ ਹੱਥ ਜੋੜ ਕੇ ਬੇਨਤੀ ਕਰਨ ਲੱਗੇ, "ਸਾਧ ਸੰਗਤ ਜੀ, ਇਹ ਕੋਈ ਮੇਰੀ ਆਪਣੀ ਜਿੱਤ ਨਹੀਂ ਹੋਈ ਬਲਕਿ ਇਹ ਤਾਂ ਸਾਹਿਬ ਗੁਰੂ ਗੋਬਿੰਦ ਰਾਏ ਜੀ ਨੇ ਬਖਸ਼ਿਸ਼ ਕੀਤੀ ਹੈ। ਮੈਂ ਉਨ੍ਹਾਂ ਦੇ ਚਰਨਾਂ ਵਿੱਚ ਅਰਦਾਸ ਕਰਕੇ ਸਭਾ ਵਿੱਚ ਗਿਆ ਸੀ।"

ਇਹ ਗੱਲ ਸੁਣ ਕੇ ਸਾਰੀ ਸੰਗਤ ਕਹਿਣ ਲੱਗੀ, "ਧੰਨ ਗੋਬਿੰਦ ਰਾਏ, ਧੰਨ ਗੋਬਿੰਦ ਰਾਏ, ਜਿਨ੍ਹਾਂ ਨੇ ਸਭਾ ਵਿੱਚ ਆਪ ਆਪਣੇ ਸਿੱਖ ਦੀ ਜਿੱਤ ਕਰਵਾਈ।"

ਪਿਤਾ ਜਗਜੀਵਨ ਜੀ ਹੱਥੀਂ ਕਿਰਤ ਕਰਦੇ ਸਨ, ਹੱਥ ਨਾਲ ਸਿਲਾਈ ਕਰਕੇ ਵਸਤਰ ਤਿਆਰ ਕਰਦੇ ਸਨ ਤੇ ਆਪਣੇ ਜੀਵਨ ਦੀ ਉਪਜੀਵਕਾ ਚਲਾਉਂਦੇ ਸਨ। ਮਾਤਾ ਸੰਭਾਲੀ ਜੀ ਵੀ ਕੰਮ ਵਿੱਚ ਹੱਥ ਵਟਾਂਉਦੇ ਸਨ। ਮਾਤਾ-ਪਿਤਾ ਦਾ ਬਾਲਕ ਮੋਹਕਮ ਚੰਦ ਦੇ ਜੀਵਨ ਤੇ ਡੂੰਘਾ ਅਸਰ ਹੋਣਾ ਸੁਭਾਵਿਕ ਗੱਲ ਸੀ। ਮੋਹਕਮ ਚੰਦ ਵੀ ਸਿਲਾਈ ਦਾ ਕੰਮ ਮਨ ਲਗਾ ਕੇ ਸਿੱਖਦੇ ਅਤੇ ਕਰਦੇ। ਭਾਈ ਸਾਹਿਬ ਕੰਮ ਦੀ ਸੁੱਘੜਤਾ ਇੰਨੀ ਮਹਾਨ ਸੀ ਕਿ ਕਈ ਵਾਰ ਪਿਤਾ ਵੀ ਹੈਰਾਨ ਹੋ ਜਾਂਦੇ ਸਨ। ਇਹਨਾਂ ਦੇ ਹੱਥ ਵਿੱਚ ਇੰਨੀ ਸਫ਼ਾਈ ਆ ਗਈ ਕਿ ਪਿਤਾ ਨੇ ਹੁਣ ਅਮੀਰ-ਰਹੀਸ ਲੋਕਾਂ ਦੇ ਵਸਤਰਾਂ ਦੀ ਸਿਲਾਈ ਕਰਨ ਦੀ ਜਿੰਮੇਵਾਰ ਭਾਈ ਸਾਹਿਬ ਦੀ ਲਗਾ ਦਿੱਤੀ। ਘਰ ਵਿੱਚ ਆਏ ਹੋਏ ਹਰ ਗ੍ਰਾਹਕ

ਇਹੀ ਕਹਿੰਦੇ ਸਨ ਕਿ ਜਗਜੀਵਨ ਜੀ, ਤੁਸੀਂ ਸਾਡੇ ਕੱਪੜਿਆਂ ਦੀ ਸਿਲਾਈ ਮੋਹਕਮ ਚੰਦ ਕੋਲੋਂ ਹੀ ਕਰਵਾਉ।

ਇੱਕ ਦਿਨ ਪੰਡਿਤ ਲਾਲ ਚੰਦ ਕੁਝ ਵਸਤਰ ਲੈ ਕੇ ਘਰ ਆਇਆ। ਮੋਹਕਮ ਚੰਦ ਜੀ ਨੂੰ ਵਸਤਰ ਬਣਾਂਉਦੇ ਅਤੇ ਨਾਪ ਕਰਦੇ ਦੇਖਿਆ ਤਾਂ ਕਹਿਣ ਲੱਗਾ, "ਮੋਹਕਮ ਚੰਦ ਜੀ, ਮੇਰੇ ਉੱਪਰ ਆਪ ਜੀ ਦੇ ਬਹੁਤ ਅਹਿਸਾਨ ਹਨ, ਸੋ ਮੈਨੂੰ ਵੀ ਕੋਈ ਸੇਵਾ ਕਰਨ ਦਾ ਮੌਕਾ ਦਿਓ"।

ਮੋਹਕਮੰ ਚੰਦ ਜੀ ਆਖਣ ਲੱਗੇ, "ਪ੍ਰੋਹਿਤਾਂ ਤੋਂ ਸੇਵਾ ਕਰਵਾਈ ਦੀ ਨਹੀਂ ਸਗੋਂ ਕਰੀਦੀ ਹੈ ਜੀ"।

ਲਾਲ ਚੰਦ ਜੀ ਆਖਣ ਲੱਗੇ, "ਕੁਝ ਨਾ ਕੁਝ ਸੇਵਾ ਤਾਂ ਮੈਨੂੰ ਜ਼ਰੂਰ ਬਖਸ਼ੋ।" ਤਾਂ ਮੋਹਕਮ ਚੰਦ ਜੀ ਨੇ ਆਖਿਆ, "ਵਿੱਦਿਆ ਪੜ੍ਹਾਉਣ ਦੀ ਕਿਰਪਾ ਕਰੋ, ਵਿੱਦਿਆ ਦੀ ਦਾਤ ਮੇਰੀ ਝੋਲੀ ਪਾਉ।"

ਵਿੱਦਿਆ ਦੀ ਪ੍ਰਾਪਤੀ

ਜਦੋਂ ਲਾਲ ਚੰਦ ਜੀ ਨੇ ਮੋਹਕਮ ਚੰਦ ਦੀ ਇਹ ਇੱਛਾ ਸੁਣੀ ਤਾਂ ਉਸਨੇ ਬੜੀ ਖ਼ੁਸ਼ੀ ਨਾਲ ਭਾਈ ਸਾਹਿਬ ਜੀ ਨੂੰ ਵਿੱਦਿਆ ਦੇਣ ਦਾ ਚਾਅ ਪ੍ਰਗਟ ਕੀਤਾ। ਸਮਾਂ ਮਿੱਥ ਕੇ ਲਾਲ ਚੰਦ ਜੀ ਭਾਈ ਸਾਹਿਬ ਜੀ ਨੂੰ ਸਵੇਰੇ ਅਤੇ ਸ਼ਾਮ ਦੋਨੋਂ ਵਕਤ ਹਿੰਦੀ, ਸੰਸਕ੍ਰਿਤ ਅਤੇ ਬ੍ਰਿਜ ਇਹਨਾਂ ਤਿੰਨਾਂ ਭਾਸ਼ਾਵਾਂ ਦੀ ਵਿੱਦਿਆ ਦਾ ਗਿਆਨ ਦੇਣ ਲੱਗ ਪਏ। ਮੋਹਕਮ ਚੰਦ ਜੀ ਨੇ ਆਪਣੇ ਨਾਲ ਹੋਰ ਵੀ ਕਈ ਗਰੀਬ ਹਮ ਉਮਰ ਦੇ ਨੌਜਵਾਨਾਂ ਨੂੰ ਵੀ ਨਾਲ ਹੀ ਪੜ੍ਹਨ ਲਈ ਬਿਠਾ ਲਿਆ। ਲਾਲ ਚੰਦ ਦੇ ਇਸ ਸ਼ੁੱਭ ਕਾਰਜ ਕਾਰਨ ਗੁਰਸਿੱਖ ਪਰਿਵਾਰ ਛੀਂਬਾ ਬਰਾਦਰੀ ਦੇ ਬਹੁਤ ਸਾਰੇ ਲੋਕ ਅਤੇ ਕਈ ਨੀਵੀਆਂ ਜਾਤਾਂ ਦੇ ਲੋਕ ਉਸਦਾ ਬਹੁਤ ਸਨਮਾਨ ਕਰਨ ਲੱਗ ਪਏ। ਇਸ ਗੱਲ ਦੀ ਚਰਚਾ ਸ਼ਹਿਰ ਦੇ ਕੋਨੇ-ਕੋਨੇ ਤੱਕ ਪੁੱਜ ਗਈ। ਦਵਾਰਕਾ ਦੇ ਰਹਿਣ ਵਾਲੇ ਪੰਡਿਤ ਪ੍ਰੋਹਿਤ ਅਤੇ ਉੱਚੀਆਂ ਜਾਤਾਂ ਦੇ ਲੋਕ ਇਹ ਗੱਲ ਸੁਣ ਕੇ ਲੋਹਾ-ਲਾਖਾ ਹੋ ਗਏ ਅਤੇ

ਇਹਨਾਂ ਲੋਕਾਂ ਨੇ ਇੱਕ ਦੂਸਰੇ ਨਾਲ ਸੰਪਰਕ ਬਣਾ ਕੇ ਵਿਰੋਧਤਾ ਦਾ ਝੰਡਾ ਚੁੱਕ ਲਿਆ। ਇਹਨਾਂ ਲੋਕਾਂ ਮੁਤਾਬਿਕ ਸੰਸਕ੍ਰਿਤ ਭਾਸ਼ਾ ਕੇਵਲ ਅਤੇ ਕੇਵਲ ਪੰਡਿਤ ਤੇ ਉੱਚ ਜਾਤੀ ਦੇ ਲੋਕ ਹੀ ਪੜ੍ਹ ਸਕਦੇ ਹਨ। ਇਹ ਜ਼ੁਲਮ ਅਤੇ ਘੋਰ ਪਾਪ ਹੈ ਜੋ ਛੇਤੀ ਤੋਂ ਛੇਤੀ ਬੰਦ ਹੋਣਾ ਚਾਹੀਦਾ ਹੈ। ਇਹ ਗੱਲ ਲਾਲ ਚੰਦ ਜੀ ਨੂੰ ਸਮਝਾਉਣ ਲਈ ਪੰਡਿਤਾਂ ਦੇ ਮੁੱਖੀਆਂ ਵਿੱਚੋਂ ਰਾਮਦਿੱਤਾ ਜੀ, ਕੁਝ ਹੋਰ ਪਤਵੰਤੇ ਪੰਡਿਤਾਂ ਨੂੰ ਨਾਲ ਲੈ ਕੇ ਉਸਦੇ ਘਰ ਪਹੁੰਚਿਆ ਅਤੇ ਸਮਝਾਉਣ ਲੱਗਾ, "ਪੰਡਿਤ ਜੀ, ਜੇ ਤੁਸੀਂ ਪੰਡਿਤਾਂ ਪ੍ਰੋਹਿਤਾਂ ਵਾਲੀ ਵਿੱਦਿਆ ਨੀਵੀਆਂ ਜਾਤਾਂ ਨੂੰ ਦੇ ਦੇਵੋਗੇ ਤਾਂ ਸਾਡੀ ਆਉਣ ਵਾਲੀ ਸੰਤਾਨ ਰੋਟੀ ਕਿੱਥੋਂ ਖਾਵੇਗੀ।ਸਾਡੇ ਕੋਲ ਇੱਕੋ ਇੱਕ ਤਾਂ ਇਹ ਭਾਸ਼ਾ 'ਸੰਸਕ੍ਰਿਤ' ਹੈ ਜਿੱਸਦੇ ਜ਼ਰੀਏ ਅਸੀਂ ਆਪਣੀਆਂ ਰੋਟੀਆਂ ਚੋਪੜਦੇ ਹਾਂ। ਜੇ ਨੀਵੀਆਂ ਜਾਤੀਆਂ ਵਾਲੇ ਵੀ ਇਹ ਵਿੱਦਿਆ ਪੜ੍ਹ. ਗਏ ਤਾਂ ਸਾਨੂੰ ਕੌਣ ਪੁੱਛੇਗਾ? ਲਾਲ ਚੰਦ ਜੀ ਤੁਸੀਂ ਅੱਜ ਤੋਂ ਬਾਅਦ ਵਿੱਦਿਆ ਪੜ੍ਹਾਉਣ ਨਹੀਂ ਜਾਣਾ, ਬੱਸ ਸੁਣ ਲਓ!"

ਲਾਲ ਚੰਦ ਜੀ ਖੜ੍ਹੇ ਹੋ ਕੇ ਬੜੇ ਰੋਹ ਵਿੱਚ ਆ ਕੇ ਆਖਣ ਲੱਗੇ, "ਮੈਂ ਜਾਣਦਾਂ ਤੁਹਾਨੂੰ ਸਾਰੇ ਪੰਡਿਤਾਂ ਨੂੰ ਚੰਗੀ ਤਰਾਂ..., ਜਦੋਂ ਮੈਂ ਦਮੋਦਰ ਜੀ ਤੇ ਕਿਰਪਾਲ ਚੰਦ ਜੀ ਦੇ ਘਰ ਵਿੱਚ ਗੇੜੇ ਮਾਰ-ਮਾਰ ਕੇ ਮਿੰਨਤਾਂ ਕਰਦਾ ਸੀ, ਬੇਨਤੀਆਂ ਕਰਦਾ ਸੀ ਕਿ ਮੇਰੀ ਰੋਟੀ ਦਾ ਕੋਈ ਹੀਲਾ ਕਰੋ, ਮੇਰੀ ਸਹਾਇਤਾ ਕਰੋ, ਉਦੋਂ ਤਾਂ ਕਿਸੇ ਨੇ ਵੀ ਮੇਰੀ ਬਾਂਹ ਨਹੀਂ ਫੜੀ। ਕੀ ਤੁਹਾਨੂੰ ਪਤਾ ਮੇਰੇ ਬੱਚੇ ਉਸ ਵਕਤ ਇੱਕ-ਇੱਕ ਦਾਣੇ ਦੇ ਮੋਹਥਾਜ ਸਨ। ਕਪੜੇ-ਲੱਤੇ ਦੀ ਤਾਂ ਬੜੀ ਦੂਰ ਦੀ ਗੱਲ ਰਹੀ, ਓਏ ਤੁਹਾਡੇ ਵਿੱਚੋਂ ਕਿਸੇ ਨੇ ਵੀ ਆ ਕੇ ਮੇਰੇ ਬੱਚਿਆਂ ਦੇ ਲਈ ਰੋਟੀ ਤੱਕ ਦੀ ਸਹਾਇਤਾ ਨੀ ਕੀਤੀ।"

ਸਾਰੇ ਪੰਡਿਤ ਸਿਰ ਨਿਵਾਂ ਕਰ ਕੇ ਸੁਣਦੇ ਰਹੇ।ਲਾਲ ਚੰਦ ਜੀ ਨੇ ਫਿਰ ਥੋੜੀ ਨਿਮਰਤਾ ਵਿੱਚ ਆ ਕੇ ਇਨ੍ਹਾਂ ਨੂੰ ਕਿਹਾ, "ਉਸ ਦੁੱਖ ਦੀ ਘੜੀ ਵਿੱਚ ਇਹੀ ਮੋਹਕਮ ਚੰਦ ਨੇ ਮੇਰੀ ਬਾਂਹ ਫੜੀ ਸੀ, ਮੇਰੀ ਕੱਪੜਿਆਂ ਤੇ ਘਰ ਵਾਸਤੇ ਸੀਦਾ ਆਦਿ ਹੋਰ ਲੋਕਾਂ ਦੇ

ਘਰਾਂ ਵਿੱਚੋਂ ਮੰਗ ਕੇ ਮੇਰੀ ਸਹਾਇਤਾ ਕੀਤੀ ਸੀ। ਮੋਹਕਮ ਚੰਦ ਜੀ ਹਮੇਸ਼ਾਂ ਗੁਰੂ ਗੋਬਿੰਦ ਰਾਇ ਦੇ ਗੁਣ ਗਾਇਣ ਕਰਦੇ ਰਹਿੰਦੇ ਹਨ ਤੇ ਉਹਨਾਂ ਦੀਆਂ ਕਥਾ ਕਹਾਣੀਆਂ ਮੈਨੂੰ ਵੀ ਸੁਣਾਉਂਦੇ ਹਨ। ਮੈਂ ਤੁਹਾਨੂੰ ਇਹ ਵੀ ਦੱਸ ਦਿੰਦਾ ਹਾਂ ਕਿ ਮੈਂ ਤਾਂ ਆਪ ਵੀ ਤੁਹਾਡੀ ਪੰਡਿਤ-ਪ੍ਰੋਹਤੀ ਛੱਡ ਕੇ ਗੁਰੂ ਗੋਬਿੰਦ ਰਾਇ ਦਾ ਸੱਚਾ ਸਿੱਖ[1] ਬਣਾਂਗਾ।"

ਪੰਡਿਤ ਲਾਲ ਜੀ ਨੇ ਫਿਰ ਖਰ੍ਹੀਆਂ-ਖਰ੍ਹੀਆਂ ਸੁਣਾਉਂਦੇ ਹੋਏ ਕਿਹਾ, "ਮੈਂ ਤੁਹਾਡੇ ਤੋਂ ਪੁੱਛਦਾ ਹਾਂ ਰਾਮ ਦਿੱਤਾ ਜੀ, ਇਹ ਕਿਹੜੇ ਵੇਦ ਜਾਂ ਸ਼ਾਸ਼ਤਰ ਵਿੱਚ ਲਿਖਿਆ ਹੈ ਕਿ ਸੰਸਕ੍ਰਿਤ ਜਾਂ ਹੋਰ ਵਿੱਦਿਆ ਕਿਸੇ ਨੀਵੀਂ ਜਾਤ ਵਾਲੇ ਨੂੰ ਨਹੀਂ ਦਿੱਤੀ ਜਾ ਸਕਦੀ...?"

ਰਾਮ ਦਿੱਤਾ ਜੀ ਆਖਣ ਲੱਗੇ, "ਲਾਲ ਚੰਦ ਜੀ, ਤੁਸੀਂ ਇਹੀ ਸਮਝੋ ਕਿ ਜੇ ਇਹ ਵਿੱਦਿਆ ਆਮ ਲੋਕਾਂ ਕੋਲ ਜਾਣ ਲੱਗ ਗਈ ਤਾਂ ਪੰਡਿਤਾਂ ਨੂੰ ਕਿਸੇ ਨੇ ਨਹੀਂ ਪੁੱਛਣਾ। ਤੁਸੀਂ ਸਾਡੀਆਂ ਆਉਣ ਵਾਲੀਆਂ ਕੁੱਲਾਂ ਦੀਆਂ ਬੇੜੀਆਂ ਵਿੱਚ ਵੱਟੇ ਪਾ ਰਹੇ ਹੋ"।

ਤਾਂ ਲਾਲ ਚੰਦ ਜੀ ਨੇ ਝੱਟ ਹੀ ਜਵਾਬ ਦਿੱਤਾ, "ਆਉਣ ਵਾਲੀਆਂ ਕੁੱਲਾਂ ਦਾ ਤਾਂ ਪਤਾ ਨਹੀਂ, ਤੁਸੀਂ ਤਾਂ ਅੱਜ ਹੀ ਮੇਰੀਆਂ ਬੇੜੀਆਂ ਵਿੱਚ ਵੱਟੇ ਪਾਈ ਜਾ ਰਹੇ ਹੋ। ਤੁਸੀਂ ਜਿਹੜੀ ਜਲਾਹਤ ਛੇੜਨੀ ਹੈ ਛੇੜ ਲਓ, ਮੈਂ ਤਾਂ ਹੁਣ ਮੋਹਕਮ ਚੰਦ ਨੂੰ ਇਹ ਸਾਰੀ ਵਿੱਦਿਆ ਦਾ ਗਿਆਨ ਦੇ ਕੇ ਹੀ ਹਟਾਂਗਾ"।

ਪੰਡਿਤ ਲਾਲ ਚੰਦ ਦੇ ਇਸ ਤਰ੍ਹਾਂ ਕਰਨ ਨਾਲ ਦੁਖੀ ਪੰਡਿਤਾਂ ਨੇ ਉਸਨੂੰ ਬਹੁਤ ਦੁੱਖ-ਤਕਲੀਫਾਂ ਦਿੱਤੀਆਂ ਪਰ ਲਾਲ ਚੰਦ ਜੀ ਆਪਣੇ ਵਿਦਿਆਰਥੀਆਂ ਨੂੰ ਨਿਰੰਤਰ ਵਿੱਦਿਆ ਪੜ੍ਹਾਂਉਦੇ ਰਹੇ।

1. ਕੁਝ ਸਮੇਂ ਬਾਅਦ ਲਾਲ ਚੰਦ ਜੀ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਜਾ ਕੇ ਲਾਲ ਚੰਦ ਜੀ ਤੋਂ ਲਾਲ ਸਿੰਘ ਬਣ ਗਿਆ ਜਿਨ੍ਹਾਂ ਦਾ ਨਾਮ ਕਈ ਮਹਾਂ ਯੁੱਧਾਂ ਵਿੱਚ ਬੜੇ ਸਨਮਾਨ ਨਾਲ ਲਿਆ ਜਾਂਦਾ ਹੈ।

ਰਾਜਾ ਯਸ਼ਵੰਤ ਰਾਏ ਦੀ ਪੁਸ਼ਾਕ ਬਣਾ ਕੇ ਦੇਣੀ

ਅੱਜ ਮੋਹਕਮ ਚੰਦ ਜੀ ਦੀ ਉਮਰ 14 ਸਾਲ ਦੀ ਹੋ ਗਈ ਸੀ ਅਤੇ ਭਾਈ ਸਾਹਿਬ ਕਈ ਵਿੱਦਿਆਵਾਂ ਦੇ ਵੀ ਜਾਣੂ ਹੋ ਚੁੱਕੇ ਸਨ। ਸਿਲਾਈ ਆਦਿ ਦੇ ਕੰਮ ਵਿੱਚ ਵੀ ਨਿਪੁੰਨਤਾ ਹਾਸਿਲ ਕਰ ਚੁੱਕੇ ਸਨ। ਘਰ ਦੀ ਆਈ-ਚਲਾਈ ਵੀ ਮਾਇਆ ਪੱਖੋਂ ਬਹੁਤ ਸੋਹਣੀ ਚੱਲਦੀ ਸੀ। ਪਿਤਾ ਜਗਜੀਵਨ ਰਾਮ ਵੀ ਬਹੁਤ ਪ੍ਰਸੰਨ ਸਨ। ਮਾਤਾ ਸੰਭਾਲੀ ਜੀ ਵੀ ਪਰਿਵਾਰ ਵਿੱਚ ਖੁਸ਼ੀ ਹੋਣ ਕਾਰਣ ਬਹੁਤ ਪ੍ਰਸੰਨ ਸਨ। ਇੱਕ ਦਿਨ ਮੌਕੇ ਦੇ ਹੁਕਮਰਾਨ ਰਾਜਾ ਯਸ਼ਵੰਤ ਰਾਏ ਵਲੋਂ ਮੋਹਕਮ ਚੰਦ ਜੀ ਨੂੰ ਬੁਲਾਇਆ ਗਿਆ ਕਿਉਂਕਿ ਉਸਨੇ ਆਪਣੇ ਕੱਪੜੇ ਭਾਈ ਸਾਹਿਬ ਜੀ ਤੋਂ ਸਿਲਾਈ ਕਰਵਾਉਣੇ ਸਨ। ਸੱਦਾ ਮਿਲਦੇ ਸਾਰ ਬੜੇ ਚਾਅ ਨਾਲ ਯਸ਼ਵੰਤ ਰਾਏ ਦੇ ਘਰ ਵੱਲ ਨੂੰ ਆਪਣੇ ਚਚੇਰੇ ਭਰਾ ਨਾਲ ਗੱਲਾਂ ਕਰਦੇ ਹੋਏ ਚੱਲ ਪਏ।

ਜਦੋਂ ਯਸ਼ਵੰਤ ਰਾਏ ਜੀ ਨੇ ਮੋਹਕਮ ਚੰਦ ਜੀ ਨੂੰ ਆਉਂਦਿਆਂ ਦੇਖਿਆ ਤਾਂ ਉਹ ਆਪ ਖੜ੍ਹਾ ਹੋ ਕੇ ਅੱਗੇ ਹੋ ਕੇ ਉਸਦਾ ਸਵਾਗਤ ਕਰਨ ਲੱਗਾ ਤੇ ਕਿਹਾ, "ਆਓ ਮੋਹਕਮ ਚੰਦ ਜੀ ਤੁਹਾਡਾ ਸਵਾਗਤ ਹੈ।" ਨਾਲ ਹੀ ਗਲਵੱਕੜੀ ਪਾ ਲਈ ਤੇ ਫਿਰ ਕਿਹਾ, "ਤੁਸੀਂ ਸਾਰੇ ਨਗਰ ਵਾਸੀਆਂ ਦੇ ਕੱਪੜੇ ਸਿਲਾਈ ਕਰਦੇ ਹੋ, ਇੱਕ ਚੋਲਾ ਮੇਰੇ ਲਈ ਵੀ ਤਿਆਰ ਕਰ ਦਿਓ।"

ਮੋਹਕਮ ਚੰਦ ਜੀ ਨੇ ਕਿਹਾ, "ਜ਼ਰੂਰ, ਜ਼ਰੂਰ ਕਿਉਂ ਨਹੀਂ ਜੀ। ਤੁਸੀਂ ਇੱਕ ਵਾਰੀ ਨਾਪ ਤਾਂ ਦਿਉ, ਮੈਂ ਤੁਹਾਡਾ ਚੋਲਾ ਤਾਂ ਪਹਿਲਾਂ ਅਤੇ ਬਹੁਤ ਮਿਹਨਤ ਨਾਲ ਤਿਆਰ ਕਰਾਂਗਾ।" ਤਾਂ ਮੋਹਕਮ ਚੰਦ ਜੀ ਨੇ ਯਸ਼ਵੰਤ ਰਾਏ ਜੀ ਦੇ ਤਨ ਦਾ ਨਾਪ ਲਿਆ ਤੇ ਲਿਖਣ ਲੱਗ ਪਏ। ਉਨ੍ਹਾਂ ਨੂੰ ਲਿਖਦਿਆਂ ਦੇਖ ਕੇ ਯਸ਼ਵੰਤ ਰਾਏ ਨੇ ਪੁੱਛਿਆ, "ਤੁਸੀਂ ਇਹ ਪੜ੍ਹਾਈ ਕਿੱਥੋਂ ਸਿੱਖੀ ਹੈ।" ਤਾਂ ਭਾਈ ਸਾਹਿਬ ਜੀ ਨੇ ਬੜੇ ਸਤਿਕਾਰ ਨਾਲ ਲਾਲ ਚੰਦ ਜੀ ਨਾਮ ਲੈ ਕੇ ਕਿਹਾ ਕਿ ਇਹ ਵਿੱਦਿਆ ਉਸਨੇ ਪੰਡਿਤ ਲਾਲ ਚੰਦ ਜੀ ਤੋਂ ਹਾਸਿਲ ਕੀਤੀ ਹੈ ਤੇ ਕਿਹਾ ਕਿ ਉਹ ਬਹੁਤ ਹੀ ਪਵਿੱਤਰ ਵਿਚਾਰਾਂ ਵਾਲੇ ਹਨ। ਉਹਨਾਂ ਦੇ ਹਿਰਦੇ ਅੰਦਰ 'ਪਰ ਕਾ ਬੁਰਾ ਨਾ ਰਾਖੋ

ਚੀਤ' ਵਾਲੀ ਭਾਵਨਾ ਸਮਾਈ ਹੋਈ ਹੈ। ਭਾਈ ਸਾਹਿਬ ਜੀ ਨੇ ਯਸ਼ਵੰਤ ਰਾਏ ਨੂੰ ਬੇਨਤੀ ਕੀਤੀ ਕਿ ਉਹ ਵੀ ਪੰਡਿਤ ਲਾਲ ਚੰਦ ਜੀ ਦੀ ਮਦਦ[1] ਕਰਿਆ ਕਰਨ। ਐਸੇ ਨੇਕ ਸੁਭਾਅ ਦੇ ਪੰਡਿਤ ਸੰਸਾਰ ਵਿੱਚ ਬਹੁਤ ਘੱਟ ਆਉਂਦੇ ਹਨ। ਯਸ਼ਵੰਤ ਰਾਏ ਜੀ ਨੇ ਭਾਈ ਸਾਹਿਬ ਜੀ ਨੂੰ ਪੁਸ਼ਾਕ ਲਈ ਕੱਪੜਾਂ ਅਤੇ ਉੱਤੇ ਲਗਾਉਣ ਲਈ ਮੋਤੀਆਂ ਦੀ ਪਿਟਾਰੀ ਦਿੱਤੀ। ਕੁਝ ਛੋਟੇ-ਛੋਟੇ ਆਕਾਰ ਦੇ ਹੀਰੇ ਵੀ ਦਿੱਤੇ ਅਤੇ ਕਿਹਾ ਕਿ ਇਹ ਸਾਰਾ ਸਮਾਨ ਮੇਰੀ ਪੁਸ਼ਾਕ ਤੇ ਲਗਾ ਕੇ ਪੁਸ਼ਾਕ ਸੋਹਣੀ ਜਿਹੀ ਤਿਆਰ ਕਰ ਦੇਣੀ।ਕਈ ਰੰਗ-ਬਿਰੰਗੇ ਰਤਨ ਵੀ ਪਰੋ ਕੇ ਬਾਹਾਂ 'ਤੇ ਲਗਾਉਣ ਲਈ ਦਿੱਤੇ। ਮੋਤੀ ਅਤੇ ਹੀਰਿਆਂ ਦੀ ਚਮਕ ਪੂਰਨਮਾਸੀ ਦੀ ਤਰਾਂ ਰੌਸ਼ਨਾਅ ਰਹੀ ਸੀ। ਮੋਹਕਮ ਚੰਦ ਜੀ ਦੇ ਨਾਲ ਉਹਨਾਂ ਦੇ ਚਚੇਰੇ ਭਰਾ 'ਗੁੰਨਾ' ਦੇ ਮਨ ਵਿੱਚ ਇਹ ਕੀਮਤੀ ਹੀਰੇ ਵੇਖ ਕੇ ਮਾੜੇ ਵਿਚਾਰ ਆਉਣ ਲੱਗ ਪਏ ਅਤੇ ਘਰ ਤੱਕ ਆਉਂਦਿਆਂ ਹੋਇਆਂ ਇਸ ਨੇ ਆਪਣੇ ਮਨ ਅੰਦਰ ਕਈ ਮਾੜੇ ਵਿਚਾਰਾਂ ਨੂੰ ਜਨਮ ਦੇ ਦਿੱਤਾ ਪਰ ਮੋਹਕਮ ਚੰਦ ਜੀ ਤਾਂ ਸੰਤ ਸੁਭਾਅ ਵਾਲੇ ਸਨ।ਉਹ ਇਹ ਸਾਰਾ ਸਮਾਨ ਲੈ ਕੇ ਘਰ ਪਹੁੰਚ ਗਏ। ਇਹ ਸਾਰਾ ਕੀਮਤੀ ਸਮਾਨ ਮਾਤਾ ਸੰਭਾਲੀ ਜੀ ਨੂੰ ਦਿੰਦੇ ਹੋਏ ਯਸ਼ਵੰਤ ਰਾਏ ਜੀ ਦੀਆਂ ਪਿਆਰ ਵਾਲੀਆਂ ਕਹਾਣੀਆਂ ਉਹਨਾਂ ਨੂੰ ਸੁਣਾਉਣ ਲੱਗੇ ਕਿ ਯਸ਼ਵੰਤ ਰਾਏ ਜੀ ਨੇ ਉਨ੍ਹਾਂ ਨੂੰ ਬਹੁਤ ਪਿਆਰ ਕੀਤਾ ਅਤੇ ਤਖਤ ਤੋਂ ਉੱਠ ਕੇ ਆਪਣੀ ਗਲਵੱਕੜੀ ਵਿੱਚ ਲਿਆ। ਉਹਨਾਂ ਦੇ ਮਨ ਵਿੱਚ ਕੋਈ ਵੀ ਊਚ-ਨੀਚ ਦਾ ਵਿਤਕਰਾ ਨਹੀ ਹੈ। ਚਿਹਰੇ ਦੀ ਪ੍ਰਸੰਨਤਾ ਵੇਖ ਕੇ ਬਾਹਰੋਂ ਆਏ ਜਗਜੀਵਨ ਜੀ ਭਾਈ ਮੋਹਕਮ ਚੰਦ ਜੀ ਨੂੰ ਆਖਣ ਲੱਗੇ ਕਿ ਸਤਿ-ਸੰਗਤ ਦਾ ਸਮਾਂ ਹੋ ਗਿਆ ਹੈ ਤੇ ਉਹ ਮਾਤਾ ਜੀ ਨਾਲ ਹੀ ਬਚਨ ਕਰੀ ਜਾ ਰਹੇ ਹਨ। ਸਤਿ-ਸੰਗਤ ਵਿੱਚ ਜਾਣ ਲਈ ਉਹਨਾਂ ਨੂੰ ਦੇਰੀ ਹੋ ਰਹੀ ਹੈ। ਪਿਤਾ ਜੀ ਦੀ ਗੱਲ ਸੁਣ ਕੇ ਸਾਰਾ ਸਮਾਨ ਮਾਤਾ ਜੀ ਦੇ ਹਵਾਲੇ ਕਰ ਕੇ

1. ਭਾਈ ਮੋਹਕਮ ਚੰਦ ਜੀ ਦੇ ਕਹਿਣ 'ਤੇ ਯਸ਼ਵੰਤ ਰਾਏ ਜੀ ਨੇ ਪੰਡਿਤ ਲਾਲ ਚੰਦ ਜੀ ਦੀ ਬਹੁਤ ਮਦਦ ਕੀਤੀ। ਨਵਾਂ ਘਰ ਬਣਵਾ ਕੇ ਦਿੱਤਾ।

ਪਿਤਾ ਜੀ ਨਾਲ ਸਤਿ-ਸੰਗਤ ਵੱਲ ਨੂੰ ਹੋ ਤੁਰੇ। ਰਸਤੇ ਵਿੱਚ ਜਾਂਦਿਆਂ ਹੋਇਆਂ ਭਾਈ ਸਾਹਿਬ ਜੀ ਨੇ ਪਿਤਾ ਜੀ ਨੂੰ ਵੀ ਯਸ਼ਵੰਤ ਰਾਏ ਜੀ ਦੇ ਪਿਆਰ ਵਾਲੀ ਸਾਰੀ ਗੱਲ ਸੁਣਾਈ ਅਤੇ ਸਤਿ-ਸੰਗਤ ਵਿੱਚ ਪਹੁੰਚ ਗਏ। ਪਿਤਾ ਜਗਜੀਵਨ ਜੀ ਸਤਿ-ਸੰਗਤ ਵਿੱਚ ਬੈਠ ਗਏ ਅਤੇ ਭਾਈ ਮੋਹਕਮ ਚੰਦ ਜੀ ਆਪਣੇ ਹਮਜੋਲੀਆਂ ਨਾਲ ਸੇਵਾ ਵਿੱਚ ਜੁਟ ਗਏ।[1] ਸੰਗਤਾਂ ਨੂੰ ਜਲ-ਪਾਣੀ ਛਕਾਉਣਾ, ਜੂਠੇ ਬਰਤਨ ਸਾਫ ਕਰਨੇ, ਝਾੜੂ ਫੇਰਨਾ ਅਤੇ ਸੰਗਤਾਂ ਦੇ ਜੋੜੇ ਝਾੜ ਕੇ ਸਹੀ ਥਾਂ ਉੱਪਰ ਰੱਖਣੇ ਆਦਿ ਦੀ ਸੇਵਾ ਆਪਣੇ ਹਮਜੋਲੀਆਂ ਨਾਲ ਬੜੇ ਚਾਅ ਨਾਲ ਕਰਦੇ ਸਨ। ਸਤਿਸੰਗਤ ਤੋਂ ਵਾਪਸ ਆ ਕੇ ਮਾਤਾ-ਪਿਤਾ ਜੀ ਸੇਵਾ ਕਰਨ ਤੋਂ ਬਾਅਦ ਭਾਈ ਸਾਹਿਬ ਆਰਾਮ ਕਰਨ ਸਮੇਂ ਪਿਤਾ-ਮਾਤਾ ਤੋਂ ਗੁਰੂ ਘਰ ਦੀਆਂ ਸਾਖੀਆਂ ਸਰਵਨ ਕਰਦੇ, ਫਿਰ ਆਰਾਮ ਵਿੱਚ ਹੋ ਜਾਂਦੇ ਸਨ।

ਅਗਲਾ ਦਿਨ ਚੜ੍ਹਿਆ ਤੇ ਅੰਮ੍ਰਿਤ ਵੇਲਾ ਹੋਇਆ। ਨਿੱਤਨੇਮ ਤੋਂ ਬਾਅਦ ਯਸ਼ਵੰਤ ਰਾਏ ਦਾ ਦਿੱਤਾ ਹੋਇਆ ਕੱਪੜਾ ਨਾਪ ਦੇ ਮੁਤਾਬਿਕ ਕੱਟ ਕੇ ਸਿਲਾਈ ਕਰਨੀ ਆਰੰਭ ਕਰ ਦਿੱਤੀ। ਕਈ ਦਿਨਾਂ ਦੀ ਮਿਹਨਤ ਕਰਦਿਆਂ ਇਸ ਪੁਸ਼ਾਕ ਦੀ ਸਿਲਾਈ ਪੂਰੀ ਹੋ ਗਈ ਅਤੇ ਭਾਈ ਸਾਹਿਬ ਜੀ ਨੇ ਮਾਤਾ ਸੰਭਾਲੀ ਜੀ ਨੂੰ ਬੇਨਤੀ ਕੀਤੀ, "ਮਾਤਾ ਜੀ ਜਿਹੜੇ ਹੀਰੇ-ਮੋਤੀ ਤੇ ਜਵਾਹਰਾਤ ਉਹਨਾਂ ਨੂੰ ਸੰਭਾਲਣ ਲਈ ਦਿੱਤੇ ਸਨ, ਉਹ ਮੈਨੂੰ ਦੇ ਦੇਵੋ ਤਾਂ ਕਿ ਇਨ੍ਹਾਂ ਮੋਤੀਆਂ ਨੂੰ ਇਸ ਪੋਸ਼ਾਕ ਵਿੱਚ ਪਰੋ ਕੇ ਇਸ ਨੂੰ ਸੁੰਦਰਤਾ ਦੇ ਕੇ ਪੂਰਨ ਰੂਪ ਵਿੱਚ ਤਿਆਰ ਕੀਤਾ ਜਾ ਸਕੇ ਅਤੇ ਮੈਂ ਯਸ਼ਵੰਤ ਰਾਏ ਜੀ ਦੀ ਖੁਸ਼ੀ ਲੈ ਸਕਾਂ।" ਤਾਂ ਮਾਤਾ ਜੀ ਰੱਖੇ ਹੋਏ ਮੋਤੀ ਲੱਭਣ ਲੱਗ ਪਏ ਅਤੇ ਇੱਕਦਮ ਹੈਰਾਨੀ ਭਰੀ ਆਵਾਜ਼ ਵਿੱਚ ਆੱਖਣ ਲੱਗੇ ਕਿ ਮੋਤੀ ਤਾਂ ਘਰ ਵਿੱਚ ਨਹੀਂ ਹਨ। ਘਰ ਵਿੱਚ ਚੋਰੀ ਹੋ

1. ਭਾਈ ਮੋਹਕਮ ਚੰਦ ਜੀ ਆਪਣੇ ਸਾਥੀਆਂ ਨਾਲ ਖੇਡਦੇ ਹੁੰਦੇ ਸਨ ਤਾਂ ਸ਼ਾਮ ਪੈਂਦੀ ਵੇਖ ਕੇ ਖੇਡ ਸਮਾਪਤ ਕਰ ਕੇ ਸਾਰਿਆਂ ਨੂੰ ਇੱਕਠੇ ਕਰਕੇ ਆਖਦੇ ਸਨ ਕਿ ਜੋ ਅੱਜ ਰਾਤ ਦੀ ਸੰਗਤ ਵਿੱਚ ਪਹਿਲਾਂ ਸੇਵਾ ਕਰਨ ਵਾਸਤੇ ਪਹੁੰਚੇਗਾ ਉਸਨੂੰ ਕੱਲ੍ਹ ਖੇਡ ਦੀ ਪਹਿਲੀ ਪਾਰੀ ਜਾਂ ਵਾਰੀ ਜਾਂ ਬਾਜੀ ਦਿੱਤੀ ਜਾਵੇਗੀ। ਹਮਜੋਲੀਆਂ ਵਿੱਚ ਉਤਸ਼ਾਹ ਭਰਨਾ।

ਗਈ ਹੈ। ਮਾਤਾ ਜੀ ਦੀ ਗੱਲ ਸੁਣ ਕੇ ਮੋਹਕਮ ਚੰਦ ਜੀ ਤਰੱਭਕ ਕੇ ਉੱਠੇ ਤੇ ਮਾਤਾ ਜੀ ਨੂੰ ਆਖੱਣ ਲੱਗੇ, "ਮਾਤਾ ਜੀ, ਜਰਾ ਧਿਆਨ ਨਾਲ ਦੇਖੋ, ਇੱਥੇ ਹੀ ਹੋਣਗੇ।" ਮਾਤਾ ਜੀ ਵੀ ਹੱਕੇ-ਬੱਕੇ ਹੋ ਗਏ ਕਿ ਮੋਤੀ ਕਿੱਧਰ ਗਏ ਤੇ ਆਖਣ ਲੱਗੇ ਕਿ ਉਨ੍ਹਾਂ ਦੇ ਪਿਤਾ ਜੀ ਤੋਂ ਪੁੱਛ ਲਈਏ, ਸ਼ਇਦ ਉਹਨਾਂ ਨੇ ਹੀ ਚੁੱਕ ਕੇ ਕਿਸੇ ਪਾਸੇ ਸੰਭਾਲ ਕੇ ਰੱਖੇ ਹੋਣਗੇ। ਮਾਤਾ ਸੰਭਾਲੀ ਜੀ ਜਲਦੀ-ਜਲਦੀ ਬਾਹਰ ਗਏ,ਜਿੱਥੇ ਜਗਜੀਵਨ ਜੀ ਬੈਠੇ ਸਨ। ਉਹਨਾਂ ਨੂੰ ਬੁਲਾ ਕੇ ਸਾਰੀ ਗੱਲ ਦੱਸੀ ਕਿ ਪੁਸ਼ਾਕ ਦੇ ਮੋਤੀ ਨਹੀਂ ਮਿਲ ਰਹੇ। ਮਾਤਾ ਸੰਭਾਲੀ ਜੀ ਦੀ ਗੱਲ ਸੁਣ ਕੇ ਜਗਜੀਵਨ ਜੀ ਵੀ ਤੇਜ਼ ਕਦਮਾਂ ਨਾਲ ਘਰ ਵੱਲ ਨੂੰ ਤੁਰੇ।

ਘਰ ਪਹੁੰਚ ਕੇ ਕਹਿਣ ਲੱਗੇ, "ਮੈਂ ਤਾਂ ਮੋਤੀ ਵੇਖੇ ਹੀ ਨਹੀਂ ਹਨ ਤੇ ਨਾਂ ਹੀ ਹੋਰ ਕਿਸੇ ਪਾਸੇ ਰੱਖੇ ਹਨ। ਤੁਸੀਂ ਇੰਨੀ ਕੀਮਤੀ ਚੀਜ਼ ਇੰਝ ਕਿਉਂ ਰੱਖ ਦਿੱਤੀ,ਕਿਸੇ ਲੁਕਵੀਂ ਜਗ੍ਹਾ 'ਤੇ ਲੁਕੋ ਕੇ ਰੱਖਣੀ ਸੀ। ਹੀਰੇ-ਮੋਤੀ ਤਾਂ ਬਹੁਤ ਕੀਮਤੀ ਹੁੰਦੇ ਹਨ। ਜੇ ਆਪਾਂ ਆਪਣਾ ਘਰ-ਬਾਰ ਵੇਚ ਕੇ ਵੀ ਯਸ਼ਵੰਤ ਰਾਏ ਦੇ ਪੈਸੇ ਪੂਰੇ ਕਰਨੇ ਚਾਹੀਏ ਤਾਂ ਵੀ ਪੂਰੇ ਨਹੀਂ ਕਰ ਸਕਦੇ"।

ਪਿਤਾ ਜੀ ਦੀ ਗੱਲ ਸੁਣ ਕੇ ਮੋਹਕਮ ਚੰਦ ਜੀ ਆਖਣ ਲੱਗੇ, "ਪਿਤਾ ਜੀ ਤੁਸੀਂ ਘਬਰਾਓ ਨਾ, ਵਾਹਿਗੁਰੂ ਜੀ ਸਭ ਭਲੀ ਕਰਨਗੇ। ਗੁਰੂ ਜੀ ਬਖਸ਼ਿਸ਼ ਕਰਕੇ ਸਾਡੀ ਇਹ ਮੁਸੀਬਤ ਵੀ ਕੱਟਣਗੇ। ਮੁਸੀਬਤ ਨੂੰ ਵੇਖ ਕੇ ਘਬਰਾਉਣ ਨਾਲ ਤਾਂ ਮੁਸੀਬਤ ਹੋਰ ਵੀ ਵੱਡਾ ਰੂਪ ਧਾਰਨ ਕਰ ਲੈਂਦੀ ਹੈ, ਇਸ ਲਈ ਆਪਾਂ ਸਾਰੇ ਜਾਣੇ ਇੱਕਠੇ ਹੋ ਕੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰੀਏ ਕਿ ਹੇ ਪਾਤਸ਼ਾਹ ਜੀਓ! ਸਾਨੂੰ ਆਈ ਹੋਈ ਮੁਸੀਬਤ ਤੋਂ ਆਪਣਾ ਹੱਥ ਦੇ ਕੇ ਬਚਾਉ। ਅਸੀਂ ਆਪ ਜੀ ਦੇ ਸ਼ੁਕਰਾਨੇ ਵਜੋਂ ਦਸਵੰਧ ਕੱਢ ਕੇ ਆਪ ਜੀ ਦਾ ਚੋਲਾ ਲੈ ਕੇ ਆਪ ਜੀ ਦੇ ਦਰਸ਼ਨ ਕਰਨ ਲਈ 'ਨਾਨਕੀ-ਚੱਕ' (ਅਨੰਦਪੁਰ ਸਾਹਿਬ) ਆਵਾਂਗੇ।

ਜਗਜੀਵਨ ਜੀ ਅਤੇ ਮਾਤਾ ਜੀ ਦੇ ਚਿਹਰੇ ਦੀ ਨਿਰਾਸ਼ਤਾ ਦੇਖਕੇ ਆਂਢੀ-ਗੁਆਂਢੀ ਤੇ ਹੋਰ ਗਾਹਕ ਨਿਰਾਸ਼ਤਾ ਦਾ ਕਾਰਣ

ਪੁੱਛਣ ਲੱਗੇ। ਮਾਤਾ ਜੀ ਦੀ ਰਸਨਾ ਤੋਂ ਸਹਿਜ-ਸੁਭਾਅ ਦੱਸਿਆ ਗਿਆ ਕਿ ਉਹਨਾਂ ਦੇ ਘਰ ਇਹ ਭਾਣਾ ਵਰਤ ਚੁੱਕਾ ਹੈ। "ਗੱਲ ਤਾਂ ਕਹਿੰਦੀ ਹੈ ਕਿ ਤੂੰ ਮੈਨੂੰ ਮੂੰਹੋਂ ਕੱਢ ਤੇ ਮੈਂ ਤੈਨੂੰ ਪਿੰਡੋਂ ਕਢਾਉਂਦੀ ਹਾਂ।" ਗੱਲ ਕੀ ਸਾਰੇ ਪਿੰਡ ਵਿੱਚ ਚੋਰੀ ਦੀ ਖਬਰ ਅੱਗ ਵਾਂਗ ਫੈਲ ਗਈ। ਕਈ ਦੁਸ਼ਮਣਾ ਨੂੰ ਵੀ ਪਤਾ ਲੱਗ ਗਿਆ ਤੇ ਉਹ ਖੰਭਾ ਦੀਆਂ ਡਾਰਾਂ ਬਣਾਉਣ ਲੱਗੇ। 'ਰਾਮ ਦਿੱਤਾ' ਵਰਗੇ ਪੰਡਿਤਾਂ ਨੇ ਕਸਬੇ ਅੰਦਰ ਐਸੀਆਂ ਗੱਲਾਂ ਛੇੜ ਦਿੱਤੀਆਂ ਕਿ ਲੋਕਾਂ ਦੇ ਦਿਲਾਂ ਵਿੱਚ ਜਗਜੀਵਨ ਰਾਮ ਜੀ ਦੇ ਪਰਿਵਾਰ ਲਈ ਸ਼ੱਕ ਪੈਦਾ ਹੋ ਗਿਆ, ਜਿਵੇਂ ਕਿ "ਮੋਹਕਮ ਚੰਦ ਆਪ ਹੀ ਬੇਈਮਾਨ ਹੋ ਗਿਆ ਹੈ, ਭਲਾ ਉਸ ਦੇ ਘਰ ਕੋਈ ਚੋਰੀ ਕਿਵੇਂ ਕਰ ਸਕਦਾ ਹੈ? ਸਮਾਂ ਆਵੇਗਾ ਤਾਂ ਹੀਰੇ-ਮੋਤੀ ਇਹਨਾਂ ਦੇ ਘਰੋਂ ਹੀ ਨਿਕਲਣਗੇ।"

ਪੰਡਿਤ ਕਿਰਪਾ ਚੰਦ ਤੇ ਦਮੋਦਰ ਵਰਗੇ ਤਾਂ ਯਸ਼ਵੰਤ ਰਾਏ ਜੀ ਦੇ ਕੋਲ ਵੀ ਜਾ ਪਹੁੰਚੇ ਤੇ ਕੰਨ ਭਰਨ ਲੱਗੇ, "ਜਿਹੜੇ ਹੀਰੇ-ਮੋਤੀ ਤੁਸੀਂ ਮੋਹਕਮ ਚੰਦ ਨੂੰ ਪੁਸ਼ਾਕ 'ਤੇ ਲਾਉਣ ਲਈ ਦਿੱਤੇ ਸਨ ਉਹ ਉਸਨੇ ਆਪ ਹੀ ਇੱਧਰ-ਉਧਰ ਕਰ ਕੇ ਰੌਲਾ ਪਾ ਦਿੱਤਾ ਕਿ ਉਸਦੇ ਘਰ ਚੋਰੀ ਹੋ ਗਈ ਤੇ ਸਾਰੇ ਹੀਰੇ-ਮੋਤੀ ਚੋਰ ਲੈ ਗਏ ਹਨ, ਪਰ ਜੇ ਤੁਸੀਂ ਉਸ 'ਤੇ ਸਖਤੀ ਕਰੋਂ ਤਾਂ ਇਹ ਸਾਰਾ ਕੀਮਤੀ ਮਾਲ ਉਸੇ ਦੇ ਹੀ ਘਰੌਂ ਨਿਕਲ ਆਵੇਗਾ।" ਯਸ਼ਵੰਤ ਰਾਏ ਜੀ ਪੰਡਿਤਾਂ ਨੂੰ ਤੋਰ ਕੇ ਇੱਕਲੇ ਬੈਠ ਕੇ ਸੋਚਣ ਲੱਗੇ ਕਿ ਮੋਹਕਮ ਚੰਦ ਜੀ ਇਸ ਤਰ੍ਹਾਂ ਦੇ ਇਨਸਾਨ ਨਹੀਂ ਹਨ, ਜਿਹੜੇ ਇਮਾਨਤ ਵਿੱਚ ਖਿਆਨਤ ਕਰ ਸਕਣ।

ਕੁਝ ਦੇਰ ਬਾਅਦ ਯਸ਼ਵੰਤ ਰਾਏ ਨੇ ਆਪਣੇ ਭਰੋਸੇ ਵਾਲੇ ਵਜ਼ੀਰ ਬੁਲਾਏ ਤੇ ਉਹਨਾਂ ਨੂੰ ਸਮਝਾ ਕੇ ਆਖਿਆ ਕਿ ਉਹ ਮੋਹਕਮ ਚੰਦ ਜੀ ਦੇ ਘਰ ਜਾਣ ਤੇ ਉਸਦੇ ਵੱਲੋਂ ਬੇਨਤੀ ਕਰਕੇ ਉਸਨੂੰ ਕਹਿਣ ਕਿ ਉਹ ਉਸਨੂੰ ਖੁਦ ਆ ਕੇ ਸਾਰੀ ਗੱਲ ਦੱਸੇ। ਉਸ ਨਾਲ ਪੂਰਾ ਇਨਸਾਫ਼ ਹੋਵੇਗਾ ਤੇ ਸਾਰੀ ਗੱਲ ਦੀ ਤਫਤੀਸ਼ ਕੀਤੀ ਜਾਵੇਗੀ। ਉਸ ਨੂੰ ਮੇਰੇ ਵਲੋਂ ਇਹ ਵੀ ਭਰੋਸਾ ਦੇਣਾ ਕਿ ਜੇ ਨਾ ਮਿਲੇ ਤਾਂ ਕੋਈ ਫ਼ਿਕਰ ਨਾ ਕਰਨਾ। ਉਹਨਾਂ ਨੂੰ ਮੇਰੇ ਵਲੋਂ

ਕੋਈ ਸਜ਼ਾ ਜਾਂ ਦੰਡ ਨਹੀਂ ਦਿੱਤਾ ਜਾਵੇਗਾ। ਯਸ਼ਵੰਤ ਰਾਏ ਜੀ ਨੇ ਆਪਣੇ ਵਜ਼ੀਰਾਂ ਨੂੰ ਇਹ ਗੱਲ ਵੀ ਸਮਝਾ ਦਿੱਤੀ ਕਿ ਭਾਈ ਮੋਹਕਮ ਚੰਦ ਜੀ ਕੋਈ ਆਮ ਇਨਸਾਨ ਨਹੀਂ ਹਨ ਅਤੇ ਉਹ ਕਦੇ ਵੀ ਅਮਾਨਤ ਵਿੱਚ ਖਿਆਨਤ ਨਹੀਂ ਕਰ ਸਕਦੇ। ਇਹ ਹਰਕਤ ਜ਼ਰੂਰ ਕਿਸੇ ਹੋਰ ਮਾੜੇ ਪੁਰਸ਼ ਦੀ ਹੀ ਹੋਵੇਗੀ। ਵਜ਼ੀਰਾਂ ਨੂੰ ਇਹ ਵੀ ਕਿਹਾ ਕਿ ਉਹ ਭਾਈ ਮੋਹਕਮ ਚੰਦ ਜੀ ਦੇ ਘਰ ਜਾ ਕੇ ਉਨਾਂ ਨਾਲ ਮਿਲ ਕੇ ਸਾਰੀ ਗੱਲ ਸੁਣਨ ਅਤੇ ਇਸ ਸਮੱਸਿਆ ਦਾ ਕੋਈ ਸਮਾਧਾਨ ਕੱਢਣ ਦੀ ਕੋਸ਼ਿਸ ਕਰਨ।

ਯਸ਼ਵੰਤ ਰਾਏ ਜੀ ਦੇ ਦੋਵੇਂ ਵਜ਼ੀਰ[1] 'ਦਿਲਬਾਗ ਦੱਤ' ਅਤੇ 'ਮਾਨ ਦੇਵ' ਆਪਣੇ ਕੁਝ ਹੋਰ ਘੋੜ ਸਵਾਰਾਂ ਨੂੰ ਨਾਲ ਲੈ ਕੇ ਭਾਈ ਮੋਹਕਮ ਚੰਦ ਜੀ ਦੇ ਘਰ ਚਲੇ ਗਏ। ਜਦੋਂ ਰਾਮ ਦਿੱਤੇ ਵਰਗੇ ਦੁਸ਼ਮਣਾਂ ਨੇ ਵਜ਼ੀਰਾਂ ਨੂੰ ਭਾਈ ਮੋਹਕਮ ਚੰਦ ਜੀ ਦੇ ਘਰ ਵੱਲ ਜਾਂਦੇ ਹੋਏ ਦੇਖਿਆ ਤਾਂ ਉਹ ਮਨ ਹੀ ਮਨ ਬਹੁਤ ਖੁਸ਼ ਹੋਏ ਕਿ ਅੱਜ ਜਦੋਂ ਆਪਣੇ ਆਪ ਨੂੰ ਇਮਾਨਦਾਰ ਕਹਾਉਣ ਵਾਲੇ ਮੋਹਕਮ ਚੰਦ ਨੂੰ ਜਦੋਂ ਗ੍ਰਿਫਤਾਰ ਕਰਕੇ ਸਾਰੀ ਦਵਾਰਿਕਾ ਵਿੱਚੋਂ ਦੀ ਲਿਆਂਦਾ ਜਾਵੇਗਾ ਤਾਂ ਸਾਰੇ ਪਾਜ ਉੱਧੜ ਜਾਣਗੇ। ਲਾਲ ਚੰਦ ਅਤੇ ਟਿੱਕਾ ਮੱਲ ਵਰਗੇ ਪੰਡਿਤ ਜੋ ਇਸ ਦਾ ਸਾਥ ਦਿੰਦੇ ਸਨ ਉਹ ਵੀ ਇਸ ਦੀ ਮਦਦ ਲਈ ਅੱਗੇ ਨਹੀਂ ਆਉਣਗੇ। ਇਸ ਤਰਾਂ ਇਸ ਦੁਖੀ ਲੋਕ ਮਾੜੇ ਵਿਚਾਰ ਮਨ ਵਿੱਚ ਲਿਆ ਕੇ ਸੋਚ ਰਹੇ ਸਨ। ਵਜ਼ੀਰ ਭਾਈ ਮੋਹਕਮ ਚੰਦ ਜੀ ਦੇ ਘਰ ਅੱਗੇ ਪਹੁੰਚ ਗਏ। ਘੋੜਿਆਂ ਤੋਂ ਉੱਤਰੇ ਅਤੇ ਬਾਕੀ ਅੰਗ-ਰੱਖਿਅਕਾਂ ਨੂੰ ਬਾਹਰ ਛੱਡ ਕੇ ਘਰ ਅੰਦਰ ਦਾਖਲ ਹੋਏ ਅਤੇ ਬਹੁਤ ਠਰ੍ਹੰਮੇ ਮਤੇ ਨਾਲ ਬੈਠ ਕੇ ਵਾਪਰੀ ਘਟਨਾ ਨੂੰ ਸੁਣਨ ਲੱਗੇ।

ਮੋਹਕਮ ਚੰਦ ਜੀ ਨੇ ਸਾਰੀ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਆਖਿਆ ਕਿ ਉਸਨੇ ਸਾਰਾ ਸਮਾਨ ਮਾਤਾ ਜੀ ਨੂੰ ਫੜਾ ਦਿੱਤਾ ਸੀ ਅਤੇ ਉਸ ਤੋਂ ਬਾਅਦ ਉਹ ਸਤਿਸੰਗ ਵਿੱਚ ਚਲੇ ਗਏ

1. ਪ੍ਰਿੰ: ਸੋਭਾ ਸਿੰਘ ਜੀ ਨੇ ਆਪਣੀ ਪੁਸਤਕ 'ਸਿੱਖ ਫਿਲਾਸਫੀ ਵਿੱਚ ਵਜ਼ੀਰਾਂ ਦੇ ਨਾਮ 'ਦਿਲਬਾਗ ਦੱਤ ਅਤੇ ਮਾਨ ਦੇਵ' ਦਿੱਤੇ ਹਨ।

ਸਨ। ਵਜ਼ੀਰ ਮਾਨ ਦੇਵ ਜੀ ਨੇ ਪੁੱਛਿਆ ਕਿ ਉਸ ਸਮੇਂ ਘਰ ਵਿੱਚ ਹੋਰ ਕੌਣ ਸੀ ? ਭਾਈ ਸਾਹਿਬ ਨੇ ਕਿਹਾ ਕਿ ਉਸ ਸਮੇਂ ਉਹਨਾਂ ਨਾਲ ਉਸਦਾ ਚਚੇਰਾ ਭਰਾ ਗੁੰਨਾ ਜੀ ਵੀ ਸੀ ਜੋ ਉਸ ਨਾਲ ਉਹਨਾਂ ਦੇ ਕੰਮ ਵਿੱਚ ਹੱਥ ਵਟਾਉਂਦਾ ਹੈ। ਉਹ ਅਤੇ ਮਾਤਾ ਜੀ ਘਰ ਵਿੱਚ ਹੀ ਸਨ। ਵਜ਼ੀਰ ਦਿਲਬਾਗ ਦੱਤ ਜੀ ਆਖੱਣ ਲੱਗੇ ਕਿ ਕਿਤੇ ਇਹ ਕੰਮ ਗੁੰਨੇ ਨੇ ਤਾਂ ਨਹੀਂ ਕੀਤਾ...! ਤਾਂ ਭਾਈ ਮੋਹਕਮ ਚੰਦ ਹੀ ਆਖਣ ਲੱਗੇ ਕਿ ਨਹੀਂ, ਨਹੀਂ ਜੀ, ਉਹ ਇਸ ਤਰਾਂ ਦਾ ਲੜਕਾ ਨਹੀਂ ਹੈ। ਉਹ ਚੋਰੀ ਨਹੀਂ ਕਰ ਸਕਦਾ।

ਭਾਈ ਸਾਹਿਬ ਦੀ ਗੱਲ ਸੁਣ ਕੇ ਮਾਨ ਦੇਵ ਆਖਣ ਲੱਗਾ, "ਭਾਈ ਸਾਹਿਬ ਜੀ ਤੁਹਾਡਾ ਸੁਭਾਅ ਸੰਤ-ਸੁਭਾਅ ਹੈ, ਇਸ ਲਈ ਤੁਹਾਨੂੰ ਕੋਈ ਮਾੜਾ ਨਹੀਂ ਦਿਸਦਾ। ਤੁਸੀਂ ਕਿਰਪਾ ਕਰਕੇ ਇੱਕ ਵਾਰੀ ਸਾਡੇ ਨਾਲ ਗੁੰਨਾ ਜੀ ਦੇ ਘਰ ਵਿੱਚ ਚੱਲੋ। ਜੇ ਉਹ ਚੋਰ ਨਹੀਂ ਹੋਵੇਗਾ ਤਾਂ ਅਸੀਂ ਉਸ ਨੂੰ ਸਤਿਕਾਰ ਨਾਲ ਛੱਡ ਦੇਵਾਂਗੇ।" ਇਸ ਤਰ੍ਹਾਂ ਵ਼ਾਰਤਾਲਾਪ ਕਰਦਿਆਂ ਘਰ ਵਿੱਚ ਹੀ ਬਹੁਤ ਸਮਾਂ ਬਤੀਤ ਹੋ ਗਿਆ ਅਤੇ ਸ਼ਾਮਾਂ ਢਲ ਗਈਆਂ।

ਦੀਵਾ ਜਗਾਉਂਦਿਆਂ ਮਾਤਾ ਸੰਭਾਲੀ ਜੀ ਨੇ ਆਖਿਆ, "ਪੁੱਤਰ ਮੋਹਕਮ ਚੰਦ, ਮੈਨੂੰ ਲਗਦਾ ਹੈ ਕਿ ਜੋ ਮਾਨ ਦੇਵ ਜੀ ਆਖ ਰਹੇ ਹਨ ਉਹ ਠੀਕ ਹੈ, ਪਹਿਲਾਂ ਗੁਨਾ ਹਰ ਰੋਜ਼ ਆਪਣੇ ਘਰ ਆਉਂਦਾ ਸੀ ਅਤੇ ਇੱਥੇ ਹੀ ਬੈਠ ਕੇ ਕੰਮ ਕਰਦਾ ਸੀ। ਜਦੋਂ ਦੀ ਇਹ ਘਟਨਾ ਵਾਪਰੀ ਹੈ,ਉਹ ਆਇਆ ਹੀ ਨਹੀਂ। ਮਾਨ ਦੇਵ ਜੀ ਦੇ ਕਹਿਣ 'ਤੇ ਤੁਸੀਂ ਇੱਕ ਵਾਰੀ ਉਸ ਦੇ ਘਰ ਜ਼ਰੂਰ ਜਾਓ।"

ਬਾਹਰ ਖੜੇ ਸਿਪਾਹੀਆਂ ਨੇ ਹਨੇਰਾ ਹੁੰਦਾ ਦੇਖ ਕੇ ਮਸ਼ਾਲਾਂ ਜਗਾ ਲਈਆਂ। ਭਾਈ ਮੋਹਕਮ ਚੰਦ ਅਤੇ ਦੋਵੇਂ ਵਜ਼ੀਰ ਗੁਨਾ ਦੇ ਘਰ ਵੱਲ ਨੂੰ ਚੱਲ ਪਏ। ਸਿਆਣਿਆਂ ਦੀ ਕਹਾਵਤ ਹੈ ਕਿ 'ਚੋਰ ਦੀ ਦਾਹੜੀ ਵਿੱਚ ਤਿਣਕਾ'। ਚੋਰ ਦੇ ਪੈਰ ਨਹੀ ਹੁੰਦੇ। ਜਦੋਂ ਘਰ ਦੇ ਬੂਹੇ ਅੱਗੇ ਵਜ਼ੀਰ ਅਤੇ ਭਾਈ ਮੋਹਕਮ ਚੰਦ ਜੀ ਪਹੁੰਚੇ ਤਾਂ ਗੁਨਾ ਘਬਰਾਇਆ ਹੋਇਆ ਆਪਣੇ ਆਪ ਹੀ ਬੋਲਣ ਲੱਗ ਪਿਆ,

"ਮੈਂ ਚੋਰ ਨਹੀਂ ਹਾਂ, ਤੁਸੀਂ ਆ ਜਾਵੋ ਤੇ ਮੇਰੇ ਘਰ ਨੂੰ ਦੇਖ ਲਵੋ।"

ਵਜ਼ੀਰ ਮਾਨ ਦੇਵ ਦਾ ਸ਼ੱਕ ਯਕੀਨ ਵਿੱਚ ਬਦਲ ਗਿਆ। ਦੋਵੇਂ ਵਜ਼ੀਰ ਨੀਤੀਕਾਰ, ਸੂਝਵਾਨ ਅਤੇ ਸਿਆਣੇ ਸਨ। ਅਕਸਰ ਪਹਿਲਾਂ ਵੀ ਇਹਨਾਂ ਨੇ ਅਜਿਹੇ ਕਈ ਮਸਲੇ ਹੱਲ ਕੀਤੇ ਸਨ। ਇਹਨਾਂ ਨੂੰ ਪਤਾ ਸੀ ਕਿ ਚੋਰ ਕਿੰਨਾ ਵੀ ਚਲਾਕ ਕਿਉਂ ਨਾ ਹੋਵੇ, ਕੋਈ ਨਾ ਕੋਈ ਗਲਤੀ ਤਾਂ ਜ਼ਰੂਰ ਹੀ ਕਰ ਬੈਠਦਾ ਹੈ। ਜਦੋਂ ਗੁਨੇ ਨੇ ਮੋਤੀ ਚੋਰੀ ਕਰਕੇ ਆਪਣੇ ਘਰ ਲਿਆਂਦੇ ਸਨ ਤਾਂ ਉਹਨਾਂ ਵਿੱਚੋਂ ਇੱਕ ਮੋਤੀ ਡਿੱਗ ਕੇ ਘਰ ਦੇ ਇੱਕ ਖੂੰਜੇ ਵਿੱਚ ਭਾਈ ਮੋਹਕਮ ਚੰਦ ਜੀ ਦਾ ਇੰਤਜ਼ਾਰ ਕਰ ਰਿਹਾ ਸੀ। ਜਗਦੀ ਹੋਈ ਮਸ਼ਾਲ ਜਦੋਂ ਕਮਰੇ ਅੰਦਰ ਗਈ ਤਾਂ ਇਹ ਮੋਤੀ ਅੱਗ ਦੀ ਰੌਸ਼ਨੀ ਪੈਣ ਨਾਲ ਚਮਕ ਪਿਆ ਤੇ ਲਿਸ਼ਕੋਰਾਂ ਮਾਰਨ ਲੱਗਾ ਜਾਂ ਇੰਝ ਕਹਿ ਲਈਏ ਕਿ ਇਹ ਆਪਣੀ ਕਹਾਣੀ ਆਪ ਹੀ ਦੱਸਣ ਲੱਗ ਪਿਆ ਕਿ ਇਸ ਘਰ ਦਾ ਮਾਲਕ ਹੀ ਚੋਰ ਹੈ। ਚਮਕਦੇ ਹੋਏ ਮੋਤੀ ਤੇ ਜਦੋਂ ਮਾਨ ਦੇਵ ਦੀ ਨਜ਼ਰ ਪਈ ਤਾਂ ਉਸ ਨੇ ਇਹ ਮੋਤੀ ਚੁੱਕ ਲਿਆ ਅਤੇ ਗੁੱਨੇ ਨੂੰ ਪੁੱਛਿਆ ਕਿ ਉਸਦੇ ਘਰ ਵਿੱਚ ਇੰਨਾ ਕੀਮਤੀ ਮੋਤੀ ਕਿਥੋਂ ਆਇਆ ਹੈ। ਜਦੋਂ ਗੁੱਨੇ ਨੇ ਸੋਚਿਆ ਕਿ ਉਹ ਤਾਂ ਹੁਣ ਫੜਿਆ ਜਾ ਚੁੱਕਾ ਹੈ ਕਿਉਂਕਿ ਇਸ ਸੁਆਲ ਦਾ ਜਵਾਬ ਉਸ ਕੋਲ ਨਹੀਂ ਸੀ ਅਤੇ ਭਾਈ ਮੋਹਕਮ ਚੰਦ ਜੀ ਨੇ ਵੀ ਇਹ ਮੋਤੀ ਪਹਿਚਾਣ ਲਿਆ ਸੀ ਤਾਂ ਗੁਨੇ ਨੇ ਸੁਆਲ ਦਾ ਜੁਆਬ ਦੇਣ ਤੋਂ ਪਹਿਲਾਂ ਬਾਕੀ ਮੋਤੀਆਂ ਦੀ ਪੋਟਲੀ ਵੀ ਲਿਆ ਕੇ ਭਾਈ ਮੋਹਕਮ ਚੰਦ ਜੀ ਦੇ ਚਰਨਾਂ ਵਿੱਚ ਧਰ ਦਿੱਤੀ ਅਤੇ ਰੋਣ ਲੱਗ ਪਿਆ। ਰੋਂਦਾ ਹੋਇਆ ਹੱਥ ਜੋੜ ਕੇ ਉੱਚੀ-ਉੱਚੀ ਕਹਿਣ ਲੱਗਾ, "ਮੈਨੂੰ ਬਖਸ਼ ਦਿਓ, ਮੇਰੇ ਕੋਲੋਂ ਬਹੁਤ ਵੱਡੀ ਭੁੱਲ ਹੋ ਗਈ ਹੈ।"

ਭਾਈ ਮੋਹਕਮ ਚੰਦ ਜੀ ਉਸ ਦੀ ਇਹ ਹਰਕਤ ਦੇਖ ਕੇ ਬਹੁਤ ਹੈਰਾਨ ਹੋਏ ਅਤੇ ਉਹਨਾਂ ਦੇ ਮੂੰਹੋਂ ਕੁਝ ਵੀ ਨਹੀਂ ਨਿਕਲਿਆ। ਉਹਨਾਂ ਨੇ ਮੋਤੀਆਂ ਵਾਲੀ ਪੋਟਲੀ ਚੁੱਕੀ ਤੇ ਪ੍ਰੇਸ਼ਾਨੀ ਨਾਲ ਆਪਣੇ ਘਰ ਵੱਲ ਨੂੰ ਤੁਰ ਪਏ। ਵਜ਼ੀਰਾਂ ਨੇ ਸਿਪਾਹੀਆਂ ਨੂੰ ਗੁੱਨੇ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ ਅਤੇ ਗੁਨੇ ਨੂੰ ਗ੍ਰਿਫਤਾਰ ਕਰ

ਲਿਆ ਗਿਆ। ਵਜ਼ੀਰਾਂ ਨੇ ਯਸ਼ਵੰਤ ਰਾਏ ਜੀ ਨੂੰ ਜਾ ਕੇ ਸਾਰੀ ਗੱਲ ਦੱਸੀ ਅਤੇ ਗੁਨੇ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ।

ਉੱਧਰ ਅਗਲੇ ਦਿਨ ਤੋਂ ਭਾਈ ਮੋਹਕਮ ਚੰਦ ਜੀ ਪੁਸ਼ਾਕ ਨੂੰ ਪੂਰਾ ਕਰਨ ਵਿੱਚ ਜੁਟ ਗਏ। ਜਿਹੜੇ ਦੋਖੀ ਭਾਈ ਸਾਹਿਬ ਜੀ ਦੀ ਨਿੰਦਿਆ-ਚੁਗਲੀ ਕਰ ਰਹੇ ਸਨ, ਉਹਨਾਂ ਨੂੰ ਵੀ ਮੂੰਹ ਦੀ ਖਾਣੀ ਪਈ। ਦਵਾਰਿਕਾ ਵਿੱਚ ਭਾਈ ਸਾਹਿਬ ਦੀ ਇੱਜ਼ਤ ਹੋਰ ਵੀ ਵੱਧ ਗਈ। ਜਦੋਂ ਭਾਈ ਮੋਹਕਮ ਚੰਦ ਜੀ ਬੜੇ ਪ੍ਰੇਮ ਨਾਲ ਮੋਤੀਆਂ ਨੂੰ ਪ੍ਰੋ ਕੇ ਪੁਸ਼ਾਕ ਵਿੱਚ ਸਜ਼ਾ ਰਹੇ ਸਨ ਤਾਂ ਮਾਤਾ ਸੰਭਾਲੀ ਜੀ ਬੋਲੇ, "ਪੁੱਤਰ ਜੀ,ਤੇਰੀ ਕੀਤੀ ਅਰਦਾਸ ਗੁਰੂ ਕਲਗੀਧਰ ਪਾਤਸ਼ਾਹ ਨੇ ਸੁਣ ਲਈ ਹੈ।" ਮਾਤਾ ਜੀ ਨੂੰ ਉੱਤਰ ਦਿੰਦੇ ਹੋਏ ਭਾਈ ਸਾਹਿਬ ਨੇ ਕਿਹਾ, "ਮਾਤਾ ਜੀ ਗੁਰੂ ਆਪਣੇ ਸੇਵਕਾਂ ਦੀ ਸੰਭਾਲਣਾ ਆਪ ਹੀ ਕਰਦੇ ਹਨ।ਆਪਣਾ ਮੇਹਰ ਭਰਿਆਂ ਹੱਥ ਸੀਸ 'ਤੇ ਰੱਖ ਕੇ ਆਉਣ ਵਾਲੀਆਂ ਔਕੜਾਂ ਤੋਂ ਬਚਾ ਕੇ ਆਪਣੇ ਚਰਨਾਂ ਦਾ ਪਿਆਰ ਬਖਸ਼ਿਸ਼ ਕਰਦੇ ਹਨ। ਇਹ ਜੋ ਕੁਝ ਵੀ ਹੋਇਆ,ਉਹਨਾਂ ਦੀ ਰਜ਼ਾ ਵਿੱਚ ਹੀ ਹੋਇਆ ਹੈ ਅਤੇ ਅੱਗੇ ਵੀ ਜੋ ਕੁਝ ਹੋਵੇਗਾ ਉਹ ਵੀ ਗੁਰੂ ਦੀ ਰਜ਼ਾ ਵਿੱਚ ਹੀ ਹੋਵੇਗਾ।"

ਮੋਹਕਮ ਚੰਦ ਦੀਆਂ ਗੱਲਾਂ ਸੁਣ ਕੇ ਪਿਤਾ ਜੀ ਆਖਣ ਲੱਗੇ, "ਪੁੱਤਰ, ਤੇਰਾ ਗੁਰੂ ਉੱਤੇ ਵਿਸ਼ਵਾਸ਼ ਹੋਣ ਕਰਕੇ ਹੀ ਚੋਰ ਫੜਿਆ ਗਿਆ ਹੈ, ਨਹੀਂ ਤਾਂ ਗੁਆਚੀ ਚੀਜ਼ ਵੀ ਲੱਭੀ ਐ ਭਲਾ ਕਦੀ।"

ਮਾਤਾ ਸੰਭਾਲੀ ਜੀ ਕਹਿਣ ਲੱਗੇ, "ਗੁਰੂ ਆਪਣੇ ਸੇਵਕ ਦੀ ਆਪ ਹੀ ਰੱਖਿਆ ਕਰਦਾ ਹੈ। ਮੇਰਾ ਪੁੱਤਰ ਮੁਸੀਬਤ ਦੇ ਸਮੇਂ ਸੁਆਸ-ਸੁਆਸ ਗੁਰੂ ਗੋਬਿੰਦ ਰਾਏ ਦੇ ਚਰਨਾਂ ਵਿੱਚ ਅਰਦਾਸ ਕਰਦਾ ਸੀ ਕਿ ਇਹ ਬਹੁਤ ਵੱਡੀ ਮੁਸੀਬਤ ਆਈ ਹੈ, ਇਸ ਵਿੱਚੋਂ ਬਾਹਰ ਨਿਕਲਣ ਵਿੱਚ ਤੁਸੀਂ ਆਪ ਹੀ ਸਹਾਇਤਾ ਕਰੋ।"

ਭਾਈ ਮੋਹਕਮ ਚੰਦ ਜੀ ਮਾਤਾ-ਪਿਤਾ ਜੀ ਦੀਆਂ ਗੱਲਾਂ ਸੁਣ ਕੇ ਆਖਣ ਲੱਗੇ, "ਜੋ ਗੁਰੂ ਦੇ ਹੋ ਜਾਂਦੇ ਹਨ, ਗੁਰੂ ਉਹਨਾਂ ਦਾ ਹੋ ਜਾਂਦਾ ਹੈ।ਇਹ ਲੀਲਾ ਵੀ ਗੁਰੂ ਨੇ ਆਪ ਹੀ ਵਰਤਾਈ ਹੈ। ਕਿਰਤ ਅੰਦਰ ਭੁਲਿਆਂ ਨੂੰ ਕਰਤੇ ਦੀ ਯਾਦ ਕਰਵਾਈ ਹੈ।"

ਪੁਸ਼ਾਕ ਨੂੰ ਹੀਰੇ ਮੋਤੀਆਂ ਨਾਲ ਸਜਾ ਕੇ ਤਿਆਰ ਕਰਕੇ ਮੋਹਕਮ ਚੰਦ ਜੀ ਯਸ਼ਵੰਤ ਰਾਏ ਜੀ ਕੋਲ ਗਏ ਅਤੇ ਪੁਸ਼ਾਕ ਉਨ੍ਹਾਂ ਦੇ ਹਵਾਲੇ ਕੀਤੀ। ਯਸ਼ਵੰਤ ਰਾਏ ਜੀ ਨੇ ਜਦੋਂ ਪੁਸ਼ਾਕ ਪਹਿਨੀ ਤਾਂ ਬਹੁਤ ਪ੍ਰਸੰਨ ਹੋਏ ਅਤੇ ਕਹਿਣ ਲੱਗੇ, "ਮੋਹਕਮ ਚੰਦ ਜੀ, ਤੁਹਾਡੀ ਮਜ਼ਦੂਰੀ ਤਾਂ ਮੈਂ ਦੇਣੀ ਹੀ ਹੈ, ਇਸ ਦੇ ਨਾਲ ਮੈਂ ਤੁਹਾਨੂੰ ਇਨਾਮ ਵੀ ਦੇਣਾ ਚਾਹੁੰਦਾ ਹਾਂ"।

ਮੋਹਕਮ ਚੰਦ ਜੀ ਕਹਿਣ ਲੱਗੇ, "ਜੇ ਮੈਂ ਇਨਾਮ ਮੰਗਾਂ ਤਾਂ ਤੁਸੀਂ ਦੇਵੋਗੇ?"

"ਹਾਂ, ਹਾਂ..! ਦੱਸੋ, ਦੱਸੋ, ਕੀ ਮੰਗਣਾਂ ਚਾਹੁੰਦੇ ਹੋ", ਯਸ਼ਵੰਤ ਰਾਏ ਜੀ ਨੇ ਕਿਹਾ।

ਮੋਹਕਮ ਚੰਦ ਜੀ ਹੱਥ ਜੋੜ ਕੇ ਕਹਿਣ ਲੱਗੇ, "ਮੇਰੀ ਇਹੋ ਬੇਨਤੀ ਹੈ ਕਿ ਗੁੰਨੇ ਦੇ ਗੁਨਾਹਾਂ ਉੱਪਰ ਲਕੀਰ ਮਾਰ ਕੇ ਉਸਨੂੰ ਰਿਹਾਅ ਕਰ ਦੇਵੋ"।

ਯਸ਼ਵੰਤ ਰਾਏ ਜੀ ਆੱਖਣ ਲੱਗੇ, "ਇਹ ਤੁਸੀਂ ਕੀ ਆਖ ਰਹੇ ਹੋ। ਉਸਨੇ ਚੋਰੀ ਕੀਤੀ ਹੈ, ਤੁਹਾਡੀ ਅਪਮਾਣਤਾ ਦਾ ਕਾਰਣ ਬਣਿਆ ਹੈ। ਤੁਸੀਂ ਉਸਨੂੰ ਮੁਆਫ਼ ਕਰਨ ਦੀ ਗੱਲ ਕਰ ਰਹੇ ਹੋ..?"

ਤਾਂ ਮੋਹਕਮ ਚੰਦ ਜੀ ਆੱਖਣ ਲੱਗੇ, "ਇਨਸਾਨ ਗਲਤੀਆਂ ਦਾ ਪੁਤਲਾ ਹੈ। ਉਸ ਦਿਨ ਉਸਦਾ ਰੋਣਾ, ਪਸ਼ਚਾਤਾਪ ਹੀ ਉਸਦੀ ਵੱਡੀ ਸਜਾ ਹੈ।"

ਉਸੇ ਦਿਨ ਯਸ਼ਵੰਤ ਰਾਏ ਨੇ ਹੁਕਮ ਦੇ ਕੇ ਗੁੰਨੇ ਨੂੰ ਰਿਹਾ ਕਰ ਦਿੱਤਾ ਅਤੇ ਉਸਦੇ ਮਨ ਵਿੱਚ ਭਾਈ ਸਾਹਿਬ ਪ੍ਰਤੀ ਸਤਿਕਾਰ ਹੋਰ ਵੀ ਵੱਧ ਗਿਆ। ਹੁਣ ਯਸ਼ਵੰਤ ਰਾਏ ਜੀ ਨੇ ਭਾਈ ਮੋਹਕਮ ਚੰਦ ਜੀ ਨੂੰ ਕਿਹਾ ਕਿ ਉਹ ਹੁਣ ਮਜ਼ਦੂਰੀ ਕੀ ਦੇਣ। ਮਜ਼ਦੂਰੀ ਅਜਿਹੀ ਹੋਵੇ ਕਿ ਉਸਦਾ ਮਨ ਪ੍ਰਸੰਨ ਹੋ ਜਾਵੇ।

ਮੋਹਕਮ ਚੰਦ ਜੀ ਬੇਨਤੀ ਕਰਨ ਲੱਗੇ, "ਜਦੋਂ ਮੇਰੀ ਮਾਤਾ ਸੰਭਾਲੀ ਜੀ ਨੇ ਮੋਤੀ ਚੋਰੀ ਹੋਣ ਦੀ ਖ਼ਬਰ ਦਿੱਤੀ ਸੀ ਤਾਂ ਉਸ ਸਮੇਂ ਮੈਂ ਧੰਨ ਗੁਰੂ ਗੋਬਿੰਦ (ਸਿੰਘ) ਜੀ ਦੇ ਚਰਨਾਂ ਵਿੱਚ ਅਰਦਾਸ

ਕੀਤੀ ਸੀ ਕਿ ਪਾਤਸ਼ਾਹ ਸਾਨੂੰ ਇਸ ਮੁਸੀਬਤ ਭਰੀ ਘੜੀ ਵਿੱਚੋਂ ਸਾਨੂੰ ਬਾਹਰ ਕੱਢਣ,ਅਸੀਂ ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਵਾਸਤੇ ਇੱਕ ਸੋਹਣੀ ਜਿਹੀ ਪੁਸ਼ਾਕ ਤਿਆਰ ਕਰਕੇ ਲੈ ਕੇ ਜਾਵਾਂਗੇ। ਰਾਏ ਸਾਹਿਬ, ਜੇ ਤੁਸੀਂ ਮੈਨੂੰ ਕੋਈ ਮਜ਼ਦੂਰੀ ਦੇਣੀ ਚਾਹੁੰਦੇ ਹੋ ਤਾਂ ਆਪਣੇ ਤੋਸ਼ਾਖਾਨੇ ਵਿੱਚੋਂ ਕੋਈ ਕੀਮਤੀ ਕੱਪੜਾ ਮੇਰੇ ਪਾਤਸ਼ਾਹ ਦੇ ਲਈ ਦੇਣ ਦੀ ਕ੍ਰਿਪਾਲਤਾ ਕਰੋ ਤਾਂ ਕਿ ਮੈਂ ਪੁਸ਼ਾਕ ਬਣਾ ਕੇ ਕੀਤੀ ਅਰਦਾਸ 'ਤੇ ਫੁੱਲ ਚੜ੍ਹਾ ਸਕਾਂ।"

ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਵਾਸਤੇ ਪੁਸ਼ਾਕ ਤਿਆਰ ਕਰਨੀ

ਯਸ਼ਵੰਤ ਰਾਏ ਜੀ ਹੋਰ ਪ੍ਰਸੰਨ ਹੋ ਗਏ ਅਤੇ ਕਹਿਣ ਲੱਗੇ ਕਿ ਸਭ ਤੋਂ ਕੀਮਤੀ ਕੱਪੜਾ ਮਖਮਲੀ ਜੋ ਕਿ ਰਾਜੇ-ਮਹਾਰਾਜੇ ਪਹਿਣਦੇ ਹਨ, ਉਸ ਕੱਪੜੇ ਦੀ ਪੁਸ਼ਾਕ ਬਣਾ ਕੇ ਤੁਸੀਂ ਆਪਣੇ ਵਲੋਂ ਭੇਟਾ ਕਰਕੇ ਆਉ। ਯਸ਼ਵੰਤ ਰਾਏ ਨੇ ਮੋਹਕਮ ਚੰਦ ਜੀ ਨੂੰ ਇੱਕ ਬੇਨਤੀ ਕੀਤੀ ਕਿ ਜਿਹੜੀ ਪੁਸ਼ਾਕ ਉਹ ਗੁਰੂ ਵਾਸਤੇ ਤਿਆਰ ਕਰੇਗਾ ਉਸ ਉੱਪਰ ਕੀਮਤੀ ਹੀਰੇ ਮੋਤੀਆਂ ਦੀ ਸੇਵਾ ਉਸ ਵਲੋਂ ਕਰ ਦਿੱਤੀ ਜਾਵੇ। ਮੋਹਕਮ ਚੰਦ ਜੀ ਇਸ ਤਰ੍ਹਾਂ ਕਰਨ ਲਈ ਮੰਨ ਗਏ। ਯਸ਼ਵੰਤ ਰਾਏ ਜੀ ਨੇ ਉਸਨੂੰ ਕੀਮਤੀ ਸੁੱਚਾ ਕੱਪੜਾ ਦਿੱਤਾ ਅਤੇ ਆਪਣੇ ਵੱਲੋਂ ਹੀਰੇ ਮੋਤੀ, ਪੁਸ਼ਾਕ ਉੱਤੇ ਸਜਾਉਣ ਲਈ ਦਿੱਤੇ। ਇਸ ਤਰ੍ਹਾਂ ਇਹ ਸਾਰਾ ਸਮਾਨ ਲੈ ਕੇ ਮੋਹਕਮ ਚੰਦ ਹੀ ਘਰ ਵਾਪਸ ਆ ਗਏ। ਘਰ ਆ ਕੇ ਮੋਹਕਮ ਚੰਦ ਜੀ ਨੇ ਆਪਣੀ ਮਾਤਾ ਸੰਭਾਲੀ ਜੀ ਅਤੇ ਪਿਤਾ ਜਗਜੀਵਨ ਜੀ ਨੂੰ ਯਸ਼ਵੰਤ ਰਾਏ ਜੀ ਦੇ ਦਰਬਾਰ ਦੀ ਸਾਰੀ ਗੱਲ ਦੱਸੀ। ਇੰਨੇ ਨੂੰ ਜਗਜੀਵਨ ਜੀ ਦੇ ਛੋਟੇ ਭਰਾ ਅਮਰ ਜੀ ਆਪਣੇ ਘਰਵਾਲੀ ਨਾਲ ਉੱਥੇ ਪਹੁੰਚੇ ਅਤੇ ਪਰਿਵਾਰ ਦਾ ਬਹੁਤ-ਬਹੁਤ ਧੰਨਵਾਦ ਕੀਤਾ ਕਿ ਮੋਹਕਮ ਚੰਦ ਨੇ ਉਹਨਾਂ ਦੇ ਪੁੱਤਰ ਗੁਨੇ ਨੂੰ ਜੇਲ੍ਹ ਤੋਂ ਰਿਹਾ ਕਰਵਾ ਦਿੱਤਾ ਸੀ। ਉਹ ਇਸ ਨੂੰ ਇੱਕ ਬਹੁਤ ਵੱਡਾ ਅਹਿਸਾਨ ਸਮਝ ਕੇ ਸਿਰ ਝੁਕਾ ਕੇ ਖੜੇ ਸਨ ਤਾਂ ਮੋਹਕਮ ਚੰਦ ਜੀ ਆਖਣ ਲੱਗੇ, "ਨਹੀਂ ਚਾਚਾ ਜੀ, ਇਨਸਾਨ ਭੁੱਲਣ ਅੰਦਰ ਹੈ, ਗੁਨੇ ਦੀ ਤਾਂ ਅਜੇ ਉਮਰ ਹੀ ਬਹੁਤ

ਛੋਟੀ ਹੈ। ਬੱਚਿਆਂ ਕੋਲੋਂ ਗਲਤੀਆਂ ਤਾਂ ਹੋ ਹੀ ਜਾਂਦੀਆਂ ਹਨ। ਤੁਸੀਂ ਉਸਨੂੰ ਮੇਰੇ ਕੋਲ ਭੇਜਣਾ। ਮੇਰੇ ਮਨ ਵਿੱਚ ਉਸ ਲਈ ਕੋਈ ਵੀ ਗਿਲਾ ਨਹੀਂ ਹੈ ('ਪਰ ਕਾ ਬੁਰਾ ਨਾ ਰਾਖੋ ਚੀਤ' ॥) ਧੰਨ ਗੁਰੂ ਗੋਬਿੰਦ (ਸਿੰਘ) ਜੀ ਦੀ ਪੁਸ਼ਾਕ ਤਿਆਰ ਕਰ ਰਿਹਾ ਹਾਂ। ਇਸ ਲਈ ਇਸ ਵਿੱਚ ਉਹ ਵੀ ਆ ਕੇ ਮੇਰਾ ਹੱਥ ਵਟਾਏ ਤੇ ਮੇਰੇ ਨਾਲ ਮਿਲਕੇ ਸੇਵਾ ਕਰੇ।"

ਅਮਰ ਜੀ ਆਖੱਣ ਲੱਗੇ, "ਉਹ ਕਿਸ ਮੂੰਹ ਨਾਲ ਤੇਰੇ ਸਾਹਮਣੇ ਆਵੇਗਾ। ਉਹ ਬਾਰ-ਬਾਰ ਮਾਫ਼ੀਆਂ ਮੰਗੀ ਜਾ ਰਿਹਾ ਸੀ"।

ਤਾਂ ਮੋਹਕਮ ਚੰਦ ਹੀ ਅੱਖਣ ਲੱਗੇ, "ਚਾਚਾ ਜੀ, ਉਸ ਨੂੰ ਕਹਿਣਾ ਕਿ ਮੇਰੇ ਕੋਲੋਂ ਮੁਆਫੀ ਮੰਗਣ ਦੀ ਕੋਈ ਲੋੜ ਨਹੀਂ, ਜੇ ਮੁਆਫ਼ੀ ਮੰਗਣੀ ਹੈ ਤਾਂ ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਦੇ ਚਰਨਾਂ ਵਿੱਚ ਮੰਗੇ ਅਤੇ ਚੱਲ ਰਹੀ ਸੇਵਾ ਵਿੱਚ ਮੇਰੇ ਨਾਲ ਹੱਥ ਵਟਾ ਕੇ ਆਪਣੇ ਸੁਆਸਾਂ ਦਾ ਭਲਾ ਕਰੇ।"

ਇਸ ਤਰਾਂ ਅਮਰ ਜੀ ਨੇ ਘਰ ਜਾ ਕੇ ਗੁੱਨੇ ਨੂੰ ਸਾਰੀ ਗੱਲ ਦੱਸੀ ਅਤੇ ਉਹ ਮੋਹਕਮ ਚੰਦ ਜੀ ਦੇ ਚਰਨਾਂ ਵਿੱਚ ਆ ਕੇ ਫੁੱਟ-ਫੁੱਟ ਕੇ ਰੋ ਪਿਆ ਅਤੇ ਮੁਆਫ਼ੀ ਮੰਗਣ ਲੱਗਾ। ਭਾਈ ਸਾਹਿਬ ਜੀ ਨੇ ਉਸਨੂੰ ਸਮਝਾ ਕੇ ਸੇਵਾ ਕਰਨ ਲਈ ਪ੍ਰੇਰਿਆ। ਇਸ ਤਰਾਂ ਸਾਰੇ ਸਮੂਹ ਪਰਿਵਾਰ ਨੇ ਰਲ ਕੇ ਦਿਨ ਰਾਤ ਇੱਕ ਕਰ ਕੇ ਚਾਅ-ਮਲਾਰ ਨਾਲ ਪਾਠ ਕਰਦਿਆਂ ਪੁਸ਼ਾਕ ਤਿਆਰ ਕਰਨ ਦੀ ਸੇਵਾ ਕੀਤੀ ਅਤੇ ਇਹ ਪੁਸ਼ਾਕ ਤਕਰੀਬਨ ਛੇ ਮਹੀਨੇ ਵਿੱਚ ਤਿਆਰ ਹੋ ਗਈ। ਉੱਧਰ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ ਆਗਮਣ ਪੁਰਬ ਜੋ ਅਪ੍ਰੈਲ ਮਹੀਨੇ ਵਿੱਚ ਮਨਾਏ ਜਾਂਦੇ ਸਨ, ਇਸ ਦਿਹਾੜੇ ਉੱਤੇ ਸੰਗਤਾਂ ਦੂਰੋਂ-ਦੂਰੋਂ ਆਪਣੀਆਂ ਭੇਟਾਵਾਂ ਲੈ ਕੇ, ਦਸਵੰਧ ਲੈ ਕੇ ਨਾਨਕੀ ਚੱਕ (ਸ੍ਰੀ ਆਨੰਦਪੁਰ ਸਾਹਿਬ) ਗੋਬਿੰਦ (ਸਿੰਘ) ਜੀ ਦੇ ਚਰਨਾਂ ਵਿੱਚ ਭੇਟਾ ਕਰਨ ਲਈ ਜਾ ਪਹੁੰਚ ਰਹੀਆਂ ਸਨ ਅਤੇ ਗੁਰੂ ਜੀ ਦੀਆਂ ਬਖਸ਼ਿਸ਼ਾਂ ਝੋਲੀ ਵਿੱਚ ਪੁਆ ਰਹੀਆਂ ਸਨ। ਗੁਰੂ ਜੀ ਵੱਲੋਂ ਇਸ ਦਿਹਾੜੇ ਦੇ ਸੰਬੰਧ ਵਿੱਚ

ਇੱਕ-ਦੋ ਮਹੀਨੇ ਪਹਿਲਾਂ ਹੀ ਸੰਗਤਾਂ ਵਾਸਤੇ ਸੰਦੇਸ਼ੇ ਭੇਜੇ ਜਾਂਦੇ ਸਨ ਤਾਂ ਕਿ ਸੰਗਤਾਂ ਜਦੋਂ ਇੱਕਠੀਆਂ ਆਉਣ ਤਾਂ ਪਿੰਡਾਂ-ਸ਼ਹਿਰਾਂ ਵਿੱਚੋਂ ਕੋਈ ਇੱਕਲਾ-ਦੁਕੱਲਾ ਵੀ ਇਸ ਵਿੱਚ ਰਲ ਜਾਵੇ ਅਤੇ ਸਹੀ ਸਲਾਮਤ ਦਰਸ਼ਨਾਂ ਲਈ ਪਹੁੰਚ ਸਕੇ।

ਭਾਈ ਮੋਹਕਮ ਸਿੰਘ ਜੀ ਨੇ ਦਵਾਰਕਾ ਤੋਂ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਕਰਨ ਪਹਿਲੀ ਵਾਰ ਆਉਣਾ

1694 ਈ: ਦਾ ਮਾਰਚ ਦਾ ਮਹੀਨਾ ਸੀ। ਦਵਾਰਿਕਾ ਨਗਰੀ ਦੀ ਸੰਗਤ ਨੇ ਵੀ ਨਾਨਕੀ ਚੱਕ ਜਾਣ ਲਈ ੨੦ ਫੱਗਣ ਦਾ ਦਿਨ ਮੁਕੱਰਰ ਕਰ ਲਿਆ ਸੀ। ਦਵਾਰਿਕਾ ਤੋਂ ਤੁਰਨ ਦੀ ਤਰੀਕ ਸੰਗਤਾਂ ਨੂੰ ਦੱਸ ਦਿੱਤੀ ਗਈ। ਇਸ ਦਿਨ ਨੂੰ ਭਾਈ ਮੋਹਕਮ ਚੰਦ ਜੀ ਦਾ ਪਰਿਵਾਰ ਬੇਸਬਰੀ ਨਾਲ ਉਡੀਕ ਰਿਹਾ ਸੀ। ਪਰਿਵਾਰ ਵਿੱਚ ਨਾਨਕੀ ਚੱਕ ਜਾਣ ਦੀਆਂ ਖੁਸ਼ੀਆਂ ਹੀ ਖੁਸ਼ੀਆਂ ਸਨ। ਇੱਕ-ਇੱਕ ਕਰਕੇ ਦਿਨ ਲੰਘ ਰਹੇ ਸਨ। ਜਾਣ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਸੰਗਤਾਂ ਦੇ ਜੱਥੇਦਾਰ ਭਾਈ ਟਿੱਕਾ ਮੱਲ ਜੀ ਸਨ ਜੋ ਸੰਗਤਾ ਨੂੰ ਗੁਰੂ ਵਾਸਤੇ ਦਸਵੰਧ ਅਤੇ ਭੇਟਾਵਾਂ ਲਈ ਪ੍ਰੇਰ ਰਹੇ ਸਨ ਅਤੇ ਪਾਠ ਕਰਨ ਅਤੇ ਸਿਮਰਨ ਕਰਨ ਲਈ ਪ੍ਰੇਰ ਰਹੇ ਸਨ ਕਿ ਜੋ ਵੀ ਵਿਅਕਤੀ ਵੱਧ ਤੋਂ ਵੱਧ ਸਿਮਰਨ ਕਰਕੇ ਧੰਨ ਗੁਰੂ ਗੋਬਿੰਦ (ਸਿੰਘ) ਜੀ ਦੇ ਦਰਸ਼ਨ ਕਰੇਗਾ, ਪਾਤਸ਼ਾਹ ਉਸ ਉੱਪਰ ਵੱਧ ਪ੍ਰਸੰਨ ਹੋਣਗੇ। ਯਾਤਰਾ ਆਰੰਭ ਕਰਨ ਦੇ ਦਿਨ ਦੀ ਉਡੀਕ ਵਿੱਚ ਸਤਿਸੰਗ ਦਾ ਸਮਾਂ ਵੀ ਵਧਾ ਦਿੱਤਾ ਗਿਆ। ਸਾਰੇ ਆਪੋ-ਆਪਣੇ ਘਰਾਂ ਵਿੱਚ ਪਹੁ-ਫੁੱਟਦੇ ਸਾਰ ਬਾਣੀ ਵਿੱਚ ਜੁੜ ਜਾਂਦੇ ਸਨ ਅਤੇ ਅਰਦਾਸਾਂ ਕਰਦੇ ਸਨ ਕਿ ਧੰਨ ਗੁਰੂ ਗੋਬਿੰਦ (ਸਿੰਘ) ਜੀ ਖੁਸ਼ੀ ਨਾਲ ਸਾਨੂੰ ਆਪਣੇ ਦਰਸ਼ਨਾਂ ਦੀ ਬਖਸ਼ਿਸ਼ ਕਰਨ। ਉਨ੍ਹਾਂ ਦਿਨਾਂ ਵਿੱਚ ਆਵਾਜਾਈ ਦਾ ਸਾਧਨ ਅੱਜੋਕੇ ਯੁੱਗ ਦੀ ਤਰਾਂ ਨਹੀਂ ਸੀ। ਸੰਗਤਾਂ ਰੱਥਾਂ, ਘੋੜੇ, ਖੱਚਰਾਂ ਉੱਪਰ ਜਾਂ ਪੈਦਲ ਹੀ ਸਫ਼ਰ ਕਰਦੀਆਂ ਸਨ। ਬਲਦਾਂ ਵਾਲੇ ਗੱਡੇ ਉੱਪਰ ਸੰਗਤਾਂ ਦੇ ਛਕਣ ਲਈ ਸਮਗਰੀ, ਗੁਰੂ ਘਰ ਦੀਆਂ ਭੇਟਾਵਾਂ, ਦਸਵੰਧ ਆਦਿਕ ਰੱਖ

ਕੇ ਨਾਲ ਲਿਜਾਏ ਜਾਂਦੇ ਸਨ।

੧੭ ਫੱਗਣ ਦਿਨ ਸੋਮਵਾਰ ਨੂੰ ਜਾਣ ਵਾਲੀ ਸੰਗਤ ਨੂੰ ਜੱਥੇਦਾਰ ਟਿੱਕਾ ਮੱਲ ਜੀ ਨੇ ਇੱਕਠਾ ਕੀਤਾ ਅਤੇ ਸੰਬੋਧਨ ਕਰਕੇ ਦੱਸਣਾ ਕੀਤਾ ਕਿ ਅੱਜ ਤੋਂ ਤਿੰਨ ਦਿਨ ਬਾਅਦ ਇਹ ਜੱਥਾ ਨਾਨਕੀ ਚੱਕ (ਸ਼੍ਰੀ ਅਨੰਦਪੁਰ ਸਾਹਿਬ) ਲਈ ਰਵਾਨਾ ਹੋਵੇਗਾ। ਇਸ ਲਈ ਸੰਗਤ ਨੂੰ ਬੇਨਤੀ ਕੀਤੀ ਗਈ ਕਿ ਜੱਥੇ ਦੇ ਨਾਲ ਲਿਜਾਇਆ ਜਾਣ ਵਾਲਾ ਸਮਾਨ ਜਿਵੇਂ ਕਿ ਰਸਤਾਂ, ਗੁਰੂ ਘਰ ਦੀਆਂ ਭੇਟਾਵਾਂ ਤੇ ਹੋਰ ਜਰੂਰੀ ਸਮਾਨ ਆਦਿਕ ਇੱਕ ਦਿਨ ਪਹਿਲਾਂ ਹੀ ਮੁਕਰਰ ਸਥਾਨ 'ਤੇ ਪਹੁੰਚਾਇਆ ਜਾਵੇ, ਤਾਂ ਕਿ ਉਹਨਾਂ ਦੇ ਹਿਸਾਬ ਨਾਲ ਗੱਡਿਆਂ ਆਦਿ ਦਾ ਸਹੀ ਪ੍ਰਬੰਧ ਕੀਤਾ ਜਾ ਸਕੇ। ਜੱਥੇਦਾਰ ਜੀ ਨੇ ਦੱਸਿਆ ਕਿ ਦਵਾਰਿਕਾ ਤੋਂ ਚੱਲਣ ਲਈ ਪਹਿਲਾਂ ਸਾਰਾ ਜੱਥਾ ਬੇੜੇ ਵਿੱਚ ਬੈਠ ਕੇ 'ਪੋਰਬੰਦਰ-ਸਦਾਮਪੁਰੀ'[1] (ਬਾਹਰਲੀ ਦਵਾਰਿਕਾ) ਨੂੰ ਜਾਵੇਗਾ।

ਅੱਜ ੨੦ ਫੱਗਣ ਦਾ ਦਿਨ ਸੀ। ਸੰਗਤਾਂ ਦੇ ਚੱਲਣ ਦੀ ਪੂਰੀ ਤਿਆਰੀ ਹੋ ਗਈ। ਸੰਗਤਾਂ ਨੂੰ ਵਿਦਾ ਕਰਨ ਲਈ ਯਸ਼ਵੰਤ ਰਾਏ ਵੀ ਉੱਥੇ ਪਹੁੰਚੇ। ਮੋਹਕਮ ਚੰਦ ਜੀ ਨੇ ਜਦੋਂ ਯਸ਼ਵੰਤ ਰਾਏ ਜੀ ਆਇਆਂ ਵੇਖਿਆ ਤਾਂ ਬਹੁਤ ਪ੍ਰਸੰਨ ਹੋਏ ਅਤੇ ਉਹਨਾਂ ਕੋਲ ਆਗਿਆ ਲੈਣ ਲਈ ਗਏ। ਯਸ਼ਵੰਤ ਰਾਏ ਜੀ ਨੇ ਸਾਰੀ ਸੰਗਤ ਨੂੰ ਗੁਰੂ ਦੇ ਦਰਸ਼ਨਾਂ ਨੂੰ ਜਾਣ ਲਈ ਵਧਾਈ ਦਿੱਤੀ ਅਤੇ ਮੋਹਕਮ ਚੰਦ ਜੀ ਨੂੰ ਪੰਜ ਸੌ ਮੋਹਰਾਂ ਭੇਟ ਕਰਨ ਲਈ ਦਿੱਤੀਆਂ। ਸਾਰੀਆਂ

1. ਸਦਾਮਪੁਰੀ ਉਹ ਸਥਾਨ ਜਿਸ ਸਥਾਨ ਤੋਂ ਸੁਦਾਮੇ ਦੀ ਘਰਵਾਲੀ ਨੇ ਸਦਾਮੇ ਨੂੰ ਪ੍ਰੇਰਿਤ ਕਰਕੇ ਘਰ ਦਾ ਦਲਿਦਰ ਦੂਰ ਕਰਨ ਲਈ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਕੋਲ ਚੌਲਾਂ ਦੀ ਪੋਟਲੀ ਦੇ ਕੇ ਭੇਜਿਆ ਸੀ। ਸੁਦਾਮੇ ਦੇ ਗਰੀਬੀ ਵਲੇ ਵਸਤਰ ਪਾਏ ਦੇਖ ਕੇ ਦਰਬਾਨਾਂ ਨੇ ਉਸਨੂੰ ਮਹਿਲਾਂ ਦੇ ਅੰਦਰ ਜਾਣ ਤੋਂ ਰੋਕ ਦਿੱਤਾ। ਬਹੁਤ ਕੋਸ਼ਿਸ਼ਾਂ ਤੋਂ ਬਾਅਦ ਜਦੋਂ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੂੰ ਸੁਦਾਮੇ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਆਪਣਾ ਸਿੰਘਾਸਣ ਛੱਡ ਕੇ ਖੁੱਦ ਸੁਦਾਮੇ ਕੋਲ ਗਏ ਅਤੇ ਸਤਿਕਾਰ ਨਾਲ ਅੰਦਰ ਲੈ ਕੇ ਆਏ ਅਤੇ ਆਪਣੇ ਸਿੰਘਾਸਣ ਤੇ ਬਿਠਾਇਆ। ਘਰ ਦੀ ਖੈਰ-ਖਬਰ ਪੁੱਛੀ ਅਤੇ ਉਸ ਵਲੋਂ ਲਿਆਂਦੇ ਗਏ ਚੌਲ (ਤੁੰਦਲ-ਚਬਿਆਨ) ਛਕੇ ਅਤੇ ਬਹੁਤ ਸਾਰੇ ਵਰਦਾਨ ਦਿੱਤੇ ਅਤੇ ਉਸਦਾ ਦਲਿੱਦਰ ਦੂਰ ਕੀਤਾ। ਹੁਣ ਇਹ ਸਥਾਨ ਸੁਦਾਮਪੁਰੀ ਦੇ ਨਾਮ ਬਹੁਤ ਸੋਹਣਾ ਨਗਰ ਵੱਸਿਆ ਹੋਇਆ ਹੈ। ਜਿਹੜਾ ਅੱਜਕਲ੍ਹ ਪੋਰਬੰਦਰ ਦੇ ਨਾਮ ਤੇ ਗੁਜਰਾਤ ਪ੍ਰਾਂਤ ਵਿੱਚ ਹੈ।

ਸੰਗਤਾਂ ਆਪੋ ਆਪਣਾ ਸਮਾਨ ਸੰਭਾਲਦੀਆਂ ਹੋਈਆਂ ਦੱਸੇ ਸਥਾਨ 'ਤੇ ਪਹੁੰਚ ਕੇ ਆਪਣੇ ਸੱਜਣਾ-ਮਿੱਤਰਾਂ ਨੂੰ ਗਲਵੱਕੜੀ ਪਾ ਕੇ ਮਿਲ ਰਹੀਆਂ ਸਨ ਅਤੇ ਸ਼ੁੱਭ ਅਸੀਸਾਂ ਪ੍ਰਾਪਤ ਕਰ ਰਹੀਆਂ ਸਨ ਕਿ ਧੰਨ ਗੁਰੂ ਗੋਬਿੰਦ (ਸਿੰਘ) ਜੀ ਤੁਹਾਡੇ ਅੰਗ-ਸੰਗ ਹਨ। ਗੁਰੂ ਦਾ ਲੜ ਨਾ ਛੱਡਿਓ।[1] ਤੁਹਾਨੂੰ ਤੱਤੀ ਵਾਹ ਵੀ ਨਹੀ ਲੱਗ ਸਕਦੀ। ਇਸ ਤਰਾਂ ਸਾਰੀ ਸੰਗਤ ਵਾਰੀ-ਵਾਰੀ ਬੇੜੇ ਵਿਚ ਬੈਠਣ ਲੱਗੀ। ਮੋਹਕਮ ਚੰਦ ਜੀ ਨੇ ਵੀ ਮਾਤਾ ਸੰਭਾਲੀ ਅਤੇ ਪਿਤਾ ਜਗਜੀਵਨ ਰਾਮ ਜੀ ਨੂੰ ਬੇੜੇ ਵਿੱਚ ਬਿਠਾਇਆ। ਯਾਤਰਾ ਆਰੰਭ ਹੋ ਗਈ। ਸਾਰੀ ਸੰਗਤ ਸ਼ਬਦ ਗਾਇਣ ਕਰਦੀ ਹੋਈ ਅਤੇ ਗੁਰੂ ਦੀਆਂ ਕਥਾ-ਕਹਾਣੀਆਂ ਇੱਕ ਦੂਜੇ ਨੂੰ ਸੁਣਾਉਂਦੇ ਹੋਏ ਪੋਰਬੰਦਰ ਪਹੁੰਚ ਗਈ। ਇੱਥੋਂ ਦੀਆਂ ਸੰਗਤਾਂ ਪਹਿਲਾਂ ਤੋਂ ਹੀ ਇਸ ਜੱਥੇ ਨੂੰ ਉਡੀਕ ਰਹੀਆਂ ਸਨ। ਰਸਤਾਂ ਅਤੇ ਭੇਟਾਵਾਂ ਗੱਡਿਆਂ ਉੱਪਰ ਰੱਖ ਕੇ ਸਾਰਿਆਂ ਨੇ ਚਾਈਂ-ਚਾਈਂ ਅਗਲੀ ਯਾਤਰਾ ਆਰੰਭ ਕਰ ਦਿੱਤੀ।

ਦਵਾਰਕਾ ਤੋਂ ਸ੍ਰੀ ਅਨੰਦਪੁਰ ਸਾਹਿਬ ਦਾ ਸਫ਼ਰ

ਪੋਰਬੰਦਰ (ਗੁਜਰਾਤ)[2] ਤੋਂ ਭੁਜਾ ਬੀਸ਼ਨਗਰ (ਅੱਜਕਲ੍ਹ) ਗਾਂਧੀ ਨਗਰ, ਨਾਥ ਦੁਆਰਾ, ਚਤੌੜ (ਰਾਜਸਥਾਨ), ਅਜਮੇਰ, ਪੁਸ਼ਕਰ[3] ਤੋਂ ਮਥੁਰਾ, ਦਿੱਲੀ, ਪਾਣੀਪੱਤ, ਕੁਰੂਕਸ਼ੇਤਰ, ਸ਼ਾਹਬਾਦ ਘੜਾਮ ਪਿੰਡ (ਅੰਬਾਲਾ), ਕੀਰਤਪੁਰ ਅਤੇ ਅਖੀਰ ਨਾਨਕੀਚੱਕ (ਸ੍ਰੀ ਆਨੰਦਪੁਰ ਸਾਹਿਬ), ਇਹ ਸਾਰਾ ਸਫਰ ਤਕਰੀਬਨ ਸਵਾ ਮਹੀਨੇ ਵਿੱਚ ਸੰਗਤਾਂ ਨੇ ਤਹਿ ਕਰ ਲਿਆ। ਇਸ ਸਾਰੇ ਰਸਤੇ ਵਿੱਚ

1. ਰਸਤੇ ਵਿੱਚ ਜੰਗਲ ਬੀਆ ਬਾਨ ਹੋਣ ਕਾਰਨ ਬੀਹੜਾਂ ਜੰਗਲਾਂ ਵਿੱਚੋਂ ਦੀ ਸੰਗਤਾਂ ਨੂੰ ਲੰਘ ਕੇ ਜਾਣਾ ਪੈਂਦਾ ਸੀ ਅਤੇ ਕਿਸੇ ਨੂੰ ਆਪਣੇ ਆਪ ਉਤੇ ਯਕੀਨ ਨਹੀਂ ਸੀ ਹੁੰਦਾ ਕਿ ਅਸੀਂ ਆਪਣੇ ਘਰਾਂ ਨੂੰ ਸਹੀ ਸਲਾਮਤ ਵਾਪਸ ਪਰਤ ਸਕਾਂਗੇ ਜਾਂ ਨਹੀਂ। ਕਿਉਂਕਿ ਜੰਗਲੀ ਜਾਨਵਰ, ਡਾਕੂ-ਲੁਟੇਰੇ, ਧਾੜਵੀ, ਜੰਗਲਾਂ ਵਿੱਚ ਕਿਸੇ ਵੀ ਸਮੇਂ ਹਮਲਾ ਕਰ ਸਕਦੇ ਸਨ।
2. ਰਸਤੇ ਦਾ ਸਫਰ ਬਹੁਤ ਸੁਹਾਵਣਾ ਸੀ। ਇਸ ਸਫਰ ਨੂੰ ਲੇਖਕ ਆਪਣੀ ਅਗਲੀ ਪੁਸਤਕ ਵਿੱਚ ਵਰਨਣ ਕਰਨਗੇ।
3. ਪੁਸ਼ਕਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸਥਾਨ ਹੈ ਜਿੱਥੇ ਸੰਗਤਾਂ ਆਮ ਹੀ ਆਉਂਦੀਆਂ ਜਾਂਦੀਆਂ ਅਤੇ ਰੁਕਦੀਆਂ ਸਨ।

ਮੋਹਕਮ ਚੰਦ ਜੀ, ਪਿਤਾ ਜਗਜੀਵਨ ਜੀ, ਚਾਚਾ ਅਮਰ ਜੀ ਅਤੇ ਹੋਰਾਂ ਨੇ ਸੰਗਤਾਂ ਦੀ ਬਹੁਤ ਟਹਿਲ ਸੇਵਾ ਕੀਤੀ।

ਇਹ ਵਿਸਾਖੀ ਦਾ ਮਹੀਨਾ ਵਿਸਾਖੀ ਵਾਲੇ ਦਿਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਵਜੋਂ ਮਨਾਇਆ ਜਾਂਦਾ ਸੀ। ਇਹ ਦਿਨ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਵਿਸਾਖੀ ਵਲੇ ਦਿਨ ਭਾਰੀ ਇੱਕਠ ਹੋਣਾ ਸ਼ੁਰੂ ਹੋ ਗਿਆ ਸੀ। ਵਿਸਾਖੀ ਵਾਲੇ ਦਿਨ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਆਰੰਭ ਕੀਤੀਆਂ ਸਨ। ਇਸ ਦਿਨ ਨੂੰ ਪਵਿੱਤਰ ਜਾਣ ਕੇ ਗੁਰੂ ਅਮਰ ਦਾਸ ਮਹਾਰਾਜ ਜੀ ਨੇ ਬਉਲੀ ਦਾ ਕੜ ਤੋੜਿਆ ਸੀ। ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੋਤੀ-ਜੋਤ ਸਮਾਏ ਸਨ ਅਤੇ ਸਿੱਖਾਂ ਨੂੰ ਬਾਬੇ ਬਕਾਲੇ ਦਾ ਸੰਕੇਤ ਦਿੱਤਾ ਸੀ। ਇਸ ਲਈ ਇਸ ਮਹੀਨੇ ਵਿੱਚ ਚੜ੍ਹਦੇ ਵਿਸਾਖ ਵਿੱਚ ਹਰ ਸਾਲ ਦੀ ਤਰਾਂ ਸੰਗਤਾਂ ਦੂਰੋਂ-ਦੂਰੋਂ ਆਉਂਦੀਆਂ ਸਨ।

ਵਿਸਾਖ ਮਹੀਨੇ ਦੀ ਆਰੰਭਤਾ ਦੀ ਤਰੀਖ 5 ਅਪ੍ਰੈਲ, 1694 ਈ: ਆ ਗਈ ਸੀ। ਇਹ ਉਹ ਘੜੀ ਸੀ ਜਦੋਂ ਦਵਾਰਕਾ ਦੀ ਸੰਗਤ ਬਾਰੰਬਾਰ ਨਾਨਕੀ ਚੱਕ ਦੀ ਧਰਤੀ ਨੂੰ ਨਮਸਕਾਰ ਕਰ ਰਹੀ ਸੀ। ਇੱਕ-ਇੱਕ ਛਿਨ, ਇੱਕ ਇੱਕ ਪਲ ਬੜਾ ਵੱਡਾ ਹੋ ਕੇ ਬੀਤ ਰਿਹਾ ਸੀ। ਉਡੀਕ ਵਿੱਚ ਕਦੋਂ ਉਹ ਪਲ ਆਵੇ ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਦੇ ਦਰਸ਼ਨ ਕਰੀਏ। ਇਸ ਜੱਥੇ ਨੂੰ ਪਹੁੰਚਦਿਆਂ ਹੋਇਆਂ ਸ਼ਾਮਾਂ ਢਲ ਚੁੱਕੀਆਂ ਸਨ। ਸੇਵਾਦਾਰ ਦਿਆ (ਸਿੰਘ)[1] ਸ੍ਰੀ ਅਨੰਦਪੁਰ ਸਾਹਿਬ ਤੋਂ ਬਾਹਰੋਂ ਆਈਆਂ ਸੰਗਤਾਂ ਨੂੰ ਠਹਿਰਾਉਣ ਅਤੇ ਉਹਨਾਂ ਦੇ ਲੰਗਰ ਪਾਣੀ ਦੀ ਵਿਵਸਥਾ ਦੀ ਜਾਣਕਾਰੀ ਸੰਗਤਾਂ ਨੂੰ ਦੇ ਰਹੇ ਸਨ ਅਤੇ ਬੇਨਤੀਆਂ ਕਰ ਰਹੇ ਸਨ ਕਿ ਸਾਰੀ ਸੰਗਤ ਹੁਣ ਲੰਗਰ ਪਾਣੀ ਛੱਕ ਕੇ ਆਰਾਮ ਵਿੱਚ ਹੋ ਜਾਵੇ। ਕਲ੍ਹ ਅੰਮ੍ਰਿਤ ਵੇਲੇ ਸਾਹਿਬ ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਦਾ ਦਰਬਾਰ ਸਜੇਗਾ। ਆਸਾ ਦੀ ਵਾਰ ਦੇ ਕੀਰਤਨ ਹੋਣਗੇ।

1. ਸੇਵਾਦਾਰ ਭਾਈ ਦਇਆ ਸਿੰਘ ਜੀ ਸਨ ਜੋ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਸੰਨ 1681 ਈ: ਵਿੱਚ ਆ ਗਏ ਸਨ।

ਉਪਰੰਤ ਬਾਹਰੋਂ ਆਈਆਂ ਸੰਗਤਾਂ ਦੀਆਂ ਭੇਟਾਵਾਂ ਦੇ ਭੁਗਤਾਨ ਕੀਤੇ ਜਾਣਗੇ। ਉਸ ਸਮੇ ਦਵਾਰਕਾ ਤੋਂ ਆਈ ਹੋਈ ਸਾਰੀ ਸੰਗਤ ਦੀ ਹਾਜ਼ਰੀ ਲਗਵਾਈ ਜਾਵੇਗੀ।

ਇਸ ਤਰਾਂ ਸੇਵਾਦਾਰਾਂ ਵਲੋਂ ਬੇਨਤੀਆਂ ਸੁਣ ਕੇ ਜੱਥੇਦਾਰ ਟਿੱਕਾਮੱਲ ਜੀ ਸਾਰੀ ਸੰਗਤ ਨੂੰ ਲੰਗਰ ਵੱਲ ਜਾਣ ਲਈ ਕਿਹਾ ਅਤੇ ਬਾਅਦ ਵਿੱਚ ਸਾਰਿਆਂ ਨੂੰ ਥਾਂ ਪਰ ਥਾਂ ਜਗ੍ਹਾ ਦੇ ਕੇ ਆਰਾਮ ਕਰਨ ਦੀ ਬੇਨਤੀ ਕੀਤੀ। ਭਾਈ ਮੋਹਕਮ ਚੰਦ ਜੀ ਨੇ ਆਪਣੇ ਸਾਰੇ ਪਰਿਵਾਰ ਦਾ ਆਸਣ ਇੱਕ ਪਾਸੇ ਲਗਾ ਲਿਆ। ਸੌਣ ਸਮੇ ਮੋਹਕਮ ਚੰਦ ਹੀ ਪਿਤਾ ਜਗਜੀਵਨ ਜੀ ਦੇ ਚਰਨਾਂ ਦੀ ਸੇਵਾ ਕਰਨ ਲੱਗ ਪਏ ਤਾਂ ਪਿਤਾ ਜਗਜੀਵਨ ਜੀ ਨੇ ਭਾਈ ਸਾਹਿਬ ਨੂੰ ਕਿਹਾ, "ਪੁੱਤਰ, ਤੁਸੀਂ ਵੀ ਥੱਕੇ ਹੋ। ਸਾਰੇ ਰਸਤੇ ਵਿੱਚ ਸੰਗਤਾਂ ਦੀ ਬਹੁਤ ਸੇਵਾ ਕੀਤੀ ਹੈ ਅਤੇ ਮੈਂ ਤੁਹਾਨੂੰ ਆਰਾਮ ਕਰਦਿਆਂ ਨਹੀਂ ਵੇਖਿਆ। ਜਾਓ, ਤੁਸੀਂ ਵੀ ਆਰਾਮ ਕਰ ਲਓ।"

ਭਾਈ ਮੋਹਕਮ (ਸਿੰਘ) ਦਾ ਪਿਆਰ

ਮੋਹਕਮ ਚੰਦ ਜੀ ਪਿਆਰ ਨਾਲ ਸੇਵਾ ਕਰਦੇ ਹੋਏ ਪਿਤਾ ਜੀ ਨੂੰ ਆਖਣ ਲੱਗੇ, "ਸੰਗਤਾਂ ਅਤੇ ਮਾਤਾ-ਪਿਤਾ ਦੀ ਸੇਵਾ ਕਰਦਿਆਂ ਸਰੀਰ ਥੱਕਦਾ ਨਹੀਂ ਸਗੋਂ ਚਰਨਾਂ ਦੀ ਧੂੜ ਨਾਲ ਸਰੀਰ ਦੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਚੜ੍ਹਦੀ ਕਲਾ ਆਉਂਦੀ ਹੈ।"

ਮਾਤਾ ਪਿਤਾ ਅਤੇ ਸਾਰੀ ਸੰਗਤ ਆਰਾਮ ਕਰਨ ਲੱਗੇ ਪਰ ਭਾਈ ਮੋਹਕਮ ਚੰਦ ਜੀ ਇੱਕ ਪਾਸੇ ਬੈਠ ਕੇ ਗੁਰੂ ਪਿਆਰ ਵਿੱਚ ਲੀਨ ਹੋ ਗਏ। ਹਿਰਦੇ ਵਿੱਚ ਅਜਿਹੀ ਅਵਸਥਾ ਬਣੀ ਹੋਈ ਸੀ ਜਦੋਂ ਗੁਰੂ ਅਰਜਨ ਦੇਵ ਨੇ ਗੁਰੂ ਰਾਮ ਦਾਸ ਦੇ ਵਿਛੋੜੇ ਦੀ ਤ੍ਰਿਖਾ ਵਿੱਚ ਪਹਿਲਾਂ ਸ਼ਬਦ ਆਇਆ ਸੀ:-

"ਮੇਰਾ ਮਨ ਲੋਚੈ ਗੁਰਿ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥"

ਤਾਂ ਮੇਰੇ ਪਾਤਸ਼ਾਹ ਗੁਰੂ ਗੋਬਿੰਦ (ਸਿੰਘ) ਜੀ ਸੋਹਿਲੇ ਬਾਣੀ ਦਾ ਪਾਠ ਕਰਕੇ ਆਰਾਮ ਵਿੱਚ ਹੋ ਰਹੇ ਸਨ। ਭਾਈ ਮੋਹਕਮ ਚੰਦ ਜੀ

ਦੇ ਹਿਰਦੇ 'ਚੋਂ ਪ੍ਰੇਮ ਦੀ ਪੀਂਘ ਸਤਿਗੁਰੂ ਦੇ ਪਲੰਘ ਨਾਲ ਜਾ ਟਕਰਾਈ ਤਾਂ ਸਤਿਗੁਰੂ ਪਾਤਸ਼ਾਹ ਜੀ ਉੱਠ ਬੈਠੇ।

ਕੋਈ ਸਮਾਂ ਸੀ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਪਲੰਘ ਉੱਪਰ ਬੈਠੇ ਆਰਾਮ ਕਰ ਰਹੇ ਸਨ ਤਾਂ ਬਾਬਾ ਅਰਜਨ ਦੇਵ ਜੀ ਨੇ ਰੁੜਦੇ ਹੋਏ ਪਾਤਸ਼ਾਹ ਦੇ ਪਲੰਘ ਨੂੰ ਹੱਥ ਪਾ ਕੇ ਹਿਲਾਇਆ ਤਾਂ ਗੁਰੂ ਅਮਰਦਾਸ ਜੀ ਮਹਾਰਾਜ ਪਲੰਘ ਤੋਂ ਉੱਠਦੇ ਹੋਏ ਰਸਨਾਂ ਤੋਂ ਬੋਲੇ ਸਨ 'ਕਿਹੜਾ ਵੱਡਾ ਪੁਰਖ ਹੈ ਭਾਈ, ਜਿਸ ਨੇ ਮੰਜੀ ਹਿਲਾਈ ਸਾਰੀ'।

ਉਹੀ ਪ੍ਰੇਮ ਨੇ ਅੱਜ ਸਾਹਿਬ ਗੁਰੂ ਗੋਬਿੰਦ (ਸਿੰਘ) ਨੂੰ ਪ੍ਰੇਮ ਨੇ ਬੰਨਣ ਵਿਚ ਬੰਨ੍ਹ ਕੇ ਬਿਠਾ ਦਿੱਤਾ ਹੈ। ਇੱਧਰ ਭਾਈ ਮੋਹਕਮ ਚੰਦ ਜੀ ਨੇ ਦੂਸਰਾ ਸ਼ਬਦ "ਤੇਰਾ ਮੁਖਿ ਸੁਹਾਵਾ ਸਹਿਜ ਧੁਨਿ ਬਾਣੀ" ਆਰੰਭ ਕੀਤਾ। ਕਿਸੇ ਪਿਆਰੇ ਦੇ ਪ੍ਰੇਮ ਵਿਚ ਬੰਨ੍ਹੇ ਹੋਏ ਸਤਿਗੁਰ ਜੀ ਦੇ ਚਰਨ ਪਲੰਘ ਤੋਂ ਆਪਣੇ-ਆਪ ਜ਼ਮੀਨ ਦੀ ਛਾਤੀ ਨਾਲ ਆ ਲੱਗੇ। ਸਤਿਗੁਰੂ ਜੀ ਨੇ ਧਰਤੀ ਤੇ ਨਜ਼ਰ ਪਾਈ ਤਾਂ 'ਪਨੀਆਂ' (ਜੁੱਤੀ, ਜੋੜਾ) ਵੀ ਰਾਹ ਦੇ ਰਹੀ ਸੀ। ਸਤਿਗੁਰੂ ਜੀ ਸਾਦੇ ਪਹਿਰਵੇ ਵਿੱਚ ਪਿਆਰੇ ਦੇ ਪਿਆਰ ਵਿੱਚ ਤੁਰ ਪਏ।

ਇੱਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਸਾਂਈ ਦਾਸ ਜੀ ਦੇ ਗ੍ਰਹਿ ਵਿਖੇ ਗਏ ਹੋਏ ਸਨ। ਸੰਗਤ ਨਾਲ ਬਚਨ ਕਰਦਿਆਂ ਸਤਿਗੁਰੂ ਜੀ ਇੱਕ ਦਮ ਉੱਠ ਖਲੋਤੇ ਅਤੇ ਚੱਲਣ ਲੱਗ ਪਏ। ਸੰਗਤਾਂ ਅਤੇ ਸਾਂਈ ਦਾਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹਨਾਂ ਕੋਲੋਂ ਕਿਹੜੀ ਭੁੱਲ ਹੋ ਗਈ ਹੈ ਕਿ ਪਾਤਸ਼ਾਹ ਇੱਕ ਦਮ ਇਸ ਤਰ੍ਹਾਂ ਜਾ ਰਹੇ ਹਨ ਤਾਂ ਸਤਿਗੁਰੂ ਜੀ ਬਚਨ ਕਰਨ ਲੱਗੇ ਕਿ ਉਹਨਾਂ ਦਾ ਪਿਆਰਾ ਭਾਈ ਕੈਂਠਾ ਜੀ ਉਹਨਾਂ ਯਾਦ ਕਰ ਰਿਹਾ ਹੈ। ਇਸ ਲਈ ਇਸ ਪਲ ਸਾਨੂੰ ਪਿਆਰੇ ਦਾ ਪਿਆਰ ਖਿੱਚ ਰਿਹਾ ਹੈ।

ਇਸੇ ਤਰਾਂ ਹੀ ਭਾਈ ਮੋਹਕਮ ਚੰਦ ਜੀ ਦਾ ਪਿਆਰ ਗੁਰੂ ਗੋਬਿੰਦ (ਸਿੰਘ) ਜੀ ਨੂੰ ਖਿੱਚ ਰਿਹਾ ਸੀ। ਭਾਈ ਮੋਹਕਮ ਚੰਦ ਜੀ ਨੇ ਤੀਸਰਾ ਸ਼ਬਦ ਆਰੰਭ ਕੀਤਾ।

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ,
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ,
ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥ (ਅੰਗ ੯੬)

ਰਾਤ ਦਾ ਇੱਕ ਇੱਕ ਪਹਿਰ ਚਹੁ ਜੁਗਾਂ ਦੀ ਤਰਾਂ ਬੀਤ ਰਿਹਾ ਸੀ। ਹਿਰਦੇ ਅੰਦਰੋਂ ਗੁਰੂ ਮਿਲਾਪ ਦੀਆਂ ਤਾਘਾਂ ਠਾਠਾਂ ਮਾਰਦੇ ਸਮੁੰਦਰ ਦੀ ਤਰਾਂ ਪਿਆਰ ਦਰਸਾ ਰਹੀਆਂ ਸਨ। ਉਧਰ ਪਾਤਸ਼ਾਹ ਗੁਰੂ ਗੋਬਿੰਦ (ਸਿੰਘ) ਜੀ ਸੰਗਤਾਂ ਵੱਲ ਨਜ਼ਰ ਪਾਉਂਦੇ ਹੋਏ ਦੇਖ ਰਹੇ ਸਨ ਕਿ ਸਾਰੀਆਂ ਸੰਗਤਾਂ ਨੇ ਲੰਗਰ ਆਦਿ ਠੀਕ ਤਰਾਂ ਨਾਲ ਛਕ ਲਿਆ ਹੈ ਅਤੇ ਸਾਰਿਆਂ ਨੂੰ ਆਰਾਮ ਕਰਨ ਲਈ ਜਗ੍ਹਾ ਦੀ ਪ੍ਰਬੰਧ ਠੀਕ-ਠਾਕ ਹੋ ਗਿਆ ਹੈ ਅਤੇ ਸਾਰੀ ਸੰਗਤ ਆਰਾਮ ਵਿੱਚ ਹੋ ਚੁੱਕੀ ਹੈ ਪਰ ਇੱਕ ਪ੍ਰੇਮੀ ਪ੍ਰੇਮ ਦੀ ਪੀਂਘ ਪਾਈ ਦਰਸ਼ਨਾਂ ਦੀ ਤਾਂਘ ਆਪਣੇ ਹਿਰਦੇ ਵਿੱਚ ਲਈ ਬੈਠਾ ਹੈ ਭਾਵ ਬਿਰਹੋਂ ਦੀ ਚੇਟਕੀ ਲਗਾਈ ਬੈਠਾ ਹੈ। ਸਤਿਗੁਰੂ ਜੀ ਨੇ ਇਸ ਨੌਜਵਾਨ ਵੱਲ ਨਜ਼ਰ ਪਾਈ ਤੇ ਦੇਖਿਆ ਕਿ ਇਹ ਕੌਣ ਹੈ? ਇਸ ਦੇ ਚਿਹਰੇ ਦਾ ਪ੍ਰਕਾਸ਼ ਆਮ ਪੁਰਖਾਂ ਨਾਲੋਂ ਵੱਖਰਾ ਹੈ। ਪਾਤਸ਼ਾਹ ਨੇ ਰੀਝ ਲਗਾ ਕੇ ਦੇਖਿਆ ਕਿ ਇਹ ਤਾਂ ਸਾਡੇ ਨਾਲ ਤਪੱਸਿਆ ਕਰਨ ਵਾਲਾ ਹੇਮਕੁੰਡ ਦਾ ਹੀ ਵਾਸੀ ਹੈ। ਪਾਤਸ਼ਾਹ ਜੀ ਨੇ ਸੋਚਿਆ ਕਿ ਇਹ ਜਿਸ ਰੰਗ ਵਿੱਚ ਰੱਤਾ ਹੈ ਇਸ ਨੂੰ ਇਸੇ ਰੰਗ ਵਿੱਚ ਰਹਿਣ ਦਿੱਤਾ ਜਾਵੇ ਅਤੇ ਪਾਤਸ਼ਾਹ ਆਪਣੇ ਮਹਿਲਾਂ ਵੱਲ ਵੱਪਸ ਚਲੇ ਗਏ।

ਪਹੁ ਫੁੱਟੀ, ਅੰਮ੍ਰਿਤ ਵੇਲਾ ਹੋਇਆ। ਸਾਰੀਆਂ ਸੰਗਤਾਂ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰਨ ਲਈ ਚੱਲ ਪਈਆਂ। ਮਾਤਾ ਸੰਭਾਲੀ ਜੀ ਨੇ ਵੇਖਿਆ ਕਿ ਮੋਹਕਮ ਚੰਦ ਉਸੇ ਤਰਾਂ ਲੀਨ ਹੋ ਕੇ ਬੈਠਾ ਹੈ ਅਤੇ ਉਸਨੇ ਆਰਾਮ ਹੀ ਨਹੀਂ ਕੀਤਾ ਸੀ। ਮਾਤਾ ਜੀ ਨੇ ਜਗਜੀਵਨ ਜੀ ਨੂੰ ਕਿਹਾ, "ਮੈਂ ਰਾਤ ਨੂੰ ਕਈ ਵਾਰ ਉੱਠ-ਉੱਠ ਕੇ ਵੇਖਿਆ ਸੀ ਕਿ ਮੋਹਕਮ ਚੰਦ ਆਪਣੀਆਂ ਅੱਖਾਂ ਵਿੱਚ ਇੱਕ

ਅਜੀਬ ਜਿਹੀ ਖੁਸ਼ੀ ਲੈ ਕੇ ਨੀਂਦ ਤਿਆਗ ਕੇ ਬੈਠਾ ਸੀ। ਮਨ ਵਿੱਚ ਤਾਂ ਇਸਦੇ ਇੱਕੋ ਚਾਓ ਸੀ ਕਿ 'ਪ੍ਰਭ ਮਿਲਣੇ ਕਾ ਚਾਓ'।" ਉਸੇ ਪ੍ਰੇਮ ਵਿੱਚ ਹੁਣ ਵੀ ਬੈਠਾ ਹੈ। ਤੁਸੀ ਜਾਕੇ ਉਠਾਓ ਤੇ ਇਸ਼ਨਾਨ ਵਾਸਤੇ ਭੇਜੋ ਫਿਰ ਦਰਬਾਰ ਜਾਣਾ ਹੈ।

ਦਰਬਾਰ ਸਜਿਆ। ਆਸਾ ਦੀ ਵਾਰ ਦੇ ਕੀਰਤਨ ਆਰੰਭ ਹੋਏ। ਜੱਥੇਦਾਰ ਟਿੱਕਾ ਮੱਲ ਜੀ, ਭਾਈ ਮੋਹਕਮ ਚੰਦ ਜੀ ਅਤੇ ਸਾਰੀਆਂ ਸੰਗਤਾਂ ਇਸ਼ਨਾਨ ਉਪਰੰਤ ਦੀਵਾਨ ਵਿੱਚ ਹਾਜ਼ਰੀ ਭਰਨ ਲਈ ਪਹੁੰਚ ਗਏ। ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਨ ਕਰਦੇ ਹੋਏ ਸਿਮਰਨ ਵਿੱਚ ਜੁੜ ਗਏ। ਇਸ ਦੇ ਨਾਲ ਬਹੁਤ ਸਾਰੀਆਂ ਸੰਗਤਾਂ ਦੇ ਨੇਤੱਰਾਂ ਦੀ ਟਿਕਟਕੀ ਗੁਰੂ ਗੋਬਿੰਦ (ਸਿੰਘ) ਜੀ ਦੇ ਦਰਸ਼ਨਾਂ ਵਿੱਚ ਲੱਗੀ ਹੋਈ ਸੀ ਕਿ ਕਿਹੜਾ ਛਿਨ ਹੋਵੇ ਜਦੋਂ ਪਾਤਸ਼ਾਹ ਨੇਤਰ ਖੋਲਕੇ ਬਖਸ਼ਿਸ਼ਾਂ ਰਹਿਮਤਾਂ ਦੀ ਬਰਸਾਤ ਕਰਨਗੇ। ਅੱਜ ਦੇ ਸਤਿਸੰਗ ਵਿੱਚ ਬਹੁਤ ਦੂਰੋਂ ਦੂਰੋਂ ਸੰਗਤਾਂ ਆਈਆਂ ਹੋਈਆਂ ਸਨ। ਸੰਗਤਾਂ ਦਾ ਭਾਰੀ ਇੱਕਠ ਸੀ। ਉਸ ਸਮੇਂ ਗੁਰੂ ਘਰ ਦੀ ਇੱਕ ਮਰਿਯਾਦਾ ਸੀ ਕਿ ਦੀਵਾਨ ਦੀ ਸਮਾਪਤੀ ਤੋਂ ਬਾਅਦ ਆਈਆਂ ਸੰਗਤਾਂ ਦੇ ਨਾਮ ਦੀ ਸੂਚੀ ਬਣ ਜਾਂਦੀ ਸੀ। ਸਮਾਪਤੀ ਤੋਂ ਬਾਅਦ ਇੱਕ ਇੱਕ ਨੂੰ ਬੁਲਾਇਆ ਜਾਂਦਾ ਸੀ। ਉਹ ਸੰਗਤਾਂ ਗੁਰੂ ਸਾਹਿਬ ਵਾਸਤੇ ਲਿਆਂਦੀਆਂ ਹੋਈਆਂ ਭੇਟਾਵਾਂ, ਦਸਵੰਧ ਗੁਰੂ ਦੇ ਚਰਨਾਂ ਵਿੱਚ ਭੇਟਾ ਕਰਦੇ ਸਨ। ਇੱਕ ਸੇਵਾਦਾਰ ਇੱਕ ਪਾਸੇ ਬੈਠ ਕੇ ਆਈਆਂ ਹੋਈਆਂ ਭੇਟਾਵਾਂ ਅਤੇ ਦਸਵੰਧ ਲਿਖ ਲੈਂਦਾ ਸੀ ਅਤੇ ਤੋਸ਼ੇਖਾਨੇ ਵਿੱਚ ਸਾਰੀਆਂ ਵਸਤੂਆਂ ਅਤੇ ਧੰਨ ਆਦਿ ਜਮਾਂ ਹੋ ਜਾਂਦਾ ਸੀ। ਲੰਗਰ ਦੇ ਪਦਾਰਥ ਲੰਗਰ ਖਾਨੇ ਵਿੱਚ ਭੇਜੇ ਜਾਂਦੇ ਸਨ। ਖਾਣ ਵਾਲੀਆਂ ਵਸਤੂਆਂ ਜਿਵੇਂ ਫਲ, ਮਿਸ਼ਠਾਨ ਆਦਿ ਸੰਗਤਾਂ ਵਿੱਚ ਵਰਤਾ ਦਿੱਤਾ ਜਾਂਦਾ ਸੀ।

ਦੀਵਾਨ ਦੀ ਸਮਾਪਤੀ ਤੋਂ ਬਾਅਦ ਸੰਗਤਾਂ ਦੇ ਭਾਰੀ ਇਕੱਠ ਨੂੰ ਭਾਈ ਦਇਆ ਰਾਮ ਜੀ ਨੇ ਸੰਬੋਧਨ ਕੀਤਾ, "ਭਾਈ ਪਵਿੱਤਰ ਕੜਾਹ ਪ੍ਰਸ਼ਾਦਿ ਲੈਣ ਤੋਂ ਬਾਅਦ ਗੁਰੂ ਘਰ ਦੀਆਂ ਲਿਆਦੀਆਂ

ਹੋਈਆਂ ਭੇਟਾਵਾਂ ਅਤੇ ਦਸਵੰਧ ਇਸੇ ਸਥਾਨ ਤੇ ਹੀ ਲਏ ਜਾਣਗੇ। ਸੰਗਤ ਨੂੰ ਬੇਨਤੀ ਹੈ ਕਿ ਆਪੋ-ਆਪਣੇ ਨਾਮ ਦਰਜ ਕਰਵਾ ਕੇ ਖਾਤਿਆਂ ਵਿੱਚ ਚੜ੍ਹਵਾ ਦੇਣ। ਜਿਹੜੀ ਸੰਗਤ ਨਵੀਂ ਆਈ ਹੈ ਉਹ ਵੀ ਆਪਣਾ ਨਾਮ 'ਰੋਜ਼ਨਾਮਚੇ' ਵਿੱਚ (ਰਜਿਸਟਰ ਵਿੱਚ) ਦਰਜ ਕਰਵਾ ਦੇਣ। ਸੰਗਤ ਦੇ ਜੱਥੇਦਾਰ ਅੱਗੇ ਹੋ ਕੇ ਆਪਣੀ ਸੰਗਤ ਦੇ ਨਾਮ ਦਰਜ ਕਰਵਾਉਣ ਤਾਂ ਕਿ ਦਸਵੰਧ ਦੀ ਮਰਿਯਾਦਾ ਆਰੰਭ ਕੀਤੀ ਜਾਵੇ।"

ਭਾਈ ਦਇਆ ਰਾਮ ਜੀ ਨੇ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲ ਤੱਕਿਆ ਤਾਂ ਪਾਤਸ਼ਾਹ ਜੀ ਨੇ ਆਪ ਹੁਕਮ ਕੀਤਾ ਕਿ ਸਭ ਤੋਂ ਪਹਿਲਾਂ ਦਵਾਰਿਕਾ ਤੋਂ ਆਈ ਸੰਗਤ ਦਾ ਦਸਵੰਧ ਦਰਜ ਕੀਤਾ ਜਾਵੇ। ਸਾਹਿਬ ਜੀ ਦਾ ਹੁਕਮ ਸੁਣ ਕੇ ਭਾਈ ਦਇਆ ਰਾਮ ਜੀ ਨੇ ਗਰਜਵੀਂ ਆਵਾਜ਼ ਵਿੱਚ ਦਵਾਰਿਕਾ ਨਿਵਾਸੀ ਜੱਥੇਦਾਰ ਟਿੱਕਾ ਮੱਲ ਜੀ ਦਾ ਨਾਮ ਬੋਲਿਆ ਅਤੇ ਬੇਨਤੀ ਕੀਤੀ ਕਿ ਉਹ ਆਪਣੀ ਸੰਗਤ ਦਾ ਦਸਵੰਧ ਸਭ ਤੋਂ ਪਹਿਲਾਂ ਗੁਰੂ ਚਰਨਾਂ ਵਿੱਚ ਹਾਜ਼ਰ ਕਰਨ।

ਜੱਥੇਦਾਰ ਟਿੱਕਾ ਮੱਲ ਜੀ ਮਨ ਹੀ ਮਨ ਸੋਚ ਰਹੇ ਸਨ, "ਸਭ ਤੋਂ ਪਹਿਲਾਂ ਭਾਈ ਜਗਜੀਵਨ ਰਾਮ ਜੀ ਦੇ ਪਰਿਵਾਰ ਦਾ ਦਸਵੰਧ ਗੁਰੂ ਸਾਹਿਬ ਜੀ ਕੋਲ ਹਾਜਰ ਕੀਤਾ ਜਾਵੇ ਕਿਉਂਕਿ ਭਾਈ ਮੋਹਕਮ ਚੰਦ ਨੇ ਰਸਤੇ ਵਿੱਚ ਅਣਥੱਕ ਹੋ ਕੇ ਸੰਗਤਾਂ ਦੀ ਸੇਵਾ ਕਮਾਈ ਹੈ। ਆਉਣ ਵਾਲੇ ਸਮੇਂ ਵਿੱਚ ਹੋ ਸਕਦਾ ਹੈ ਕਿ ਜੱਥੇਦਾਰ ਦੀ ਸੇਵਾ ਭਾਈ ਮੋਹਕਮ ਚੰਦ ਨੂੰ ਹੀ ਮਿਲ ਜਾਵੇ ਕਿਉਂਕਿ ਇਸ ਨੌਜਵਾਨ ਦੇ ਹਿਰਦੇ ਅੰਦਰ ਗੁਰੂ ਪ੍ਰਤੀ ਅਟੁੱਟ ਪਿਆਰ ਹੈ। ਜਿਹੜੇ ਗੁਰੂ ਨਾਲ ਪਿਆਰ ਕਰਦੇ ਹਨ, ਗੁਰੂ ਵੀ ਉਹਨਾਂ ਨੂੰ ਆਪਣਾ ਬਣਾ ਲੈਂਦਾ ਹੈ। ਸ਼ਾਇਦ ਇਸੇ ਲਈ ਹੀ ਸਭ ਤੋਂ ਪਹਿਲਾਂ ਦਵਾਰਕਾ ਨਿਵਾਸੀ ਸੰਗਤ ਦਾ ਨਾਮ ਲਿਆ ਗਿਆ ਹੈ। ਹੋਵੇ ਨਾ ਹੋਵੇ ਇਹ ਭਾਈ ਮੋਹਕਮ ਚੰਦ ਦੇ ਗੁਰੂ ਪਿਆਰ ਸਦਕਾ ਹੀ ਹੋਇਆ ਹੈ। ਇਸ ਲਈ ਸਭ ਤੋਂ ਪਹਿਲਾਂ ਭੇਟਾ ਜਗਜੀਵਨ ਰਾਮ ਜੀ ਦੇ ਪਰਿਵਾਰ ਵਲੋਂ ਹੀ ਭੇਟ ਕੀਤੀ ਜਾਣੀ ਚਾਹੀਦੀ ਹੈ।"

ਪੋਸ਼ਾਕ ਭੇਟਾ ਕਰਨੀ

ਦਵਾਰਕਾ ਦੀ ਸਾਰੀ ਸੰਗਤ ਜੱਥੇਦਾਰ ਟਿੱਕਾਮੱਲ ਜੀ ਦੀ ਜੱਥੇਦਾਰੀ ਹੇਠ ਗੁਰੂ ਚਰਨਾਂ ਵਿਚ ਹਾਜਰ ਹੋ ਗਈ। ਭਾਈ ਮੋਹਕਮ ਚੰਦ ਜੀ ਦਾ ਪਰਿਵਾਰ ਸਤਿਗੁਰੂ ਜੀ ਵਾਸਤੇ ਲਿਆਂਦਾ ਚੋਲਾ (ਪੋਸ਼ਾਕ) ਇੱਕ ਥਾਲੀ ਵਿੱਚ ਰੱਖ ਕੇ ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਦੇ ਚਰਨਾਂ ਵਿੱਚ ਭੇਟ ਕਰ ਰਹੇ ਸਨ। ਇਸੇ ਦੌਰਾਨ ਟਿੱਕਾ ਮੱਲ ਜੀ ਨੇ ਭਾਈ ਦਇਆ ਰਾਮ ਜੀ ਨੂੰ ਦੱਸਣਾ ਕੀਤਾ ਕਿ ਇਹ ਭੇਟਾ ਜਗਜੀਵਨ ਰਾਮ ਜੀ ਦੇ ਪਰਿਵਾਰ ਵਲੋਂ ਸਤਿਗੁਰੂ ਜੀ ਵਾਸਤੇ ਸੁੱਖਣਾ ਕਰਕੇ ਤਿਆਰ ਕੀਤੀ ਗਈ ਹੈ। ਭਾਈ ਮੋਹਕਮ ਚੰਦ ਜੀ ਦੇ ਨੇੱਤਰ ਗੁਰੂ ਗੋਬਿੰਦ (ਸਿੰਘ) ਜੀ ਦੇ ਦਰਸ਼ਨ ਕਰਦੇ ਹੋਏ ਥੱਕਦੇ ਅਤੇ ਅੱਕਦੇ ਨਹੀਂ ਸਨ। ਭਾਈ ਸਾਹਿਬ ਜੀ ਇੱਕ ਵਾਰੀ ਨਹੀਂ ਕਈ ਵਾਰ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਮੱਥਾ ਟੇਕ ਰਹੇ ਸਨ।

ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਆਰੇ ਸਿੱਖ ਭਾਈ ਮੋਹਕਮ ਚੰਦ ਜੀ ਦੇ ਹਿਰਦੇ ਦੇ ਪਿਆਰ ਨੂੰ ਤੱਕ ਰਹੇ ਸਨ। ਇਹ ਠਾਠਾਂ ਮਾਰਦਾ ਪਿਆਰ ਗੁਰੂ ਜੀ ਦੀ ਪਵਿੱਤਰ ਰਸਨਾਂ ਰਾਹੀਂ ਬੋਲ ਪਿਆ, 'ਆ ਮਿਲਿਆ', 'ਆ ਮਿਲਿਆ', 'ਆ ਮਿਲਿਆ'। ਸਤਿਗੁਰੂ ਜੀ ਨੇ ਇਹ ਸੁੰਦਰ ਚੋਲਾ ਚੁੱਕ ਕੇ ਆਪਣੇ ਅੰਗ ਨਾਲ ਲਾਇਆ। ਬੜੀ ਪ੍ਰਸੰਨਤਾ ਭਰੇ ਬਚਨਾਂ ਨਾਲ ਭਾਈ ਜਗਜੀਵਨ ਰਾਮ ਜੀ ਨੂੰ ਸੰਬੋਧਨ ਕਰਦੇ ਹੋਏ ਅਖਿਆ, "ਇਸ ਚੋਲੇ ਦੇ ਇੱਕ ਇੱਕ ਤਰੋਪੇ ਦੇ ਅੰਦਰ ਪਿਆਰ ਹੀ ਪਿਆਰ ਭਰਿਆ ਪਿਆ ਹੈ। ਪੁਸ਼ਾਕ ਦੀ ਕੰਠ ਉੱਪਰ ਲੱਗੇ ਹੋਏ ਹੀਰੇ ਮੋਤੀ ਕੁਝ ਬਿਆਨ ਕਰ ਰਹੇ ਕਿ... ।"

ਗੁਰੂ ਸਾਹਿਬ ਦੇ ਇੰਨਾ ਕਹਿਣ ਦੀ ਦੇਰ ਸੀ ਕਿ ਭਾਈ ਮੋਹਕਮ ਚੰਦ ਜੀ ਝੱਟ ਹੀ ਹੱਥ ਜੋੜ ਕੇ ਖੜੇ ਹੋ ਗਏ ਤੇ ਬੇਨਤੀ ਕਰਨ ਲੱਗੇ, "ਪਾਤਸ਼ਾਹ ਜੀਓ, ਇਹ ਪੁਸ਼ਾਕ ਜ਼ਰੂਰ ਅਸਾਂ ਨੇ ਹੀ ਤਿਆਰ ਕੀਤੀ ਹੈ ਪਰ ਇਹ ਉੱਪਰ ਲੱਗੇ ਹੋਏ ਹੀਰੇ-ਮੋਤੀਆਂ ਦੀ ਸੇਵਾ ਦਵਾਰਿਕਾ ਨਿਵਾਸੀ ਰਾਜਾ ਯਸ਼ਵੰਤ ਰਾਏ ਜੀ ਵਲੋਂ ਕੀਤੀ

ਗਈ ਹੈ ਅਤੇ ਇਹ ਪੰਜ ਸੌ ਮੋਹਰਾਂ ਵੀ ਉਹਨਾਂ ਵਲੋਂ ਆਪ ਜੀ ਨੂੰ ਭੇਟਾ ਕਰਨ ਲਈ ਦਿੱਤੀਆਂ ਗਈਆਂ ਹਨ। ਕਿਰਪਾ ਕਰਕੇ ਇਹ ਭੇਟਾ ਉਹਨਾਂ ਵਲੋਂ ਪ੍ਰਵਾਨ ਕਰੋ।"

ਭਾਈ ਮੋਹਕਮ ਚੰਦ ਜੀ ਯਸ਼ਵੰਤ ਰਾਏ ਜੀ ਬਾਰੇ ਹੋਰ ਦੱਸਣ ਲੱਗੇ, "ਯਸ਼ਵੰਤ ਰਾਏ ਜੀ ਆਪ ਜੀ ਦੇ ਘਰ ਦੀਆਂ ਕਥਾ-ਕਹਾਣੀਆਂ ਅਤੇ ਆਪ ਜੀ ਦੀ ਸ਼ੋਭਾ ਸੁਣ ਕੇ ਬਹੁਤ ਪ੍ਰਸੰਨ ਹੋਏ ਹਨ। ਤੁਰਨ ਮੌਕੇ ਸੰਗਤਾਂ ਨੂੰ ਵਿਦਾ ਕਰਨ ਵੀ ਆਏ ਸਨ। ਰਸਤੇ ਦੇ ਸੰਗਤਾਂ ਵਾਸਤੇ ਲੰਗਰ ਦਾ ਬਹੁਤ ਸਾਰਾ ਸਮਾਨ ਵੀ ਉਹਨਾਂ ਨੇ ਭੇਟ ਕੀਤਾ ਸੀ।"

ਸਤਿਗੁਰੂ ਜੀ ਨੇ ਫੁਰਮਾਇਆ, "ਮੋਹਕਮ ਚੰਦ ਜੀ, ਇੱਕ ਹੀ ਪੋਸ਼ਾਕ ਭੇਟਾ ਕਰੋਗੇ ਜਾਂ ਹੋਰ ਵੀ ਪੋਸ਼ਾਕਾਂ ਦੀ ਸੇਵਾ ਕਰੋਗੇ।" ਤਾਂ ਮੋਹਕਮ ਚੰਦ ਜੀ ਆਖਣ ਲੱਗੇ, "ਪਾਤਸ਼ਾਹ ਜੀਓ, ਸਦੀਆਂ ਦੇ ਵਿਛੜੇ ਹੋਏ ਤਾਂ ਮਸਾਂ ਮਿਲੇ ਹਾਂ। ਗਰੀਬ ਨਿਵਾਜ਼ ਜੀਓ, ਆਪ ਜੀ ਹੁਕਮ ਕਰੋ।ਜਿਤਨੀਆਂ ਆਖੋਗੇ, ਮੈਂ ਉਤਨੀਆਂ ਪੋਸ਼ਾਕਾਂ ਤਿਆਰ ਕਰਕੇ ਭੇਟ ਕਰਾਂਗਾ।"

ਜਗਜੀਵਨ ਜੀ ਉੱਠ ਕੇ ਪਾਤਸ਼ਾਹ ਜੀ ਨੂੰ ਬੇਨਤੀ ਕਰਨ ਲੱਗੇ, "ਪਾਤਸ਼ਾਹ ਜੀਓ, ਇਹ ਤਾਂ ਘਰੋਂ ਹੀ ਇਹ ਗੱਲ ਆਖਦਾ ਆ ਰਿਹਾ ਹੈ ਕਿ ਮੈਂ ਗੁਰੂ ਜੀ ਪਾਸ ਜਾਵਾਂਗਾ ਅਤੇ ਵਾਪਸ ਨਹੀਂ ਆਵਾਂਗਾ।"

ਇੰਨੇ ਨੂੰ ਮਾਤਾ ਸੰਭਾਲੀ ਜੀ ਨੇ ਕਿਰਤ ਕਮਾਈ ਵਿੱਚੋਂ ਘਰ ਵਿੱਚ ਇੱਕਠਾ ਕੀਤਾ ਹੋਇਆ ਦਸਵੰਧ ਅੱਗੇ ਵਧ ਕੇ ਗੁਰੂ ਜੀ ਦੇ ਚਰਨਾਂ ਵਿੱਚ ਭੇਟ ਕਰ ਦਿੱਤਾ। ਸਤਿਗੁਰੂ ਜੀ ਵਲੋਂ ਪਰਿਵਾਰ ਦੀ ਝੋਲੀ ਵਿੱਚ ਪ੍ਰਸ਼ਾਦਿ ਅਤੇ ਖ਼ੁਸ਼ੀਆਂ ਦੀ ਦਾਤ ਪਾਈ ਗਈ। ਉਸ ਤੋਂ ਬਾਅਦ ਬਾਕੀ ਦੀ ਸੰਗਤ ਨੇ ਗੁਰੂ ਜੀ ਵਾਸਤੇ ਲਿਆਂਦੇ ਹੋਏ ਦਸਵੰਧ ਅਤੇ ਭੇਟਾਵਾਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਭੇਟ ਕਰਨੀਆਂ ਆਰੰਭ ਕਰ ਦਿੱਤੀਆਂ।

ਦਵਾਰਕਾ ਨੂੰ ਸੰਗਤ ਦਾ ਵਾਪਸ ਮੁੜਨਾ

ਦਵਾਰਕਾ ਤੋਂ ਆਈਆਂ ਸੰਗਤਾਂ ਕਰੀਬ ਇੱਕ ਮਹੀਨਾ ਸ੍ਰੀ ਆਨੰਦਪੁਰ ਸਾਹਿਬ ਵਿੱਖੇ ਰਹੀਆਂ ਅਤੇ ਸਤਿਗੁਰੂ ਜੀ ਦੇ ਚਰਨਾਂ ਦਾ ਓਟ ਆਸਰਾ ਲੈਂਦੀਆਂ ਹੋਈਆਂ ਸੇਵਾ ਕਰਦੀਆਂ ਰਹੀਆਂ। ਇੱਕ ਮਹੀਨੇ ਬਾਅਦ ਸਤਿਕਾਰਯੋਗ ਜੱਥੇਦਾਰ ਟਿੱਕਾ ਮੱਲ ਜੀ ਨੇ ਗੁਰੂ ਜੀ ਕੋਲੋਂ ਆਗਿਆ ਲੈ ਕੇ ਸਾਰੀਆਂ ਸੰਗਤਾਂ ਨੂੰ ਨੇੜੇ ਦੇ ਗੁਰੂ ਧਾਮਾਂ ਦੇ ਦਰਸ਼ਨ[1] ਕਰਵਾਏ ਅਤੇ ਪਾਤਸ਼ਾਹ ਜੀ ਕੋਲੋਂ ਸੁਮੱਤ ਪ੍ਰਾਪਤ ਕੀਤੀ। ਅਖੀਰ 5 ਮਈ 1694 ਈ: ਨੂੰ ਦਵਾਰਕਾ ਨੂੰ ਵਾਪਸੀ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ।

ਹੁਣ ਭਾਈ ਟਿੱਕ ਮੱਲ ਜੀ ਸਾਰੀਆਂ ਸੰਗਤਾਂ ਨੂੰ ਗੁਰੂ ਜੀ ਦੇ ਅਨਮੋਲ ਬਚਨਾਂ ਨਾਲ ਨਿਹਾਲ ਕਰ ਰਹੇ ਸਨ। ਉੱਧਰ ਭਾਈ ਜਗਜੀਵਨ ਜੀ ਅਤੇ ਮਾਤਾ ਸੰਭਾਲੀ ਜੀ ਆਪਣੇ ਸਪੁੱਤਰ ਭਾਈ ਮੋਹਕਮ ਚੰਦ ਜੀ ਨੂੰ ਸੁਮੱਤ ਪ੍ਰਦਾਨ ਕਰ ਰਹੇ ਸਨ ਕਿ ਇੱਥੇ ਰਹਿ ਕੇ ਤੁਸੀਂ ਹਮੇਸ਼ਾਂ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਨਾ ਹੈ ਅਤੇ ਸੇਵਾ ਵਿੱਚ ਹਮੇਸ਼ਾਂ ਤੱਤਪਰ ਰਹਿਣਾ ਹੈ। ਗੁਰੂ ਕੇ ਲੰਗਰਾਂ ਵਿੱਚ ਸੰਗਤਾਂ ਦੇ ਜੂੱਠੇ ਬਰਤਨਾਂ ਦੀ ਸੇਵਾ ਕਰਨੀ ਹੈ ਕਿਉਂਕਿ ਇਸ ਨਾਲ ਮਨ ਹਮੇਸ਼ਾਂ ਨਿਮਰਤਾ ਵਿੱਚ ਰਹਿੰਦਾ ਹੈ। ਗੁਰੂ ਘਰ ਵਿੱਚ ਝਾੜੂ ਦੀ ਸੇਵਾ ਮਹਾਨ ਹੈ। ਇਸ ਸੇਵਾ ਵਿੱਚ ਗੁਰੂ ਬਹੁਤ ਪ੍ਰਸੰਨ ਹੁੰਦਾ ਹੈ। ਇਸ ਤਰਾਂ ਮਾਤਾ-ਪਿਤਾ ਨੇ ਮੋਹਕਮ ਚੰਦ ਨੂੰ ਬਹੁਤ ਸਾਰੀਆਂ ਸੁਮੱਤਾਂ ਦਿੱਤੀਆਂ।ਭਾਈ ਮੋਹਕਮ ਚੰਦ ਜੀ ਨੇ ਵਾਪਸ ਜਾਣ ਵਾਲੀਆਂ ਸੰਗਤਾਂ ਲਈ ਆਪਣੇ ਹੱਥੀਂ ਲੰਗਰ ਤਿਆਰ ਕੀਤੇ ਅਤੇ ਸਾਰੀਆਂ ਸੰਗਤਾਂ ਨੂੰ ਛਕਾਏ। ਰਸਤੇ ਵਾਸਤੇ ਵੀ ਕੁਝ ਕੱਚਾ ਸੀਧਾ ਦੇ ਦਿੱਤਾ। ਆਪਣੇ ਵੱਲੋਂ ਸਤਿਕਾਰ ਭਰਿਆ ਇੱਕ ਪੱਤਰ ਯਸ਼ਵੰਤ ਰਾਏ ਜੀ ਵਾਸਤੇ ਵੀ ਲਿਖ ਕੇ ਭੇਜਿਆ ਜਿਸ ਵਿੱਚ ਰਾਏ ਸਾਹਿਬ ਜੀ ਨੂੰ ਇੱਕ ਵਾਰੀ ਗੁਰੂ ਗੋਬਿੰਦ ਸਿੰਘ ਜੀ ਦੇ

1. ਇੱਥੇ ਗਿਆਨੀ ਪਾਖਰ ਸਿੰਘ ਜੀ ਲੰਬਾ ਵਿਸਥਾਰ ਕਰਦੇ ਹੋਏ ਲਿਖਦੇ ਹਨ ਕਿ ਭਾਈ ਟਿੱਕਾ ਮੱਲ ਜੀ ਸੰਗਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ, ਅਮ੍ਰਿਤਸਰ ਲੈ ਕੇ ਗਏ ਸਨ ਅਤੇ ਨਨਕਾਣਾ ਸਾਹਿਬ ਅਤੇ ਹੋਰ ਗੁਰੂ ਧਾਮਾਂ ਦੇ ਦਰਸ਼ਨ ਵੀ ਕਰਵਾਏ ਸਨ।

ਦਰਸ਼ਨ ਜ਼ਰੂਰ ਕਰਨ ਦੀ ਪ੍ਰੇਰਨਾ ਦਿੱਤੀ।

ਉਧਰ ਜੱਥੇਦਾਰ ਟਿੱਕਾ ਮੱਲ ਜੀ ਸਾਰੀਆਂ ਸੰਗਤਾਂ ਨੂੰ ਬੇਨਤੀ ਕਰ ਰਹੇ ਸਨ ਕਿ ਸਤਿਗੁਰੂ ਜੀ ਜਾਣ ਵਾਲੀਆਂ ਸੰਗਤਾਂ ਨੂੰ ਪ੍ਰਸ਼ਾਦਿ ਅਤੇ ਸਿਰੋਪਾਓ ਬਖਸ਼ਿਸ਼ ਕਰ ਰਹੇ ਹਨ, ਇਸ ਲਈ ਸਾਰੀਆਂ ਸੰਗਤਾਂ ਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚੋ। ਸਾਰੀਆਂ ਸੰਗਤਾਂ ਗੁਰੂ ਜੀ ਦੀ ਹਜੂਰੀ ਵਿੱਚ ਪਹੁੰਚ ਗਈਆਂ। ਕਲਗੀਧਰ ਪਿਤਾ ਸਾਰੀਆਂ ਸੰਗਤਾਂ ਨੂੰ ਪ੍ਰਸ਼ਾਦਿ ਦੇ ਰਹੇ ਸਨ। ਜਦੋਂ ਭਾਈ ਮੋਹਕਮ ਚੰਦ ਜੀ ਦੇ ਪਰਿਵਾਰ ਦੀ ਵਾਰੀ ਆਈ ਤਾਂ ਮਾਤਾ ਸੰਭਾਲੀ ਅਤੇ ਪਿਤਾ ਜਗਜੀਵਨ ਜੀ ਹੱਥ ਜੋੜ ਕੇ ਖੜ ਗਏ ਤੇ ਬੇਨਤੀ ਕਰਨ ਲੱਗੇ, "ਗੁਰੂ ਗਰੀਬ ਨਿਵਾਜ਼ ਜੀਓ,ਸਾਡਾ ਪੁੱਤਰ ਮੋਹਕਮ ਚੰਦ ਪਹਿਲੀ ਵਾਰੀ ਸਾਡੇ ਤੋਂ ਵੱਖ ਹੋ ਕੇ ਰਹੇਗਾ। ਆਪ ਜੀ ਨੇ ਕਿਰਪਾ ਕਰਨੀ। ਇਹ ਅਜੇ ਬੱਚਾ ਹੈ, ਭੁਲਣ ਹਾਰ ਹੈ, ਆਪ ਜੀ ਨੇ ਮਿਹਰ ਕਰਨੀ ਅਤੇ ਸਾਰੀਆਂ ਸੁਮੱਤਾਂ ਬਖਸ਼ਿਸ਼ ਕਰਨੀਆਂ"।

ਪਾਤਸ਼ਾਹ ਜੀ ਨੇ ਪ੍ਰੇਮ ਭਰੇ ਸ਼ਬਦਾਂ ਵਿੱਚ ਮਾਤਾ-ਪਿਤਾ ਨੂੰ ਦਿਲਾਸਾ ਦਿੱਤਾ, "ਤੁਸੀਂ ਫਿਕਰ ਨਾ ਕਰੋ। ਇਹ ਸਾਡਾ ਪਿਆਰਾ ਸਿੱਖ ਹੈ। ਇਸ ਨੂੰ ਮੈਂ ਆਪਣੀ ਹਜ਼ੂਰੀ ਵਿੱਚ ਰੱਖਾਂਗਾ। ਤੁਸੀਂ ਸਾਰੇ ਪਰਿਵਾਰ ਹਰ ਸਾਲ ਵਿਸਾਖੀ ਦੇ ਪੂਰਬ ਉੱਤੇ ਸੰਗਤਾਂ ਨੂੰ ਨਾਲ ਲੈ ਕੇ ਸਾਨੂੰ ਦਰਸ਼ਨ ਦੇਣੇ ਹਨ।" ਇਹਨਾਂ ਬਚਨਾਂ ਨਾਲ ਗੁਰੂ ਜੀ ਨੇ ਪਰਿਵਾਰ ਨੂੰ ਪ੍ਰਸ਼ਾਦਿ ਅਤੇ ਸਿਰੋਪਾਓ ਦੀ ਦਾਤ ਦਿੱਤੀ ਅਤੇ ਇੱਕ ਸਿਰੋਪਾਓ ਅਤੇ ਪ੍ਰਸ਼ਾਦਿ ਯਸ਼ਵੰਤ ਰਾਇ ਜੀ ਦੇ ਪਰਿਵਾਰ ਵਾਸਤੇ ਬਖਸ਼ਿਸ਼ ਕੀਤਾ। ਇਸ ਦੇ ਨਾਲ ਹੀ ਜੱਥੇਦਾਰ ਟਿੱਕਾ ਮੱਲ ਜੀ ਨੂੰ ਸਿਰੋਪਾਓ ਅਤੇ ਪ੍ਰਸ਼ਾਦਿ ਦੀ ਬਖਸ਼ਿਸ਼ ਕੀਤੀ। ਸਾਰੀਆਂ ਸੰਗਤਾਂ ਨੂੰ ਭਾਈ ਮੋਹਕਮ ਚੰਦ ਜੀ ਨੇ ਪ੍ਰੇਮ ਭਰੇ ਸ਼ਬਦਾਂ ਨਾਲ ਵਿਦਾ ਕੀਤਾ।

ਉਸ ਸਮੇ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਤਕਰੀਬਨ 28 ਸਾਲ ਦੀ ਸੀ ਭਾਵ ਭਰ ਜੋਬਨ ਦੀ ਉਮਰ ਸੀ। ਇਸ ਲਈ ਜਿੱਥੇ ਆਪ ਸੰਗਤਾਂ ਨੂੰ ਸੇਵਾ ਸਿਮਰਨ ਦੀਆਂ ਦਾਤਾਂ ਬਖਸ਼ਿਸ਼ ਕਰ ਰਹੇ

ਸਨ ਉੱਥੇ ਲੰਬੀ ਦੂਰੀ ਤੱਕ ਆਪ ਚੱਲ ਕੇ ਵਿਦਾ ਕਰ ਕੇ ਆਉਂਦੇ ਸਨ। ਇਸ ਤਰਾਂ ਸਾਰੀਆਂ ਦਵਾਰਕਾ ਦੀਆਂ ਸੰਗਤਾਂ ਵਿਦਾ ਹੋ ਕੇ ਖੁਸ਼ੀ-ਖੁਸ਼ੀ ਵਾਪਸ ਦਵਾਰਕਾ ਨੂੰ ਮੁੜ ਗਈਆਂ।

ਹੁਣ ਭਾਈ ਮੋਹਕਮ ਚੰਦ ਜੀ ਆਪ ਗੁਰੂ ਘਰ ਦੀ ਸੇਵਾ ਵਿੱਚ ਲੱਗ ਗਏ। ਇਸ ਸਮੇਂ ਭਾਈ ਮੋਹਕਮ ਚੰਦ ਜੀ ਦੀ ਉਮਰ 15 ਸਾਲ ਦੀ ਸੀ ਅਤੇ ਭਾਈ ਸਾਹਿਬ ਜੀ ਇਸ ਉਮਰ ਵਿੱਚ ਗੁਰਮੱਤ ਵਿੱਦਿਆ ਪੜ੍ਹਨੀ ਆਰੰਭ ਕੀਤੀ। ਉੱਧਰ ਦੁਆਰਕਾ ਨਿਵਾਸੀ ਸੰਗਤਾਂ ਮੰਜਿਲੇ-ਮੰਜਿਲ ਅਖਤਿਆਰ ਕਰਕੇ ਆਪਣੇ ਨਗਰ ਦਵਾਰਿਕਾ ਪਹੁੰਚ ਗਈਆਂ। ਸੰਗਤਾਂ ਦੇ ਦਵਾਰਕਾ ਪਹੁੰਚਣ 'ਤੇ ਯਸ਼ਵੰਤ ਰਾਏ ਜੀ ਨੇ ਜੀ-ਆਇਆਂ ਕਿਹਾ ਅਤੇ ਸਾਰੀਆਂ ਸੰਗਤਾਂ ਦਾ ਬਹੁਤ ਸਨਮਾਨ ਕੀਤਾ। ਗੁਰੂ ਸਾਹਿਬ ਜੀ ਤੋਂ ਯਸ਼ਵੰਤ ਰਾਏ ਜੀ ਦੇ ਪਰਿਵਾਰ ਨੂੰ ਪ੍ਰਸ਼ਾਦਿ ਅਤੇ ਸਨਮਾਨ ਭਾਵ ਸਿਰੋਪਾਓ ਮਿਲਿਆ ਸੀ, ਉਹ ਜਗਜੀਵਨ ਜੀ ਨੇ ਉਹਨਾਂ ਨੂੰ ਸਤਿਕਾਰ ਸਾਹਿਤ ਭੇਂਟ ਕੀਤਾ। ਗੁਰੂ ਘਰ ਦਾ ਸਨਮਾਨ ਪ੍ਰਾਪਤ ਕਰਕੇ ਯਸ਼ਵੰਤ ਰਾਏ ਜੀ ਬਹੁਤ ਪ੍ਰਸੰਨ ਹੋਏ ਅਤੇ ਇਸ ਦੇ ਨਾਲ ਭਾਈ ਮੋਹਕਮ ਚੰਦ ਜੀ ਦਾ ਪੱਤਰ ਵੀ ਦੇ ਦਿੱਤਾ। ਰਾਏ ਸਾਹਿਬ ਨੇ ਭਾਈ ਸਾਹਿਬ ਦਾ ਲਿਖਿਆ ਪੱਤਰ ਪੜ੍ਹਿਆ ਅਤੇ ਬਹੁਤ ਖੁਸ਼ ਹੋਏ ਅਤੇ ਜਗਜੀਵਨ ਜੀ ਨੂੰ ਬੇਨਤੀ ਕੀਤੀ ਕਿ ਜਦੋਂ ਅਗਲੀ ਵਾਰੀ ਜਦੋਂ ਸੰਗਤਾਂ ਗੁਰੂ ਗੋਬਿੰਦ (ਸਿੰਘ) ਜੀ ਦੇ ਦਰਸ਼ਨਾਂ ਲਈ ਜਾਣਗੀਆਂ ਤਾਂ ਉਹ ਵੀ ਉਹਨਾਂ ਦੇ ਨਾਲ ਜਾਵੇਗਾ ਅਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਆਪਣਾ ਜੀਵਨ ਸਫਲ ਕਰੇਗਾ।

ਭਾਈ ਮੋਹਕਮ (ਸਿੰਘ) ਜੀ ਦਾ ਵਿਆਹ ਬੀਬੀ ਸੁਖਦੇਵ (ਕੌਰ) ਜੀ ਨਾਲ ਹੋਇਆ

ਸੰਨ 1695 ਈ: ਵਿੱਚ ਭਾਈ ਮੋਹਕਮ ਚੰਦ ਜੀ ਦੀ ਉਮਰ 16ਵੇਂ ਸਾਲ ਵਿੱਚ ਦਾਖਲ ਹੋਈ। ਭਾਈ ਸਾਹਿਬ ਜੀ ਜਿੱਥੇ ਗੁਰੂ ਗੋਬਿੰਦ (ਸਿੰਘ) ਜੀ ਮਹਾਰਾਜ ਦੇ ਚਰਨਾਂ ਵਿੱਚ ਸੇਵਾ ਸਿਮਰਨ ਅਤੇ ਗੁਰਸਿੱਖੀ ਦੀ ਦਾਤ ਪ੍ਰਾਪਤ ਕਰ ਰਹੇ ਸੀ ਉੱਥੇ ਗੁਰੂ ਸਾਹਿਬ ਜੀ ਦੇ ਵਾਸਤੇ ਸੁੰਦਰ ਪੁਸ਼ਾਕਾਂ ਵੀ ਤਿਆਰ ਕਰ ਰਹੇ ਸੀ। ਇਸ ਸੇਵਾ ਵਿੱਚ ਗੁਰੂ ਘਰ ਦੇ ਅਨਣ ਸਿੱਖ ਭਾਈ ਹੰਸ ਰਾਜ ਅਤੇ ਉਹਨਾਂ ਦੀ ਪਤਨੀ ਆਗਿਆ ਦੇਈ ਅਤੇ ਉਹਨਾਂ ਦੀ ਪੁੱਤਰੀ ਸੁੱਖਦੇਈ ਵੀ ਆਪਣਾ ਭਰਪੂਰ ਯੋਗਦਾਨ ਪਾ ਰਹੇ ਸਨ ਕਿਉਂਕਿ ਭਾਈ ਹੰਸ ਰਾਜ ਦਾ ਪਰਿਵਾਰ ਵੀ ਸਿਲਾਈ ਵਿੱਚ ਨਿਪੁੰਨ ਸੀ। ਗੁਰੂ ਗੋਬਿੰਦ (ਸਿੰਘ) ਕਲਗੀਧਰ ਪਾਤਸ਼ਾਹ ਜੀ ਗੁਰੂ ਕੀ ਫੌਜ ਵਾਸਤੇ ਵਰਦੀ ਭਾਵ ਕਦੇ ਨੀਲੇ ਰੰਗ ਦੇ ਵਸਤਰ, ਕਦੇ ਕੇਸਰੀ ਬਾਣੇ ਅਤੇ ਕਦੇ ਚਿੱਟੇ ਵਸਤਰ ਤਿਆਰ ਕਰਵਾਉਂਦੇ ਹੀ ਰਹਿੰਦੇ ਸਨ।

ਭਾਈ ਮੋਹਕਮ ਚੰਦ ਸਵੇਰੇ ਅਤੇ ਸ਼ਾਮ ਨੂੰ ਦਰਬਾਰ ਵਿੱਚ ਸੇਵਾ ਕਰਦੇ ਅਤੇ ਦਿਨ ਸਮੇਂ ਭਾਈ ਹਿੰਮਤ ਚੰਦ ਅਤੇ ਭਾਈ ਦਿਆ ਰਾਮ ਵਰਗੇ ਯੋਧਿਆਂ ਤੋਂ ਸ਼ਸ਼ਤਰ ਵਿੱਦਿਆ ਅਤੇ ਘੋੜ ਸਵਾਰੀ ਆਦਿ ਦੀ ਸਿਖਲਾਈ ਪ੍ਰਾਪਤ ਕਰਦੇ ਸਨ ਅਤੇ ਨਾਲ-ਨਾਲ ਭਾਈ ਹੰਸ ਰਾਜ ਜੀ ਦੇ ਪਰਿਵਾਰ ਨਾਲ ਮਿਲ ਕੇ ਵਸਤਰਾਂ ਦੀ ਸਿਲਾਈ ਦੀ ਸੇਵਾ ਵੀ ਕਰਦੇ ਸਨ। ਇਸ ਤਰਾਂ ਸੇਵਾ ਕਰਦਿਆਂ ਅਤੇ ਸਿਖਲਾਈ ਲੈਂਦਿਆਂ ਤਿੰਨ ਸਾਲ ਦਾ ਸਮਾਂ ਲੰਘ ਗਿਆ ਭਾਵ ਸੰਨ 1697 ਈ: ਦਾ ਸਾਲ ਆ ਗਿਆ।

ਉੱਧਰ ਇਸ ਸਾਲ ਦਵਾਰਕਾ ਦੀਆਂ ਸੰਗਤਾਂ ਦੇ ਨਾਲ ਯਸ਼ਵੰਤ ਰਾਏ ਜੀ ਦਾ ਪਰਿਵਾਰ ਵੀ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਸ਼੍ਰੀ ਨਾਨਕੀ ਚੱਕ ਵਿਖੇ ਪਹੁੰਚਿਆ। ਜਿੱਥੇ ਭਾਈ ਸਾਹਿਬ ਜੀ ਦੇ ਮਾਤਾ-ਪਿਤਾ ਜੀ ਆਏ ਉੱਥੇ ਚਾਚਾ ਅਮਰ ਰਾਜ ਜੀ ਅਤੇ

ਚਚੇਰੇ ਭਾਈ ਗੁੰਨਾਂ ਜੀ ਵੀ ਸੰਗਤ ਦੇ ਨਾਲ ਆਏ।[1]

ਯਸ਼ਵੰਤ ਰਾਏ ਗੁਰੂ ਸਾਹਿਬ ਜੀ ਵਾਸਤੇ ਬਹੁਤ ਸਾਰੇ ਕੀਮਤੀ ਨਜ਼ਰਾਨੇ ਲੈ ਕੇ ਹਾਜ਼ਰ ਹੋਏ ਅਤੇ ਪਾਤਸ਼ਾਹ ਜੀ ਕੋਲ ਮੋਹਕਮ ਚੰਦ ਜੀ ਦੇ ਪਰਿਵਾਰ ਦੀ ਬਹੁਤ ਉਸਤਤ ਕੀਤੀ। ਭਾਈ ਮੋਹਕਮ ਚੰਦ ਜੀ ਦੇ ਚਿਹਰੇ ਦਾ ਨੂਰ ਖ਼ੁਸ਼ੀ ਨਾਲ ਜਗਮਗ ਕਰ ਰਿਹਾ ਸੀ ਕਿਉਂਕਿ ਇੱਕ ਤਾਂ ਗੁਰੂ ਜੀ ਦੇ ਚਰਨਾਂ ਦੀ ਓਟ ਨਾਲ ਸੇਵਾ ਕਰ ਰਹੇ ਸਨ ਅਤੇ ਦੂਸਰਾ ਇਹ ਕਿ ਗੁਰੂ ਸਾਹਿਬ ਅੱਗੇ ਯਸ਼ਵੰਤ ਰਾਏ ਉਹਨਾਂ ਦੇ ਪਰਿਵਾਰ ਦੀ ਉਸਤਤ ਕਰਦਾ ਹੋਇਆ ਥੱਕਦਾ ਨਹੀਂ ਸੀ। ਤੀਸਰਾ ਇਹ ਕਿ ਇਹ ਵਡਿਆਈ ਇਸ ਵੇਲੇ ਗੁਰੂ ਦੇ ਦਰਬਾਰ ਵਿੱਚ ਮਿਲ ਰਹੀ ਸੀ ਅਤੇ ਸਾਰੀਆਂ ਸੰਗਤਾਂ ਮੋਹਕਮ ਚੰਦ ਵੱਲ ਹੀ ਦੇਖ ਰਹੀਆਂ ਸਨ।

ਉਸੇ ਸਮੇਂ ਸੰਗਤ ਵਿੱਚ ਬੈਠੇ ਭਾਈ ਹੰਸ ਰਾਜ ਜੀ ਦੇ ਮਨ ਵਿੱਚ ਇੱਕ ਵਿਚਾਰ ਪ੍ਰਗਟ ਹੋਈ ਕਿ ਐਸਾ ਹੋਣਹਾਰ ਲੜਕਾ ਅਤੇ ਉਸਦਾ ਪਰਿਵਾਰ ਜੋ ਕਿ ਗੁਰੂ ਚਰਨਾਂ ਨਾਲ ਜੁੜਿਆ ਹੈ। ਕਿਉਂ ਨਾ ਹੋਵੇ ਕਿ ਅਸੀਂ ਆਪਣੀ ਪੁੱਤਰੀ ਸੁੱਖਦੇਈ ਦਾ ਰਿਸ਼ਤਾ ਇਸ ਲੜਕੇ ਨਾਲ ਕਰ ਦੇਈਏ। ਸੰਗਤ ਤੋਂ ਬਾਅਦ ਭਾਈ ਹੰਸ ਰਾਜ ਨੇ ਆਪਣੇ ਮਨ ਦੇ ਵਿਚਾਰ ਆਪਣੀ ਪਤਨੀ ਆਗਿਆ ਦੇਈ ਨਾਲ ਸਾਂਝੇ ਕੀਤੇ ਤਾਂ ਉਹ ਵੀ ਇਹੀ ਕਹਿਣ ਲੱਗੀ ਕਿ ਇਹ ਵਿਚਾਰ ਉਸਦੇ ਮਨ ਵਿੱਚ ਵੀ ਚੱਲ ਰਹੇ ਸਨ। ਪਰਿਵਾਰ ਨੇ ਭਾਈ ਹਿੰਮਤ ਚੰਦ ਨੂੰ ਮਿਲ ਕੇ ਇਹ ਵਿਚਾਰ ਦੱਸੇ ਅਤੇ ਭਾਈ ਹਿੰਮਤ ਚੰਦ ਨੇ ਅੱਗੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਇਹ ਬੇਨਤੀ ਕਰ ਦਿੱਤੀ ਅਤੇ ਨਾਲ ਹੀ ਜਗਜੀਵਨ ਜੀ ਅਤੇ ਮਾਤਾ ਸੰਭਾਲੀ ਜੀ ਨੂੰ ਵੀ ਸਾਰੀ ਗੱਲ ਦੱਸ ਦਿੱਤੀ ਤਾਂ ਸਾਰੇ ਪਰਿਵਾਰ ਨੇ ਇੱਕ ਆਵਾਜ਼ ਵਿੱਚ ਆਖਿਆ ਕਿ ਜੋ ਗੁਰੂ ਨੂੰ ਮਨਜ਼ੂਰ ਹੈ ਉਹੀ ਸਾਡੇ ਲਈ ਚੰਗਾ ਹੈ।

ਗੁਰੂ ਕਲਗੀਧਰ ਪਿਤਾ ਨੇ ਇਸ ਰਿਸ਼ਤੇ ਦੀ ਪ੍ਰਵਾਨਗੀ ਦੇ

1. ਭਾਈ ਗੁੰਨਾਂ ਜੀ ਕੱਪੜੇ ਸਿਲਾਈ ਕਰਨ ਦੇ ਚੰਗੇ ਕਾਰੀਗਰ ਬਣ ਗਏ ਸਨ ਇਸ ਲਈ ਗੁਰੂ ਜੀ ਨੇ ਇਸ ਨੂੰ ਵੀ ਸੇਵਾ ਵਿੱਚ ਰੱਖ ਲਿਆ ਸੀ।

ਦਿੱਤੀ। ਸੰਗਤਾਂ ਵਿੱਚ ਹੋਰ ਖੁਸ਼ੀ ਦੀ ਲਹਿਰ ਚੱਲੀ ਅਤੇ ਮਾਤਾ ਪਿਤਾ ਨੂੰ ਵਧਾਈਆਂ ਮਿਲਣ ਲੱਗੀਆਂ। ਦੁਆਰਕਾ ਨਿਵਾਸੀ ਸੰਗਤ ਨੇ ਯਸ਼ਵੰਤ ਰਾਏ ਨੂੰ ਵੀ ਵਧਾਈਆਂ ਦਿੱਤੀਆਂ। ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਆਨੰਦ-ਕਾਰਜ ਦੀ ਤਾਰੀਖ ਪੱਕੀ ਕਰ ਦਿੱਤੀ ਜੋ ਕਿ 5 ਨਵੰਬਰ, 1697 ਈ: ਭਾਵ ੧੨ ਕੱਤਕ ੨੨੯ ਸੰਮਤ ਨਾਨਕਸ਼ਾਹੀ ਦਾ ਦਿਨ ਮੁਕੱਰਰ ਹੋ ਗਿਆ।

ਇਸ ਦਿਨ ਦੀਆਂ ਸਾਰੀਆਂ ਤਿਆਰੀਆਂ ਪੂਰੀਆਂ ਕੀਤੀਆਂ ਗਈਆਂ। ਇਸ ਤਰਾਂ ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਦੀ ਮੇਹਰ ਦਾ ਸਦਕਾ ਮਾਤਾ ਸੰਭਾਲੀ ਜੀ ਅਤੇ ਪਿਤਾ ਜਗਜੀਵਨ ਜੀ ਦੇ ਸਪੁੱਤਰ ਭਾਈ ਮੋਹਕਮ ਚੰਦ ਜੀ ਦਾ ਸ਼ੁੱਭ ਆਨੰਦ-ਕਾਰਜ ਮਾਤਾ ਆਗਿਆ ਦੇਈ ਅਤੇ ਪਿਤਾ ਹੰਸ ਰਾਜ ਜੀ ਦੀ ਸਪੁੱਤਰੀ ਬੀਬੀ ਸੁੱਖਦੇਈ[1] ਨਾਲ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਇਆ। ਯਸ਼ਵੰਤ ਰਾਏ ਜੀ ਨੇ ਗੁਰੂ ਜੀ ਨੂੰ ਵਧਾਈਆਂ ਦਿੱਤੀਆਂ ਅਤੇ ਹੈਰਾਨ ਹੋ ਕੇ ਬੇਨਤੀ ਕਰਨ ਲੱਗੇ, "ਪਾਤਸ਼ਾਹ ਜੀਓ, ਵਿਆਹ ਦਾ ਕਾਰਜ ਦਾ ਤਰੀਕਾ ਇਤਨਾ ਸੌਖਾ ਅਤੇ ਸਰਲ ਵਰਤਿਆ ਗਿਆ ਹੈ ਕਿ ਜੇ ਸਾਰੀ ਦੁਨੀਆਂ ਆਪ ਜੀ ਵਾਲਾ ਢੰਗ ਵਰਤ ਲਏ ਤਾਂ ਕਿਸੇ ਨੂੰ ਧੀ ਮਾਰਨ ਦੀ ਲੋੜ ਹੀ ਨਹੀਂ ਹੋਵੇਗੀ ਅਤੇ ਕੋਈ ਵੀ ਧੀ ਦਾਜ ਦੀ ਬਲੀ ਨਹੀਂ ਚੜ੍ਹੇਗੀ।" ਨਾਲ ਹੀ ਮਾਤਾ ਸੰਭਾਲੀ ਅਤੇ ਪਿਤਾ ਜਗਜੀਵਨ ਜੀ ਨੂੰ ਵੀ ਵਧਾਈਆਂ ਦਿੱਤੀਆਂ। ਇਹ ਸਾਰਾ ਕਾਰਜ ਖ਼ੁਸ਼ੀਆਂ ਨਾਲ ਸੰਪੂਰਨ ਹੋਇਆ।

ਕੁਝ ਦਿਨ ਠਹਿਰ ਕੇ ਦਵਾਰਕਾ ਨਿਵਾਸੀ ਸੰਗਤਾਂ ਅਤੇ ਯਸ਼ਵੰਤ ਰਾਏ ਗੁਰੂ ਜੀ ਕੋਲੋਂ ਆਗਿਆ ਲੈ ਕੇ ਦੁਆਰਕਾ ਨੂੰ ਵਾਪਸ ਚਲੇ ਗਏ। ਭਾਈ ਮੋਹਕਮ ਚੰਦ ਅਤੇ ਬੀਬੀ ਸੁਖਦੇਈ ਜੀ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਜੀ ਗੁਰੂ ਜੀ ਦੇ ਚਰਨਾਂ ਵਿੱਚ ਰਹਿ ਕੇ ਸੇਵਾ ਵਿੱਚ ਲੀਨ ਹੋ ਗਏ।

1. ਗਿਆਨੀ ਪਾਖਰ ਸਿੰਘ ਜੀ ਲਿਖਦੇ ਹਨ ਕਿ ਭਾਈ ਮੋਹਕਮ ਸਿੰਘ ਜੀ ਦੇ ਸੱਸ ਅਤੇ ਸਹੁਰੇ ਦਾ ਨਾਮ ਤੀਰਥ ਚੰਦ ਅਤੇ ਦੇਵਾ ਬਾਈ ਸਨ। ਵਿਆਹ ਦਾ ਸਮਾ ਸੰਮਤ ੧੭੫੪ ਕੱਤਕ ੨੨, ਕੱਤਕ ਵਦੀ ੧੪ ਲਿਖਿਆ ਹੈ ਅਤੇ ਵਿਆਹ ਤੋਂ ਬਾਅਦ ਪਰਿਵਾਰ ਦੇ ਨਾਲ ਦਵਾਰਕਾ ਜਾਣ ਬਾਰੇ ਵੀ ਲਿਖਿਆ ਹੈ ਪਰ ਬਾਕੀ ਇਤਿਹਾਸ ਵਾਪਸੰ ਜਾਣ ਬਾਰੇ ਚੁੱਪ ਹੈ।

ਭਾਈ ਮੋਹਕਮ ਸਿੰਘ ਦੇ ਘਰ ਪਹਿਲੀ ਸੰਤਾਨ ਭਾਈ ਸੁੰਦਰ ਸਿੰਘ ਦਾ ਜਨਮ ਹੋਇਆ

ਭਾਈ ਮੋਹਕਮ ਚੰਦ ਜੀ ਅਤੇ ਬੀਬੀ ਸੁੱਖਦੇਈ ਜੀ ਦੀ ਜੋੜੀ ਇੱਕ ਧਰਮੀ ਜੋੜੀ ਸੀ। ਇਹ ਦੋਵੇਂ ਨਿਮਰਤਾ ਅਤੇ ਪਿਆਰ ਨਾਲ ਗੁਰੂ ਦਰਬਾਰ ਵਿੱਚ ਸੇਵਾ ਅਤੇ ਸਿਮਰਨ ਕਰਦੇ ਹੋਏ ਆਪਣਾ ਜੀਵਨ ਸੰਵਾਰ ਰਹੇ ਸਨ। ਵਿਆਹ ਤੋਂ ਬਾਅਦ ਹਰ ਇੱਕ ਲੜਕੀ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਇੱਕ ਚੰਗੀ ਮਾਂ ਬਣੇ ਅਤੇ ਉਸਦੇ ਘਰ ਨੇਕ ਅਤੇ ਚੰਗੇ ਗੁਣਾਂ ਵਾਲੀ ਸੰਤਾਨ ਹੋਵੇ।

ਅਧਿਆਤਮਕ ਲੋਕ ਇਹ ਦੱਸਦੇ ਹਨ ਕਿ ਮਾਂ ਦੀ ਖ਼ੁਰਾਕ ਤੋਂ ਬੱਚੇ ਦਾ ਤਨ ਬਣਦਾ ਹੈ। ਜੇ ਤਨ ਤੋਂ ਤਨ ਬਣਦਾ ਹੈ ਤਾਂ ਵਿਚਾਰ (ਸੋਚ) ਤੋਂ ਮਨ ਬਣਦਾ ਹੈ। ਬੱਚੇ ਦੇ ਗਰਭ ਧਾਰਨ ਤੋਂ ਬਾਅਦ ਜੈਸੀਆਂ ਵਿਚਾਰਾਂ-ਸੋਚਾਂ ਮਾਂ ਸੋਚੇਗੀ, ਉਸ ਤੋਂ ਬੱਚੇ ਦਾ ਮਨ ਪੂਰੀ ਜ਼ਿੰਦਗੀ ਵਾਸਤੇ ਪ੍ਰਭਾਵਿਤ ਹੁੰਦਾ ਹੈ। ਜਿਸ ਘੜੀ ਦਾ ਦੋਵੇਂ ਪਰਿਵਾਰ ਇੰਤਜ਼ਾਰ ਕਰ ਰਹੇ ਸਨ ਉਹ ਘੜੀ ਗੁਰੂ ਜੀ ਦੀ ਕਿਰਪਾ ਨਾਲ ਆ ਗਈ ਸੀ। ਭਾਈ ਮੋਹਕਮ ਚੰਦ ਦੇ ਗ੍ਰਹਿ ਵਿਖੇ ਬੀਬੀ ਸੁੱਖਦੇਈ ਦੀ ਕੁੱਖੋਂ 5 ਜਨਵਰੀ 1699 ਈ: ਨੂੰ ਇੱਕ ਸੁੰਦਰ ਬਾਲ ਨੇ ਜਨਮ ਲਿਆ ਜੋ ਕਿ ਬਾਲ ਉਮਰ ਤੋਂ ਹੀ ਬਹੁਤ ਸੁੰਦਰ ਸੀ। ਜਨਮ ਤੋਂ ਬਾਅਦ ਭਾਈ ਸਾਹਿਬ ਅਤੇ ਬੀਬੀ ਸੁੱਖਦੇਈ ਇਸ ਬੱਚੇ ਨੂੰ ਲੈ ਕੇ ਗੁਰੂ ਚਰਨਾਂ ਵਿੱਚ ਹਾਜ਼ਰ ਹੋਏ। ਨਾਨਾ ਸ਼੍ਰੀ ਹੰਸ ਰਾਜ ਅਤੇ ਨਾਨੀ ਆਗਿਆ ਦੇਈ ਨੇ ਬੱਚੇ ਦਾ ਨਾਮ-ਕਰਣ ਕਰਨ ਦੀ ਬੇਨਤੀ ਕੀਤੀ।

ਗੁਰੂ ਕਲਗੀਧਰ ਪਿਤਾ ਜੀ ਨੇ ਇਸ ਬਾਲਕ ਦੇ ਤਿੱਖੇ ਨੈਣ-ਨਖਸ਼, ਚੌੜਾ ਮਸਤਕ ਅਤੇ ਲੰਬੇ ਵਾਲ, ਹੱਥ ਜੁੜਦੇ ਦੇਖ ਕੇ ਆਖਿਆ ਕਿ ਇਸ ਬਾਲਕ ਦਾ ਨਾਮ 'ਸੁੰਦਰ ਚੰਦ' ਰੱਖੋ ਜੀ। ਸਾਰਾ ਪਰਿਵਾਰ ਸੁੰਦਰ ਚੰਦ ਨਾਮ ਸੁਣ ਕੇ ਬਹੁਤ ਪ੍ਰਸੰਨ ਹੋਇਆ। ਸਾਰੇ ਪਰਿਵਾਰ ਦੀ ਖੁਸ਼ੀ ਦੀ ਹੱਦ ਨਾ ਰਹੀ। ਸੁੰਦਰ ਚੰਦ ਦੇ ਨਾਨਾ ਜੀ ਅਤੇ ਨਾਨੀ ਜੀ ਗੁਰੂ ਜੀ ਧੰਨਵਾਦ ਕਰਦੇ ਹੋਏ ਥੱਕਦੇ

ਨਹੀਂ ਸਨ ਅਤੇ ਬੇਨਤੀ ਕਰ ਰਹੇ ਸਨ ਕਿ ਪਾਤਸ਼ਾਹ ਨੇ ਸਾਡੇ ਤੇ ਤ੍ਰੁੱਠ ਕੇ ਬੁਢੇ ਵਾਰੇ ਖਡੌਣਾ ਬਖਸ਼ਿਸ਼ ਕੀਤਾ ਹੈ।

ਉਧਰ ਵਿਸਾਖੀ ਪੁਰਬ ਦਾ ਦਿਹਾੜਾ ਨੇੜੇ ਆ ਰਿਹਾ ਸੀ। ਗੁਰੂ ਪਾਤਸ਼ਾਹ ਸਾਰੀ ਸੰਗਤ ਨੂੰ ਹੁਕਮਨਾਮੇ ਭੇਜ ਰਹੇ ਸਨ। ਦੁਆਰਕਾ ਦੇ ਹੁਕਮਨਾਮੇ ਵਿੱਚ ਗੁਰੂ ਪਾਤਸ਼ਾਹ ਨੇ ਜਿੱਥੇ ਸਾਰੀਆਂ ਸੰਗਤਾਂ ਨੂੰ ਆਪਣੇ ਵੱਲੋਂ ਬੇਨਤੀ ਲਿਖੀ, ਉੱਥੇ ਮੋਹਕਮ ਚੰਦ ਦੇ ਮਾਤਾ-ਪਿਤਾ ਸ੍ਰੀ ਜਗਜੀਵਨ ਜੀ ਅਤੇ ਸੰਭਾਲੀ ਜੀ ਨੂੰ ਕਾਕਾ ਸੁੰਦਰ ਚੰਦ[1] ਦੇ ਜਨਮ ਦੀ ਵਧਾਈ ਭੇਜੀ ਅਤੇ ਲਿਖਿਆ ਕਿ ਤੁਸੀਂ ਹੁਣ ਦਾਦਾ-ਦਾਦੀ[1] ਬਣ ਗਏ ਹੋ, ਇਸ ਲਈ ਸੰਗਤਾਂ ਦੇ ਨਾਲ ਪਰਿਵਾਰ ਸਮੇਤ ਦਰਸ਼ਨ ਕਰਨੇ ਹਨ। ਦੁਆਰਕਾ ਦੀਸ਼ ਰਾਜਾ ਯਸ਼ਵੰਤ ਰਾਏ[2] ਨੂੰ ਵੀ ਪਾਤਸ਼ਾਹ ਨੇ ਅਸੀਸਾਂ ਲਿਖੀਆਂ। ਇਸ ਹੁਕਮਨਾਮੇ ਨੂੰ ਇੱਕ ਸਿੱਖ ਨੇ ਦੁਆਰਕਾ ਵਿਖੇ ਪਹੁੰਚਾਇਆ ਅਤੇ ਪੜ੍ਹ ਕੇ ਸੁਣਾਇਆ ਤਾਂ ਸਾਰੀਆਂ ਸੰਗਤਾਂ ਨੇ ਜਗਜੀਵਨ ਜੀ ਅਤੇ ਮਾਤਾ ਸੰਭਾਲੀ ਜੀ ਨੂੰ ਵਧਾਈਆਂ ਦਿੱਤੀਆਂ।

ਦੁਵਾਰਕਾ ਤੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਸੰਗਤਾਂ ਦਾ ਪਹੁੰਚਣਾ

ਹੁਕਮਨਾਮਾ ਸੁਣਦਿਆਂ ਹੀ ਦੁਆਰਕਾ ਨਿਵਾਸੀ ਸਾਰੀ ਸੰਗਤ ਵਿੱਚ ਵਿਸਾਖੀ ਪੁਰਬ ਦੇ ਮੌਕੇ ਤੇ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਜਾਣ ਦਾ ਉਤਸ਼ਾਹ ਭਰ ਗਿਆ। ਇਸ ਪਿੱਛੇ ਇੱਕ ਹੋਰ ਖਾਸ ਗੱਲ ਇਹ ਸੀ ਕਿ ਯਸ਼ਵੰਤ ਰਾਏ ਪਹਿਲਾਂ ਗੁਰੂ ਪਾਤਸ਼ਾਹ ਜੀ ਦੇ ਦਰਸ਼ਨ ਕਰਕੇ ਗਿਆ ਸੀ ਅਤੇ ਹੁਣ ਉਸ ਨੂੰ ਹੁਕਮਨਾਮੇ ਵਿੱਚ ਗੁਰੂ ਸਾਹਿਬ ਜੀ ਦੀ ਅਸੀਸ ਪ੍ਰਾਪਤ ਹੋਈ ਸੀ। ਇਸੇ ਤਰਾਂ ਜਗਜੀਵਨ ਜੀ ਦੇ ਘਰ ਪੋਤਰੇ ਦੀ ਦਾਤ ਦੀ ਬਖਸ਼ਿਸ਼ ਹੋਈ ਸੀ। ਇਸ ਬਹੁਤ ਸਾਰੀਆਂ ਖੁਸ਼ੀਆਂ ਇੱਕਠੀਆਂ ਹੋ ਗਈਆਂ ਸਨ। ਸੋ ਸਾਰੀ ਸੰਗਤ ਵਿੱਚ ਸ੍ਰੀ ਆਨੰਦਪੁਰ

1. "ਮੋਹਕਮ ਚੰਦ ਸੁਤ ਭਇਓ ਸੁੰਦਰ ਜਾਕੀ॥ ਦਾਦਾ ਦਾਦੀ ਖੁਸੀ ਭਈ ਤਾ ਕੀ।"
2. "ਤਬ ਯਸ਼ਵੰਤ ਰਾਏ ਜਸ ਕੀਨਾ, ਗੁਰੂ ਅਸੀਸ ਨਾਮ ਧਰ ਲੀਨਾ।"

ਸਾਹਿਬ ਵਿੱਖੇ ਜਾਣ ਦਾ ਬਹੁਤ ਉਤਸ਼ਾਹ ਸੀ।

ਇਸ ਵਾਰੀ ਦੀ ਸੰਗਤ ਵਿੱਚ ਭਾਈ ਮੋਹਕਮ ਚੰਦ ਦੇ ਵਿੱਦਿਆ ਗੁਰੂ ਪੰਡਤ ਲਾਲ ਚੰਦ ਵੀ ਪਰਿਵਾਰ ਸਮੇਤ ਦਰਸ਼ਨਾਂ ਵਾਸਤੇ ਤਿਆਰ ਹੋਏ। ਭਾਈ ਮੋਹਕਮ ਚੰਦ ਜੀ ਦੇ ਪਰਿਵਾਰ ਦੇ ਨਾਲ ਉਹਨਾਂ ਦੇ ਚਾਚਾ ਸ਼੍ਰੀ ਅਮਰ ਜੀ ਵੀ ਪਰਿਵਾਰ ਸਮੇਤ ਤਿਆਰ ਹੋਏ। ਰਸਤੇ ਵਿੱਚੋਂ ਜਾਣ ਵਾਲੀਆਂ ਸੰਗਤਾਂ ਨੂੰ ਪਾਤਸ਼ਾਹ ਵਲੋਂ ਹੁਕਮਨਾਮੇ ਪਹੁੰਚ ਚੁੱਕੇ ਸਨ। ਇਸ ਵਾਰੀ ਯਸ਼ਵੰਤ ਰਾਏ ਜੀ ਸੰਗਤ ਨਾਲ ਨਹੀਂ ਜਾ ਰਹੇ ਸਨ ਸੋ ਉਹਨਾਂ ਦੇ ਪਰਿਵਾਰ ਵਲੋਂ ਗੁਰੂ ਘਰ ਲਈ ਦਸਵੰਧ ਦੀ ਮਾਇਆ ਅਤੇ ਗੁਰੂ ਜੀ ਵਾਸਤੇ ਤੋਹਫੇ ਵਜੋਂ ਕੀਮਤੀ ਨਜ਼ਰਾਨੇ ਭੇਂਟ ਕਰਨ ਲਈ ਭੇਜੇ ਅਤੇ ਜੱਥੇਦਾਰ ਟਿੱਕਾਮੱਲ ਜੀ ਨੂੰ ਸੰਗਤਾਂ ਲਈ ਰਸਤੇ ਵਿੱਚ ਵਰਤਿਆ ਜਾਣ ਵਾਲਾ ਬਹੁਤ ਸਾਰਾ ਰਾਸ਼ਨ ਆਦਿ ਭੇਜਿਆ ਅਤੇ ਜੱਥੇ ਨੂੰ ਰਵਾਨਗੀ ਵੀ ਦਿੱਤੀ।

ਹੁਣ ਮੰਜ਼ਿਲ ਨੂੰ ਤੈਅ ਕਰਦਾ ਹੋਇਆ ਇਹ ਜੱਥਾ ਰਸਤੇ ਦੀਆਂ ਸੰਗਤਾਂ ਨੂੰ ਨਾਲ ਮਿਲਾਉਂਦਾ ਹੋਇਆ ਇੱਕ ਵੱਡੇ ਕਾਫਲੇ ਦੇ ਰੂਪ ਵਿੱਚ ਵਿਸਾਖੀ ਪੂਰਬ ਤੋਂ ਪਹਿਲਾਂ 15 ਮਾਰਚ, 1699 ਨੂੰ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚ ਗਿਆ। ਇਸ ਭਾਰੀ ਇੱਕਠ ਦਾ ਗੁਰੂ ਸਾਹਿਬ ਜੀ ਨੂੰ ਪਹਿਲਾਂ ਹੀ ਪਤਾ ਸੀ। ਇਸ ਇੱਕਠ ਵਿੱਚ ਸੰਗਤਾਂ ਦਾ ਠਾਠਾਂ ਮਾਰਦਾ ਪਿਆਰ ਝਲਕ ਰਿਹਾ ਸੀ।

ਇਸ ਵਾਰ ਵਿਸਾਖੀ ਪੂਰਬ ਤੇ ਗੁਰੂ ਸਾਹਿਬ ਜੀ ਨੇ ਪਹਿਲਾਂ ਨਾਲੋਂ ਜਿਆਦਾ ਇਕੱਠ ਕੀਤਾ ਸੀ। ਗੁਰੂ ਸਾਹਿਬ ਪਤਾ ਨਹੀਂ ਕਿਹੜੀ ਮੌਜ ਵਿੱਚ ਸਨ। ਇਹ ਤਾਂ ਗੁਰੂ ਜੀ ਨੂੰ ਹੀ ਪਤਾ ਸੀ। ਸੰਗਤਾਂ ਦੇ ਠਹਿਰਨ ਲਈ ਪੰਜ ਕਿਲੇ ਗੁਰੂ ਸਾਹਿਬ ਜੀ ਵੱਲੋਂ ਪਹਿਲਾਂ ਹੀ ਤਿਆਰ ਕੀਤੇ ਜਾ ਚੁੱਕੇ ਸਨ ਜਿਨ੍ਹਾਂ ਦੇ ਨਾਮ ਇਸ ਤਰਾਂ ਹਨ, ਪਹਿਲਾ ਆਨੰਦਗੜ੍ਹ ਦਾ ਕਿਲਾ, ਦੂਸਰਾ ਲੋਹਗੜ੍ਹ ਦਾ, ਤੀਸਰਾ ਫਤਿਹਗੜ੍ਹ ਦਾ, ਚੌਥਾ ਕੇਸਗੜ੍ਹ ਦਾ ਅਤੇ ਪੰਜਵਾਂ ਹੋਲਗੜ੍ਹ ਦਾ। ਕੇਸਗੜ੍ਹ ਦੇ ਕਿਲੇ ਵਿੱਚ ਸਾਰਾ ਦੀਵਾਨ ਸਜਾਇਆ ਜਾਣਾ ਸੀ। ਦੁਆਰਕਾ ਅਤੇ ਇਸਦੇ ਆਲੇ-ਦੁਆਲੇ ਦੀਆਂ ਸੰਗਤਾਂ

ਨੂੰ ਲੋਹਗੜ੍ਹ ਦੇ ਕਿਲੇ ਵਿੱਚ ਠਹਿਰਾਇਆ ਗਿਆ।

ਅੱਜ 16 ਮਾਰਚ ਦਾ ਦਿਹਾੜਾ ਸੀ ਅਤੇ ਸਾਰੀਆਂ ਸੰਗਤਾਂ ਦੇ ਮਨ ਵਿੱਚ ਇਹੋ ਚਾਅ ਸੀ ਕਿ ਸਭ ਤੋਂ ਪਹਿਲਾਂ ਗੁਰੂ ਗੋਬਿੰਦ (ਸਿੰਘ) ਪਾਤਸ਼ਾਹ ਦੇ ਦਰਸ਼ਨ ਅਸੀਂ ਕਰੀਏ। ਅੰਮ੍ਰਿਤ ਵੇਲੇ ਦੇ ਦੀਵਾਨ ਵਿੱਚ ਭਾਰੀ ਇਕੱਠ ਸੀ। ਸੰਗਤਾਂ ਦੀ ਸੇਵਾ ਸੰਭਾਲ ਵਾਸਤੇ ਭਾਈ ਦਿਆ ਰਾਮ, ਭਾਈ ਧਰਮ ਚੰਦ, ਭਾਈ ਹਿੰਮਤ ਚੰਦ ਅਤੇ ਆਪਣੇ ਇਲਾਕੇ ਦੁਆਰਕਾ ਤੋਂ ਆਈਆਂ ਸੰਗਤਾਂ ਦੀ ਸੇਵਾ ਵਿੱਚ ਭਾਈ ਮੋਹਕਮ ਚੰਦ ਜੀ ਤਤਪਰ ਹੋ ਕੇ ਸੇਵਾ ਕਰ ਰਹੇ ਸਨ।

ਦੀਵਾਨਾਂ ਦੀ ਸਮਾਪਤੀ ਹੋਈ ਅਤੇ ਹੁਕਮ ਅਨੁਸਾਰ ਦੂਰੋਂ-ਦੂਰੋਂ ਆਈਆਂ ਸੰਗਤਾਂ ਨੇ ਵਾਰੀ ਨਾਲ ਆਪਣੀਆਂ ਭੇਟਾਵਾਂ ਅਤੇ ਦਸਵੰਧ ਦੇਣਾ ਆਰੰਭ ਕੀਤਾ। ਫਿਰ ਦੁਆਰਕਾ ਦੀ ਸੰਗਤ ਦੀ ਵਾਰੀ ਆਈ। ਸਭ ਤੋਂ ਪਹਿਲਾਂ ਭਾਈ ਟਿੱਕਾ ਮੱਲ ਜੀ ਨੇ ਦਸਵੰਧ ਭੇਟ ਕੀਤਾ। ਇਸ ਤੋਂ ਬਾਅਦ ਸ਼੍ਰੀ ਜਗਜੀਵਨ ਜੀ ਦੇ ਪਰਿਵਾਰ ਨੇ ਗੁਰੂ ਚਰਨਾਂ ਵਿੱਚ ਆਪਣੀ ਭੇਟਾ ਰੱਖ ਕੇ ਆਪਣੇ ਪੋਤਰੇ ਦੀ ਦਾਤ ਮਿਲਣ ਲਈ ਗੁਰੂ ਪਾਤਸ਼ਾਹ ਜੀ ਦਾ ਸ਼ੁਕਰਾਨਾ ਕੀਤਾ ਅਤੇ ਵਧਾਈਆਂ ਦਿੱਤੀਆਂ।

ਗੁਰੂ ਪਾਤਸ਼ਾਹ ਜੀ ਨੇ ਖਿੜੇ ਮੱਥੇ ਵਧਾਈਆਂ ਪ੍ਰਵਾਨ ਕੀਤੀਆਂ ਅਤੇ ਨਾਲ ਹੀ ਰਾਜਾ ਯਸ਼ਵੰਤ ਰਾਏ ਦਾ ਹਾਲ ਪੁੱਛਿਆ। ਭਾਈ ਜਗਜੀਵਨ ਜੀ ਨੇ ਖ਼ੈਰ-ਸੁੱਖ ਦੱਸਦਿਆਂ ਯਸ਼ਵੰਤ ਰਾਏ ਵਲੋਂ ਭੇਜਿਆ ਦਸਵੰਧ ਗੁਰੂ ਚਰਨਾਂ ਵਿੱਚ ਭੇਂਟ ਕੀਤਾ ਅਤੇ ਇੱਕ ਕੀਮਤੀ ਮੋਤੀਆਂ ਦੀ ਮਾਲਾ ਗੁਰੂ ਸਾਹਿਬ ਜੀ ਨੂੰ ਨਜ਼ਰਾਨੇ ਵਜੋਂ ਭੇਂਟ ਕੀਤੀ। ਇਸ ਤੋਂ ਬਾਅਦ ਬਾਕੀ ਦੀਆਂ ਸੰਗਤਾਂ ਦੀ ਵਾਰੀ ਆਈ।[1] ਉੱਧਰ ਜਗਜੀਵਨ ਜੀ ਅਤੇ ਮਾਤਾ ਸੰਭਾਲੀ ਜੀ ਦੇ ਮਨ ਵਿੱਚ ਆਪਣੇ ਪੋਤਰੇ ਨੂੰ ਦੇਖਣ ਦਾ ਬਹੁਤ ਚਾਅ ਸੀ। ਇਸ ਲਈ ਦੋਵੇਂ ਭਾਈ ਮੋਹਕਮ ਚੰਦ ਜੀ ਨਾਲ ਉੱਥੇ ਪਹੁੰਚੇ ਜਿੱਥੇ ਪਰਿਵਾਰ

1. ਲੇਖਕ ਨੇ ਜਦੋਂ ਗਿਆਨੀ ਪਾਖਰ ਸਿੰਘ ਜੀ ਦੀ ਇਹ ਰਚਨਾ ਪੜ੍ਹੀ ਤਾਂ ਰਸਨਾਂ ਤੋਂ ਬੋਲ ਆਏ ਕਿ ਧੰਨ ਗੁਰੂ ਸਿੱਖੀ ਜਿਨ੍ਹਾਂ ਨੇ ਪਹਿਲਾਂ ਦਾਤੇ ਦੇ ਦਰਸ਼ਨ ਕੀਤੇ ਅਤੇ ਬਾਅਦ ਵਿੱਚ ਦਾਤ ਦੇ ਦਰਸ਼ਨ ਕੀਤੇ ਪਰ ਅੱਜ ਕਲ੍ਹ ਤਾਂ ਇਸ ਤੋਂ ਉਲਟ ਹੀ ਹੁੰਦਾ ਹੈ।

ਠਹਿਰਿਆ ਹੋਇਆ ਸੀ। ਘਰ ਪਹੁੰਚ ਕੇ ਆਪਣੇ ਮਿੱਠੜੇ ਮੇਵੇ ਭਾਵ 'ਮੂਲ ਨਾਲੋਂ ਵਿਆਜ ਪਿਆਰਾ' ਕਾਕਾ ਸੁੰਦਰ ਚੰਦ ਨੂੰ ਗੋਦੀ ਵਿੱਚ ਚੁੱਕਿਆ ਅਤੇ ਫਿਰ ਗੁਰੂ ਜੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ 'ਸਾਡਾ ਦਾਤਾ ਵੀ ਸੋਹਣਾ ਅਤੇ ਸਾਡੇ ਦਾਤੇ ਦੀ ਦਾਤ ਵੀ ਸੋਹਣੀ'। ਫਿਰ ਉਹਨਾਂ ਨੇ ਨਾਨਾ-ਨਾਨੀ ਨੂੰ ਵੀ ਬਹੁਤ ਵਧਾਈਆਂ ਦਿੱਤੀਆਂ। ਸਾਰੇ ਪਰਿਵਾਰ ਨੇ ਮਿਲ ਕੇ ਬੈਠ ਕੇ ਘਰ ਦੇ ਦੁੱਖ-ਸੁੱਖ ਸਾਂਝੇ ਕੀਤੇ ਅਤੇ ਗੁਰੂ ਜੀ ਦੀਆਂ ਵਡਿਆਈਆਂ ਕੀਤੀਆਂ। ਚਾਚਾ ਅਮਰ ਜੀ, ਭਾਈ ਗੁੱਨਾਂ ਜੀ, ਜੱਥੇਦਾਰ ਟਿੱਕਾ ਮੱਲ ਜੀ ਅਤੇ ਹੋਰ ਸੰਗਤਾਂ ਨੇ ਵੀ ਕਾਕਾ ਸੁੰਦਰ ਚੰਦ ਨੂੰ ਦੇਖਿਆ ਅਤੇ ਗੋਦੀ ਵਿੱਚ ਚੁੱਕ ਕੇ ਪਿਆਰ ਅਸੀਸਾਂ ਦਿੱਤੀਆਂ ਅਤੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ। ਇਸ ਤਰਾਂ ਗੁਰੂ ਜੱਸ ਕਰਦੇ ਹੋਏ ਦਿਨ ਲੰਘ ਰਹੇ ਸਨ ਅਤੇ ਉਸ ਦਿਨ ਦਾ ਇੰਤਜ਼ਾਰ ਕਰ ਰਹੇ ਸਨ ਜਿਸ ਦਿਨ ਵਾਸਤੇ ਗੁਰੂ ਜੀ ਨੇ ਵਿਸ਼ੇਸ ਹੁਕਮਨਾਮੇ ਭੇਜੇ ਸਨ।

ਭਾਈ ਮੋਹਕਮ ਸਿੰਘ ਨੇ ਅੰਮ੍ਰਿਤ ਦਾਤ ਪ੍ਰਾਪਤ ਕੀਤੀ

ਭਾਈ ਮੋਹਕਮ ਚੰਦ ਜੀ ਦੇ ਕੀਤੇ ਹੋਏ ਪੁੰਨ, ਚੰਗੇ ਕਰਮ, ਤਪੱਸਿਆ, ਗੁਰੂ ਤੋਂ ਮਿਲੀਆਂ ਅਸੀਸਾਂ ਅਤੇ ਵਰਦਾਨ ਪੂਰਨ ਹੋਣ ਦਾ ਸਮਾਂ ਆ ਗਿਆ। ਬਾਲ ਉਮਰ ਵਿੱਚ ਸੰਗਤਾਂ ਦੀ ਸੇਵਾ ਕਰਨੀ, ਮਾਤਾ ਪਿਤਾ ਦੇ ਹਿਰਦੇ ਵਿੱਚੋਂ ਅਸੀਸਾਂ ਲੈਣੀਆਂ, ਗਰੀਬਾਂ ਦੀ ਬਾਂਹ ਫੜ੍ਹਨੀ, ਉੱਚ ਜਾਤ ਦੇ ਪੰਡਤਾਂ ਨੂੰ ਵੀ ਸੱਚ ਦਾ ਮਾਰਗ ਦੱਸਣਾ, ਮੌਜੂਦਾ ਰਾਜਾ ਯਸ਼ਵੰਤ ਰਾਏ ਦੇ ਦਿਲ ਵਿੱਚ ਰਾਜ ਕਰਨਾ, ਜੱਥੇਦਾਰ ਟਿੱਕਾਮੱਲ ਵਰਗੇ ਮਹਾਨ ਪੁਰਸ਼ ਤੋਂ ਅਸੀਸਾਂ ਲੈਣੀਆਂ, ਫਿਰ ਪੰਦਰਾਂ ਸਾਲ ਦੀ ਉਮਰ ਵਿੱਚ ਗੁਰੂ ਜੀ ਚਰਨਾਂ ਵਿੱਚ ਰਹਿਣ ਦਾ ਸਮਾਂ ਮਿਲਣਾ ਅਤੇ ਪੰਜ ਸਾਲ ਤੱਕ ਗੁਰੂ ਕਲਗੀਧਰ ਜੀ ਦੇ ਦਰਬਾਰ ਦੀ ਉੱਚ ਸੇਵਾ ਕਰਨੀ ਭਾਵ ਤਤਪਰ ਹੋ ਕੇ ਆਰਾਮ ਥਕੇਵਾਂ, ਖਾਣਾ-ਪਹਿਨਣ ਆਦਿ ਸਭ ਆਸਾਂ ਛੱਡ ਕੇ ਹਰ ਪਲ ਗੁਰੂ ਜੀ ਦੀਆਂ ਬਖਸ਼ਿਸ਼ਾਂ ਮੰਨਣੀਆਂ ਅਤੇ ਅਸੀਸਾਂ ਲੈਣੀਆਂ। ਫਿਰ ਸ਼ਸ਼ਤਰ ਵਿੱਦਿਆ, ਘੋੜ ਸਵਾਰੀ, ਤੇਗ ਚਲਾਉਣੀ,

ਆਏ ਵਾਰ ਨੂੰ ਢਾਲ ਨਾਲ ਰੋਕਣਾ ਅਤੇ ਗੁਰੂ ਪਾਤਸ਼ਾਹ ਦੀ ਨਜ਼ਰ ਵਿੱਚ ਸਿਰ-ਲੱਥ ਯੋਧੇ ਵਾਲਾ ਰੁਤਬਾ ਹਾਸਲ ਕਰਨਾ। ਇਸ ਤੋਂ ਬਿਨਾਂ ਆਪਣੇ ਤੋਂ ਵੀ ਪਹਿਲਾਂ ਆਏ ਹੋਏ ਭਾਈ ਹਿੰਮਤ ਚੰਦ, ਭਾਈ ਦਿਆ ਰਾਮ, ਭਾਈ ਸਾਹਿਬ ਚੰਦ ਵਰਗੇ ਗੁਰੂ ਪਿਆਰਿਆਂ ਦੇ ਕੰਧੇ ਨਾਲ ਕੰਧਾ ਮਿਲਾ ਕੇ ਸੇਵਾ ਕਰਨੀ।

ਹੁਣ ਇਹ ਪ੍ਰੀਖਿਆ ਦਾ ਸਮਾਂ ਆ ਗਿਆ। ਜੀਵਣ ਦੀ ਬਾਜੀ ਜਿੱਤਣ ਦਾ ਦਿਨ ਆ ਗਿਆ। 30 ਮਾਰਚ, ਵੀਰਵਾਰ ਸੰਨ 1699 ਈ: ਦਾ ਦਿਨ ਭਾਵ ਚੇਤਰ ਸੁਦੀ ਦਸਵੀਂ ਪਹਿਲੀ ਵੈਸਾਖ ਸੰਮਤ ੧੭੫੬ ਦਾ ਦਿਨ। ਇਸ ਦਿਨ ਸ਼੍ਰੀ ਕੇਸ ਗੜ੍ਹ ਦੀ ਧਰਤੀ ਉੱਤੇ ਬਹੁਤ ਭਾਰੀ ਦੀਵਾਨ ਸਜਿਆ। ਦੀਵਾਨ ਵਿੱਚ ਗੁਰੂ ਪਾਤਸ਼ਾਹ ਨੇ ਸਭ ਤੋਂ ਪਹਿਲਾਂ ਜੀਵਨ ਦੀ ਜਾਂਚ ਦੱਸੀ। ਗੁਰਬਾਣੀ ਵਿੱਚ ਜੀਵ ਨੂੰ ਇੱਕ ਸੰਜਮੀਂ ਅਤੇ ਆਦਰਸ਼ਕ ਜੀਵਨ ਜਿਉਣ ਦਾ ਇਲਾਹੀ ਉਪਦੇਸ਼ ਵਿਦਤ ਕਰਵਾਇਆ ਗਿਆ ਤਾਂ ਜੋ ਜੀਵ ਇਨ੍ਹਾਂ ਉਪਦੇਸ਼ਾਂ ਅਨੁਸਾਰ ਜੀਵਨ ਨੂੰ ਢਾਲ ਕੇ ਆਪਣੇ ਸਮਾਜਿਕ, ਧਾਰਮਿਕ ਅਤੇ ਅਧਿਆਤਮਿਕ ਲਕਸ਼ ਦੀ ਪ੍ਰਾਪਤੀ ਕਰ ਸਕੇ।

ਗੁਰੂ ਕਲਗੀਧਰ ਪਾਤਸ਼ਾਹ ਉਪਦੇਸ਼ ਕਰ ਰਹੇ ਸਨ, "ਸੰਸਾਰ ਵਿੱਚ ਆਇਆ ਜੀਵ ਕੇਵਲ ਇਸਤ੍ਰੀ ਜਾਂ ਪੁਰਸ਼ ਹੀ ਨਹੀਂ, ਉਹ ਕਿਸੇ ਦੀ ਧੀ ਜਾਂ ਪੁੱਤਰ ਹੀ ਨਹੀਂ ਸਗੋਂ ਉਹ ਪਰੀਪੂਰਣ ਪ੍ਰਮਾਤਮਾ ਦੀ ਇੱਕ ਛੋਟੀ ਜਿਹੀ ਇਕਾਈ (ਅੰਸ਼) ਵਜੋਂ ਵੀ ਇਸ ਸੰਸਾਰ ਵਿੱਚ ਪ੍ਰਗਟ ਹੂੰਦਾ ਹੈ। ਪ੍ਰਮਾਤਮਾ ਦੀ ਜੋਤ ਇੱਕ ਜੀਵ ਆਤਮਾ ਦੁਆਰਾ ਇਸ ਸੰਸਾਰ ਵਿੱਚ ਪ੍ਰਗਟ ਹੋਈ ਹੈ। ਇਸ ਤਰਾਂ ਇਹ ਜੀਵ ਆਤਮਾ ਉਸ ਪਰਮ-ਆਤਮਾ ਦਾ ਇੱਕ ਅੰਸ਼ ਹੈ। ਇਹੀ ਜੀਵ ਆਤਮਾ ਦਾ ਮੂਲ ਹੈ। ਸਬਰ ਅਤੇ ਸੰਤੋਖ ਇੱਕ ਅਜਿਹੀ ਇਲਾਹੀ ਦਾਤ ਹੈ ਮਨੁੱਖੀ ਮਨ ਨੂੰ ਭਟਕਣ ਤੋਂ ਬਚਾਉਂਦੀ ਹੈ। ਇਸ ਨਾਲ ਮਨ ਸ਼ਾਂਤ ਅਤੇ ਟਿਕਾਊ ਰਹਿੰਦਾ ਹੈ। ਸ਼ਾਂਤ ਚਿੱਤ ਹੋ ਕੇ ਪ੍ਰਮਾਤਮਾ ਦਾ ਕੀਤਾ ਹੋਇਆ ਸਿਮਰਨ ਬਹੁਤ ਪ੍ਰਭਾਵੀ ਹੁੰਦਾ ਹੈ। ਇਕ ਪ੍ਰਮਾਤਮਾ ਦੀ ਅੰਸ਼ ਨੂੰ ਅੱਜ ਪ੍ਰਗਟ ਕਰਨਾ ਹੈ। ਕਰਨੀ ਅਤੇ ਕਥਨੀ ਵਿੱਚ ਬਹੁਤ ਵੱਡਾ ਇਨਕਲਾਬ ਲਿਆਉਣਾ ਹੈ।

ਜੀਵਨ ਦੀਆਂ ਸਾਰੀਆਂ ਪੁਰਾਣੀਆਂ ਅਤੇ ਬੋਸੀਦਾ ਰਸਮਾਂ ਦੇ ਜੂਲੇ ਦੇ ਹੇਠੋਂ ਨਿਕਲਣਾ ਹੈ। ਮਾੜੀ ਵਿਚਾਰ, ਢਹਿੰਦੀ ਕਲਾ ਅਤੇ ਬੁਜ਼ਦਿਲ ਲੋਕਾਂ ਤੋਂ ਦੂਰ ਹੀ ਰਹਿਣਾ ਹੈ। ਸੱਚੇ ਅਤੇ ਸੁੱਚੇ ਸਿੱਖ ਬਣ ਕੇ ਜੀਵਨ ਜਿਉਣਾ ਹੈ।"

ਇਸ ਤਰਾਂ ਪਾਤਸ਼ਾਹ ਨੇ ਜੀਵਨ ਜਾਂਚ ਦੇ ਬਹੁਤ ਸਾਰੇ ਉਪਦੇਸ਼ ਦਿੱਤੇ। ਅਖੀਰ ਕਲਗੀਧਰ ਪਾਤਸ਼ਾਹ ਨੇ ਨਵਾਂ ਜੀਵਨ ਦੇਣ ਵਾਸਤੇ ਮਿਆਨ ਵਿੱਚੋਂ ਸ੍ਰੀ ਸਾਹਿਬ ਸੂਤ ਕੇ (ਬਾਹਰ ਕੱਢ ਕੇ) ਉਤਾਂਹ ਨੂੰ ਚੁੱਕ ਕੇ ਗਰਜਵੀਂ ਆਵਾਜ਼ ਵਿੱਚ ਕਿਹਾ, "ਇਹ ਸ੍ਰੀ ਸਾਹਿਬ ਇੱਕ ਸਿਰ ਦੀ ਮੰਗ ਕਰਦੀ ਹੈ, ਉੱਠੋ ਕੋਈ ਯੋਧਾ ਗੁਰੂ ਦਾ ਪਿਆਰਾ ਜਿਹੜਾ ਆਪਣਾ ਸੀਸ ਭੇਂਟ ਕਰੇ।" ਗੁਰੂ ਸਾਹਿਬ ਜੀ ਦੀ ਇਹ ਅਨੋਖੀ ਮੰਗ ਸੁਣ ਕੇ ਦੀਵਾਨ ਵਿੱਚ ਸੰਨਾਟਾ ਛਾ ਗਿਆ। ਕੁਝ ਪਲ ਬਾਅਦ ਹੀ ਸਭ ਤੋਂ ਪਹਿਲਾਂ ਭਾਈ ਦਿਆ ਰਾਮ ਜੀ ਨੇ ਆਪਣਾ ਸੀਸ ਗੁਰੂ ਚਰਨਾਂ ਵਿੱਚ ਭੇਂਟ ਕੀਤਾ। ਫਿਰ ਭਾਈ ਧਰਮ ਚੰਦ ਜੀ ਦਾ ਸੀਸ ਪ੍ਰਵਾਨ ਹੋਇਆ। ਇਸ ਤੋਂ ਬਾਅਦ ਭਾਈ ਹਿੰਮਤ ਚੰਦ ਜੀ ਉੱਠੇ ਅਤੇ ਆਪਣਾ ਸੀਸ ਭੇਂਟ ਕੀਤਾ। ਚੌਥੇ ਨੰਬਰ ਤੇ ਦੁਆਰਕਾ ਦੇ ਭਾਈ ਮੋਹਕਮ ਚੰਦ ਜੀ[1] ਨੇ ਗੁਰੂ ਚਰਨਾਂ ਵਿੱਚ ਆਪਣਾ ਸੀਸ ਭੇਂਟ ਕੀਤਾ ਅਤੇ ਇਸ ਤੋਂ ਬਾਅਦ ਭਾਈ ਸਾਹਿਬ ਚੰਦ ਜੀ ਦਾ ਸੀਸ ਪ੍ਰਵਾਨ ਹੋਇਆ।

ਕੁਝ ਸਮੇਂ ਬਾਅਦ ਗੁਰੂ ਸਾਹਿਬ ਜੀ ਨੇ ਆਪਣਾ ਚੋਜ ਵਰਤਾ ਕੇ ਇਹਨਾਂ ਪੰਜਾਂ ਨੂੰ ਨਵੇਂ ਵਸਤਰ, ਸ਼ਸ਼ਤਰ ਅਤੇ ਦਸਤਾਰਾਂ ਸਜਾ ਕੇ ਪੰਜਾਂ ਪਿਆਰਿਆਂ ਦੇ ਰੂਪ ਵਿੱਚ ਦੀਵਾਨ ਵਿੱਚ ਬੈਠੀ ਸੰਗਤ ਦੇ ਸਾਹਮਣੇ ਲਿਆਂਦਾ। ਇਸ ਤੋਂ ਬਾਅਦ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਗਿਆ ਅਤੇ ਪੰਜਾ ਪਿਆਰਿਆਂ ਨੂੰ ਗੁਰੂ ਸਾਹਿਬ ਜੀ ਨੇ

1. ਲੇਖਕ ਸਿੰਘ ਸਾਗਰ ਅਤੇ ਕੋਇਰ ਸਿੰਘ, ਗੁਰ ਬਿਲਾਸ ਪਾ:10 ਵਿੱਚ ਅਤੇ ਕਈਆਂ ਨੇ ਜ਼ਿਕਰ ਕੀਤਾ ਹੈ ਕਿ ਭਾਈ ਸਾਹਿਬ ਸਿੰਘ ਤੋਂ ਬਾਅਦ ਭਾਈ ਮੋਹਕਮ ਸਿੰਘ ਜੀ ਉੱਠੇ ਸਨ ਜਿਨ੍ਹਾਂ ਦਾ ਨਾਮ ਪਹਿਲਾਂ ਭਾਈ ਨਿਹਚਲ ਚੰਦ ਵੀ ਲਿਖਿਅ ਗਿਆ ਹੈ ਪਰੰਤੂ ਦਾਸ ਨੇ ਇਸ ਦੁਵਿਧਾ ਤੋਂ ਉੱਪਰ ਉੱਠ ਕੇ ਉਹੀ ਲਿਖਣ ਦਾ ਯਤਨ ਕੀਤਾ ਹੈ ਜੋ ਪਹਿਲਾਂ ਪੰਥ ਪ੍ਰਵਾਨ ਵਿੱਚ ਲੜੀਵਾਰ ਦਰਜ ਹੈ। ਚਾਹ ਕੋਈ ਗੁਰੂ ਦਾ ਪਿਆਰਾ ਪਹਿਲਾਂ ਉੱਠਿਆ ਜਾਂ ਬਾਅਦ ਵਿੱਚ ਬੱਸ ਉਹ ਗੁਰੂ ਚਰਨਾਂ ਵਿੱਚ ਪ੍ਰਵਾਨ ਹੋਇਆ। ਵਿਸਥਾਰ ਵਾਸਤੇ ਪੰਥ ਸਾਜਨਾ ਪੜੋ ਜੀ। ਇਸ ਕਿਤਾਬ ਵਿੱਚ ਹੈ।

ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਸਿੰਘ ਸਜਾਇਆ। ਆਪ ਵੀ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦਾਤ ਪ੍ਰਾਪਤ ਕਰਕੇ ਗੁਰੂ ਗੋਬਿੰਦ ਰਾਏ ਤੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਬਣ ਗਏ। ਇਸ ਤੋਂ ਬਾਅਦ ਸਾਰੀ ਸੰਗਤ ਨੇ ਗੁਰੂ ਪਾਤਸ਼ਾਹ ਕੋਲੋਂ ਅਤੇ ਪੰਜ ਪਿਆਰਿਆਂ ਕੋਲੋਂ ਅਮ੍ਰਿੰਤ ਦੀ ਦਾਤ ਪ੍ਰਾਪਤ ਕੀਤੀ ਅਤੇ ਸਿੰਘ ਸਜ ਗਏ।

ਜਗਜੀਵਨ ਜੀ ਅਤੇ ਮਾਤਾ ਸੰਭਾਲੀ ਜੀ ਨੇ ਦਾਤ ਲੈ ਕੇ ਜਗਜੀਵਨ ਸਿੰਘ ਅਤੇ ਮਾਤਾ ਸੰਭਾਲ ਕੌਰ ਬਣ ਗਏ। ਚਾਚਾ ਅਮਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਗੁਨਗਾਨ ਸਿੰਘ, ਭਾਈ ਮੋਹਕਮ ਸਿੰਘ ਜੀ ਦੀ ਪਤਨੀ. ਦਾ ਨਾਮ ਬੀਬੀ ਸੁੱਖਦੇਵ ਕੌਰ ਅਤੇ ਉਹਨਾਂ ਦੇ ਪੁੱਤਰ ਦਾ ਨਾਮ ਕਾਕਾ ਸੁੰਦਰ ਸਿੰਘ ਹੋ ਗਿਆ।ਇਸ ਸਮੇਂ ਸੁੰਦਰ ਸਿੰਘ ਕੇਵਲ ਤਿੰਨ ਮਹੀਨਿਆਂ ਦਾ ਸੀ ਅਤੇ ਇਸ ਨੂੰ ਚੂਲਾ ਦਿੱਤਾ ਗਿਆ। ਇਸੇ ਤਰਾਂ ਦੁਆਰਕਾ ਨਿਵਾਸੀ ਜੱਥੇਦਾਰ ਭਾਈ ਟਿੱਕਾਮੱਲ ਜੀ ਅਤੇ ਭਾਈ ਮੋਹਕਮ ਸਿੰਘ ਜੀ ਨੂੰ ਵਿੱਦਿਆ ਦੇਣ ਵਾਲੇ ਪੰਡਿਤ ਲਾਲ ਚੰਦ ਜੀ ਨੇ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਸਿੰਘ ਸਜ ਗਏ।ਉੱਧਰ ਭਾਈ ਮੋਹਕਮ ਸਿੰਘ ਜੀ ਦੇ ਸੱਸ-ਸਹੁਰਾ ਭਾਈ ਹੰਸਰਾਜ ਜੀ ਅਤੇ ਮਾਤਾ ਆਗਿਆ ਜੀ ਨੇ ਵੀ ਇਹ ਦਾਤ ਪ੍ਰਾਪਤ ਕੀਤੀ ਅਤੇ ਸਿੰਘ-ਸਿੰਘਣੀ ਸਜ ਗਏ।

ਇੱਥੇ ਇੱਕ ਬਚਨ ਇਤਿਹਾਸ ਨੇ ਸੰਭਾਲ ਕੇ ਰੱਖਿਆ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਥ ਸਾਜਿਆ ਸੀ ਤਾਂ ਪਹਿਲੇ ਹੀ ਦਿਨ ਵੀਹ ਹਜ਼ਾਰ ਦੀ ਗਿਣਤੀ ਵਿੱਚ ਸੰਗਤਾਂ ਨੇ ਅੰਮ੍ਰਿਤ ਛਕਿਆ।

ਦੁਆਰਕਾ ਤੋਂ ਆਈ ਸੰਗਤ ਕੁਝ ਸਮਾਂ ਠਹਿਰ ਕੇ ਨਵੇਂ ਰੂਪ-ਰੰਗ, ਨਵੇਂ ਜਨਮ-ਧਰਮ ਅਤੇ ਨਵੀਂ ਮਰਿਯਾਦਾ ਲੈ ਕੇ ਦੁਆਰਕਾ ਨੂੰ ਵਾਪਸ ਚਲੇ ਗਏ ਪਰ ਕੁਝ ਸੰਗਤ ਸਤਿਗੁਰੂ ਜੀ ਦੇ ਪਾਸ ਹੀ ਠਹਿਰ ਗਈ।

ਗਿਆਨੀ ਬਿਸ਼ਨ ਸਿੰਘ ਜੀ ਲਿਖਦੇ ਹਨ
ਪੰਥ ਪ੍ਰਕਾਸ਼ ਵਿੱਚ-ਅੰਮ੍ਰਿਤ ਛੰਦ

ਪੂਰਬ ਜਨਮ ਹੇਮਕੁੰਟ ਕੇ ਵਾਸੀ, ਸੰਸਾਰ ਤੱਜ ਮਨ ਭਿਆ ਉਦਾਸੀ।
ਦੁਸਟਦਮਨ ਸੰਸਾਰ ਵਿਚ ਲਿਆਏ, ਮੋਹਕਮ ਚੰਦ ਗੁਰ ਸਿੰਘ ਸਜਾਏ।
ਸਭ ਪ੍ਰਵਾਰ ਝਿੜਾਓ ਗੁਰ ਬੇੜੇ, ਜੀਵਨ ਦੇ ਸਭ ਮੁਕੇ ਵਿਖੇੜੇ।
ਪਿਤਾ ਜਗਜੀਵਨ ਸਿੰਘ ਮਾਂ ਸੰਭਾਲ ਕੌਰ ਸਿੱਖੀ ਸੰਭਾਲੀ, ਸੁੰਦਰ ਦਾਤ ਗੁਰੂ ਤੋਂ ਪਾਲੀ।
ਹੰਸਰਾਜ ਸਿੰਘ ਮਾਂ ਆਗਿਆ ਕੌਰ ਅੰਮ੍ਰਿਤ ਛਕੇ, ਗੁਰ ਸੇਵਾ ਕਰਦੇ ਨਾ ਥੱਕੇ।
ਬੀਬੀ ਸੁਖਦੇਵ ਕੌਰ ਗੁਰ ਸੇਵ ਕਮਾਵੈ, ਪੱਤਰ ਸੁੰਦਰ ਸਿੰਘ ਗੁਰੂ ਤੇ ਪਾਵੈ।
ਚੌ ਜੁਗ ਦੁਆਰਕਾ ਨਾਮ ਰੋਸ਼ਨਾਇਆ, ਪੰਡਤ ਲਾਲ ਸਿੰਘ ਟਿੱਕਾਮੱਲ ਸਿੰਘ ਸਜਾਇਆ।
ਦੁਆਰਕਾ ਨਿਵਾਸੀ ਗੁਰ ਬਖਸ਼ਸ਼ ਪਾਈ, ਸਭ ਮਿਲਕੇ ਅੰਮ੍ਰਿਤ ਦਾਤ ਗੁਰੂ ਤੇ ਪਾਈ।

ਭਾਈ ਮੋਹਕਮ ਸਿੰਘ ਜੀ ਦਾ ਪਰਿਵਾਰ ਵਾਪਸ ਦਵਾਰਕਾ ਜਾਣਾ

ਭਾਈ ਮੋਹਕਮ ਸਿੰਘ ਜੀ ਨੇ ਜਿਸ ਸਮੇਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ, ਉਸ ਵੇਲੇ ਆਪ ਜੀ ਦੀ ਉਮਰ ਕੇਵਲ 20 ਸਾਲ ਦੀ ਸੀ ਅਤੇ ਬੀਬੀ ਸੁਖਦੇਵ ਕੌਰ ਦੀ ਉਮਰ 18 ਸਾਲ ਦੀ ਸੀ। ਪਹਿਲੀ ਸੰਤਾਨ ਬਾਬਾ ਸੁੰਦਰ ਸਿੰਘ ਦਾ ਜਨਮ 5 ਜਨਵਰੀ, 1699 ਈ: ਨੂੰ ਹੋਇਆ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵੇਲੇ ਬੇਟੇ ਦੀ ਉਮਰ ਤਿੰਨ ਕੁ ਮਹੀਨੇ ਦੇ ਕਰੀਬ ਸੀ। ਇਸ ਤੋਂ ਬਾਅਦ ਵਾਹਿਗੁਰੂ ਦੀ ਕਿਰਪਾ ਨਾਲ ਦੂਜੇ ਬੇਟੇ ਨੇ 9 ਮਾਰਚ, 1700 ਈ: ਨੂੰ ਜਨਮ ਲਿਆ। ਇਸ ਬੱਚੇ ਦਾ ਨਾਮ ਇਤਿਹਾਸ ਵਿੱਚ ਭਾਈ ਹੀਰਾ ਸਿੰਘ ਲਿਖਿਆ ਮਿਲਦਾ ਹੈ। ਫਿਰ ਅਕਾਲ ਪੁਰਖ ਦੀ ਕਿਰਪਾ ਨਾਲ 26 ਦਸੰਬਰ, 1702 ਈ: ਨੂੰ ਭਾਈ ਮੋਹਕਮ ਸਿੰਘ ਜੀ ਦੇ ਘਰ ਬੀਬੀ ਸੁਖਦੇਵ ਕੌਰ ਜੀ ਦੀ ਕੁੱਖੋਂ ਬੇਟੀ ਨੇ ਜਨਮ ਲਿਆ ਜਿਸ ਦਾ ਨਾਮ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਬੀਬੀ ਰਤਨਾਗਰ ਕੌਰ ਜੀ ਰੱਖਿਆ।

ਦਵਾਰਕਾ ਨਿਵਾਸੀ ਸੰਗਤ ਵਿਸਾਖੀ ਪੁਰਬ 'ਤੇ 1703 ਈ: ਵਿੱਚ ਆਨੰਦਪੁਰ ਸਾਹਿਬ ਵਿਖੇ ਆਈ ਜਿਸ ਵਿੱਚ ਭਾਈ ਜਗਜੀਵਨ

ਸਿੰਘ ਜੀ ਅਤੇ ਮਾਤਾ ਸੰਭਾਲ ਕੌਰ ਜੀ ਵੀ ਆਏ। ਇਸ ਸਮੇਂ ਤੱਕ ਬਾਬਾ ਸੁੰਦਰ ਸਿੰਘ ਜੀ ਦੀ ਉਮਰ 4 ਸਾਲ, ਭਾਈ ਹੀਰਾ ਸਿੰਘ ਦੀ ਉਮਰ 3 ਸਾਲ ਦੀ ਹੋ ਚੁੱਕੀ ਸੀ ਤੇ ਬੇਟੀ ਬੀਬੀ ਰਤਨਾਗਰ ਕੌਰ ਤਾਂ ਕੇਵਲ ਚਾਰ ਮਹਿਨੇ ਦੀ ਸੀ। ਭਾਈ ਮੋਹਕਮ ਸਿੰਘ ਜੀ ਦੇ ਪਿਤਾ ਭਾਈ ਜਗਜੀਵਨ ਸਿੰਘ ਜੀ ਨੇ ਉਹਨਾਂ ਨੂੰ ਕਿਹਾ ਕਿ ਇਸ ਵਾਰ ਅਸੀ ਤੁਹਾਡੇ ਪਰਿਵਾਰ ਨੂੰ ਦਵਾਰਕਾ ਲੈ ਕੇ ਜਾਣਾ ਹੈ। ਭਾਈ ਸਾਹਿਬ ਜੀ ਨੇ ਆਖਿਆ ਕਿ ਗੁਰੂ ਸਾਹਿਬ ਜੀ ਕੋਲ ਬੇਨਤੀ ਕਰੋ। ਜੇ ਪਾਤਸ਼ਾਹ ਜੀ ਨੇ ਚਾਹਿਆ ਤਾਂ ਤੁਸੀਂ ਕੁਝ ਚਿਰ ਲਈ ਬੱਚਿਆਂ ਨੂੰ ਨਾਲ ਲੈ ਕੇ ਦਵਾਰਕਾ ਚਲੇ ਜਾਣਾ।

ਮਾਤਾ-ਪਿਤਾ ਨੇ ਮਿਲ ਕੇ ਗੁਰੂ ਪਾਤਸ਼ਾਹ ਜੀ ਕੋਲ ਬੇਨਤੀ ਕੀਤੀ। ਗੁਰੂ ਪਾਤਸ਼ਾਹ ਜੀ ਨੇ ਆਉਣ ਵਾਲਾ ਸਮਾਂ ਵੀਚਾਰ ਕੇ ਆਗਿਆ ਦੇ ਦਿੱਤੀ ਕਿ ਠੀਕ ਹੈ, ਭਲਾ ਹੈ, ਬੀਬੀ ਸੁਖਦੇਵ ਕੌਰ ਅਤੇ ਬੱਚਿਆਂ ਨੂੰ ਦੁਆਰਕਾ ਲੈ ਜਾਉ। ਸਤਿਗੁਰੂ ਜੀ ਕੋਲੋਂ ਆਗਿਆ ਮਿਲਣ ਤੋਂ ਬਾਅਦ ਬੀਬੀ ਸੁਖਦੇਵ ਕੌਰ ਜੀ ਅਤੇ ਭਾਈ ਹੀਰਾ ਸਿੰਘ ਤੋਂ ਤਾਂ ਪੁੱਛਣ ਦੀ ਲੋੜ ਨਹੀਂ ਸੀ ਪਰ ਬਾਬਾ ਸੁੰਦਰ ਸਿੰਘ ਜੀ ਨੇ ਜਾਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਨਾਨਾ ਭਾਈ ਹੰਸਰਾਜ ਸਿੰਘ ਜੀ ਕੋਲ ਰਹਿਣ ਦਾ ਨਿਸ਼ਚਾ ਕਰ ਲਿਆ। ਇਸ ਦਾ ਮੁੱਖ ਕਾਰਣ ਸੀ ਬਾਬਾ ਸੁੰਦਰ ਸਿੰਘ ਜੀ ਬੇਸ਼ੱਕ ਅਜੇ ਕੇਵਲ 4 ਸਾਲ ਦੇ ਹੀ ਸਨ ਪਰੰਤੂ ਉਹਨਾਂ ਦਾ ਸਾਹਿਬਜਾਦਾ ਬਾਬਾ ਫਤਿਹ ਸਿੰਘ ਜੀ ਨਾਲ ਬਹੁਤ ਪਿਆਰ ਸੀ। ਬਾਬਾ ਫਤਿਹ ਸਿੰਘ ਜੀ ਦਾ ਜਨਮ ਵੀ 1699 ਈ: ਦਾ ਹੀ ਸੀ। ਦੋਵੇਂ ਹਮ ਉਮਰ ਦੇ ਸਨ ਅਤੇ ਨੈਣ-ਨਕਸ਼ ਤੇ ਸਰੀਰਕ ਬਣਤਰ ਵੀ ਤਕਰੀਬਨ ਇੱਕੋ ਜਿਹੀ ਹੀ ਸੀ। ਕਈ ਵਾਰੀ ਸਾਹਿਬਜਾਦਾ ਬਾਬਾ ਫਤਿਹ ਸਿੰਘ ਜੀ ਆਪਣੇ ਵਸਤਰ ਬਾਬਾ ਸੁੰਦਰ ਸਿੰਘ ਜੀ ਨੂੰ ਪਹਿਨਾ ਦਿੰਦੇ ਸਨ ਜਿਸ ਨਾਲ ਉਹ ਇੰਨੇ ਇੱਕੋ ਜਿਹੇ ਲੱਗਦੇ ਸਨ ਕਿ ਸੰਗਤ ਵੀ ਭੁਲੇਖਾ ਖਾ ਜਾਂਦੀ ਸੀ। ਇਸ ਲਈ ਬਾਬਾ ਸੁੰਦਰ ਸਿੰਘ ਜੀ ਜਾਣ ਤੋਂ ਵੀਚਰ ਗਏ ਭਾਵ ਮੁਨਕਰ ਹੋ ਗਏ ਅਤੇ ਆਪਣੇ ਨਾਨਾ ਭਾਈ ਹੰਸਰਾਜ ਸਿੰਘ ਜੀ ਅਤੇ ਨਾਨੀ ਮਾਤਾ ਆਗਿਆ ਕੌਰ ਕੋਲ ਰਹਿਣ ਦਾ ਫੈਸਲਾ ਕਰ ਲਿਆ।

ਦੁਆਰਕਾ ਦੀ ਸੰਗਤ ਦੇ ਨਾਲ ਕੇਵਲ ਬੀਬੀ ਸੁਖਦੇਵ ਕੌਰ, ਬੇਟਾ ਹੀਰਾ ਸਿੰਘ ਅਤੇ ਬੇਟੀ ਰਤਨਾਗਰ ਕੌਰ ਹੀ ਜਾ ਰਹੇ ਸਨ। ਜਿੱਥੇ ਦੁਆਰਕਾ ਦੀ ਸੰਗਤ ਖ਼ੁਸ਼ ਸੀ ਕਿ ਇਸ ਵਾਰ ਸਾਡੇ ਨਾਲ ਭਾਈ ਮੋਹਕਮ ਸਿੰਘ ਦਾ ਪਰਿਵਾਰ ਜਾ ਰਿਹਾ ਹੈ ਉਥੇ ਬੀਬੀ ਸੁਖਦੇਵ ਕੌਰ ਵੀ ਬਹੁਤ ਪ੍ਰਸੰਨ ਸਨ ਕਿ ਪਹਿਲੀ ਵਾਰੀ ਪੰਜਾਬ ਦੀ ਧਰਤੀ ਤੋਂ ਬਾਹਰ ਜਾਣ ਦਾ ਸਮਾਂ ਮਿਲ ਰਿਹਾ ਸੀ ਤੇ ਨਾਲ ਹੀ ਨਾਲ ਮਨ ਵਿੱਚ ਬੇਟੇ ਸੁੰਦਰ ਸਿੰਘ ਦਾ ਮੋਹ ਅਤੇ ਕੁਝ ਘਬਰਾਹਟ ਵੀ ਸੀ ਕਿਉਂਕਿ ਪਹਿਲੀ ਵਾਰੀ ਮਾਤਾ-ਪਿਤਾ, ਪਤੀ ਅਤੇ ਪੁੱਤਰ ਤੋਂ ਵੱਖ ਰਹਿਣਾ ਸੀ। ਉਹ ਵੀ ਇੱਕ-ਦੋ ਮਹੀਨਾ ਨਹੀਂ ਸਗੋਂ ਹੋ ਸਕਦਾ ਹੈ ਕਿ ਇੱਕ-ਦੋ ਸਾਲ ਵੀ ਲੱਗ ਜਾਣ। ਕਾਰਣ ਇਹ ਸੀ ਕਿ ਸਮਾਂ ਬਹੁਤ ਹੀ ਹੌਲੀ ਗਤੀ ਵਾਲਾ ਸੀ ਤੇ ਸਫਰ ਵੀ ਬਹੁਤ ਲੰਬਾ ਸੀ ਫਿਰ ਇੱਕਲਾ-ਦੁਕੱਲਾ ਇਨਸਾਨ ਸਫ਼ਰ ਨਹੀਂ ਸੀ ਕਰ ਸਕਦਾ। ਬੀਬੀਆਂ ਵਾਸਤੇ ਤਾਂ ਪੂਰੇ ਕਾਫਲੇ ਦੀ ਜ਼ਰੂਰਤ ਪੈਂਦੀ ਸੀ। ਕਾਫਲੇ ਦੇ ਮੱਧ ਵਿੱਚ ਬੱਚੇ ਤੇ ਔਰਤਾਂ ਜਾਂਦੀਆਂ ਸਨ ਫਿਰ ਬਜ਼ੁਰਗ ਅਤੇ ਆਲੇ-ਦੁਆਲੇ ਨੌਜਵਾਨ ਯੋਧੇ ਜਾਂਦੇ ਸਨ।

ਭਾਈ ਮੋਹਕਮ ਸਿੰਘ ਦਾ ਪਰਿਵਾਰ ਦਵਾਰਕਾ ਪਹੁੰਚ ਗਿਆ। ਇਸ ਦੀ ਤਰੀਖ ਲਗਭਗ 6 ਜੂਨ 1703 ਈ: ਤੋਂ ਲਿਖੀ ਮਿਲਦੀ ਹੈ ਅਤੇ ਸਿੱਖਾਂ ਉੱਪਰ ਦੁਖ ਦਾ ਸਮਾਂ ਇਸ ਤੋਂ ਬਾਅਦ ਹੀ ਆਰੰਭ ਹੋਇਆ। ਇਸ ਲਈ ਬਹੁਤ ਸਾਰਾ ਸਮਾਂ ਇਹ ਪਰਿਵਾਰ ਦੁਵਾਰਕਾ ਵਿੱਚ ਹੀ ਰਿਹਾ।[1]

ਇੱਥੇ ਇਕ ਗੱਲ ਵਰਨਣ ਯੋਗ ਹੈ ਕਿ ਪ੍ਰਿੰ: ਸੋਭਾ ਸਿੰਘ ਜੀ ਲਿਖਦੇ ਹਨ ਕਿ ਦੁਆਰਕਾ ਦੀ ਸੰਗਤ ਦੇ ਨਾਲ ਭਾਈ ਮੋਹਕਮ ਸਿੰਘ ਜੀ ਵੀ ਗਏ ਸਨ ਪਰ ਗਿ:ਪਾਖਰ ਸਿੰਘ ਜੀ ਲਿਖਦੇ ਹਨ ਕਿ ਭਾਈ ਸਾਹਿਬ ਅਤੇ ਵੱਡਾ ਲੜਕਾ ਕਾਕਾ ਸੁੰਦਰ ਸਿੰਘ ਜੀ ਸ੍ਰੀ ਆਨੰਦਪੁਰ ਸਾਹਿਬ ਵਿੱਖੇ ਹੀ ਠਹਿਰੇ ਸਨ ਜਿਵੇਂ ਕਿ ਉੱਪਰ ਲਿਖਿਆ ਗਿਆ ਹੈ। ਭਾਈ ਮੋਹਕਮ ਸਿੰਘ ਜੀ ਇਸ ਤੋਂ ਬਾਅਦ ਦੁਆਰਾ ਆਪਣੇ ਪਰਿਵਾਰ ਨਾਲ ਨਹੀਂ ਮਿਲ ਸਕੇ ਕਿਉਂਕਿ ਪੋਹ ਸੰਮਤ 1761 (ਸੰਨ 1604) ਵਿੱਚ ਬਾਬਾ ਸੁੰਦਰ ਸਿੰਘ ਜੀ ਸਰਸਾ ਕਿਨਾਰੇ ਸ਼ਹੀਦ ਹੋ ਗਏ ਸਨ ਅਤੇ 8 ਪੋਹ ਸੰਮਤ 1761 (ਸੰਨ 1604) ਵਿੱਚ ਭਾਈ ਮੋਹਕਮ ਸਿੰਘ ਜੀ ਵੀ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋ ਗਏ ਸਨ।)

ਸ੍ਰੀ ਆਨੰਦਪੁਰ ਸਾਹਿਬ ਦੀਆਂ ਲੜਾਈਆਂ ਅਤੇ ਬਾਬਾ ਸੁੰਦਰ ਸਿੰਘ ਦੀ ਸ਼ਹੀਦੀ

ਭਾਈ ਮੋਹਕਮ ਸਿੰਘ ਜੀ ਦਾ ਨਾਮ ਸਿੱਖ ਇਤਿਹਾਸ ਵਿਚ ਬਹੁਤ ਸਾਰੇ ਅਹਿਮ ਫੈਸਲਿਆਂ ਵਿਚ ਆਇਆ। ਜੇ ਸਾਰਿਆਂ ਨੂੰ ਵਿਸਥਾਰ ਨਾਲ ਲਿਖਣ ਲੱਗੀਏ ਤਾਂ ਬਹੁਤ ਸਾਰਾ ਸਮਾਂ ਲੱਗੇਗਾ। ਇਸ ਲਈ ਲੇਖਕ ਦੀ ਇਹ ਕੋਸ਼ਿਸ ਹੋਵੇਗੀ ਕਿ ਅਗਲੇ ਐਡੀਸ਼ਨ ਵਿੱਚ ਭਾਈ ਮੋਹਕਮ ਸਿੰਘ ਜੀ ਦੇ ਜੀਵਨ ਦੇ ਕੀਮਤੀ ਪੱਖਾਂ ਨੂੰ ਦਰਜ ਕੀਤਾ ਜਾਵੇ। ਇਸ ਪੁਸਤਕ ਵਿੱਚ ਇਤਿਹਾਸ ਨੂੰ ਘੱਟ ਤੋਂ ਘੱਟ ਸੰਖੇਪ ਵਿੱਚ ਲਿਖਣ ਦੀ ਕੋਸ਼ਿਸ ਕੀਤੀ ਗਈ ਹੈ।

ਸ੍ਰੀ ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਤਕਰੀਬਨ 1701 ਈ: ਵਿੱਚ ਹੋਈ। ਦਿੱਲੀ ਦੇ ਬਾਦਸ਼ਾਹ ਨੇ ਪੈਂਦੇ ਖਾਂ ਅਤੇ ਦੀਨਾ ਬੇਗ ਜੋ ਕਿ ਮੁਗਲ ਫੌਜਾਂ ਦੇ ਮੰਨੇ-ਪਰਮੰਨੇ ਹੋਏ ਜਰਨੈਲ ਸਨ, ਇਹਨਾਂ ਨੂੰ ਦਸ ਹਜ਼ਾਰ ਦੀ ਫੌਜ ਦੇ ਨਾਲ ਸ੍ਰੀ ਆਨੰਦਪੁਰ ਸਾਹਿਬ ਉੱਤੇ ਹਮਲਾ ਕਰਨ ਲਈ ਭੇਜਿਆ ਗਿਆ। ਜਦੋਂ ਇਹਨਾਂ ਜਰਨੈਲਾਂ ਨੇ ਸਾਰੀ ਫੌਜ ਦੇ ਨਾਲ ਕਿਲੇ ਉੱਤੇ ਚੜ੍ਹਾਈ ਕੀਤੀ ਤਾਂ ਥੋੜੇ ਜਿਹੇ ਸਿੰਘਾਂ ਦੇ ਜੱਥੇ ਨੇ ਕਮਾਲ ਕਰ ਦਿੱਤੀ। ਸ਼ੇਰਾਂ ਵਾਂਗ ਗੱਜ ਕੇ ਅਨੇਕਾਂ ਸ਼ਾਹੀ ਫੌਜਾਂ ਤੇ ਪਹਾੜੀ ਸਿਪਾਹੀਆਂ ਨੂੰ ਇੰਝ ਖਦੇੜਿਆ ਜਿਵੇਂ ਭੇਡਾਂ-ਬੱਕਰੀਆਂ ਨੂੰ ਖਦੇੜਿਆ ਜਾਂਦਾ ਹੈ। ਪੈਂਦੇ ਖਾਂ ਵਰਗੇ ਜਰਨੈਲ ਤਾਂ ਮੈਦਾਨ ਵਿੱਚ ਇੱਕ ਪਲ ਵੀ ਨਾ ਟਿਕ ਸਕੇ ਅਤੇ ਮੈਦਾਨ ਛੱਡ ਕੇ ਭੱਜ ਗਏ। ਇਹ ਕਮਾਲ ਪੰਜ ਪਿਆਰਿਆਂ ਦੇ ਨਾਲ ਭਾਈ ਉਦੈ ਸਿੰਘ ਤੇ ਭਾਈ ਆਲਮ ਸਿੰਘ ਵਰਗੇ ਮਹਾਨ ਯੋਧਿਆਂ ਨੇ ਕੀਤੀ।

ਦੂਜੀ ਲੜਾਈ ਨਵੰਬਰ 1701 ਈ: ਵਿੱਚ ਹੋਈ। ਇਸ ਲੜਾਈ ਵਿੱਚ ਭਾਈ ਮੋਹਕਮ ਸਿੰਘ ਜੀ ਨੇ ਥੋੜੇ ਜਿਹੇ ਸਿੰਘ ਨੂੰ ਨਾਲ ਲੈ ਕੇ ਹਜ਼ਾਰਾਂ ਮੁਗਲਾਂ ਨੂੰ ਮਾਰ ਮੁਕਾਇਆ ਅਤੇ ਮੈਦਾਨ ਛੱਡਣ ਲਈ ਮਜ਼ਬੂਰ ਕਰ ਦਿੱਤਾ ਤੇ ਜੰਗ ਜਿੱਤ ਲਈ ਗਈ।

ਤੀਜੀ ਲੜਾਈ ਸੰਨ 1703 ਈ: ਵਿੱਚ ਹੋਣ ਦਾ ਜ਼ਿਕਰ

ਮਿਲਦਾ ਹੈ ਜਿਸ ਵਿੱਚ ਕਹਿਲੂਰ, ਹੰਡੂਰ, ਚੰਬਾ, ਫਤਿਹਪੁਰ ਆਦਿ ਦੇ ਰਜਿਆਂ ਨੇ ਮਿਲ ਕੇ ਸ਼੍ਰੀ ਆਨੰਦਪੁਰ ਸਾਹਿਬ ਉੱਤੇ ਚੜ੍ਹਾਈ ਕਰ ਦਿੱਤੀ। ਇਸ ਦੀ ਜਿੱਤ ਫਿਰ ਤੋਂ ਸਿੰਘਾਂ ਦੇ ਹੱਕ ਵਿੱਚ ਹੋਈ। ਅਸਲ ਵਿੱਚ ਤਨਖਾਹ ਦੀ ਖਾਤਰ ਲੜ੍ਹਨ ਵਾਲਿਆਂ ਅਤੇ ਕੌਮ ਤੇ ਧਰਮ ਦੀ ਖਾਤਰ ਲੜਨ ਵਾਲਿਆਂ ਦੇ ਹੌਂਸਲੇ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਇਸ ਤਰਾਂ ਚੌਥੀ ਲੜਾਈ ਦੀ ਜਿੱਤ ਅਤੇ ਫਿਰ ਪੰਜਵੀਂ ਲੜਾਈ ਨੂੰ ਜਿੱਤਣ ਤੋਂ ਬਾਅਦ ਅਖੀਰ ੬ ਪੋਹ ਅਤੇ ੭ ਪੋਹ ਸੰਮਤ ੧੭੬੧ ਭਾਵ 6 ਦਸੰਬਰ 1704 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਸਿੰਘਾਂ ਨੇ ਸ਼੍ਰੀ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ ਅਤੇ ਕੀਰਤਪੁਰ ਸਾਹਿਬ ਹੁੰਦੇ ਹੋਏ ਰੋਪੜ ਵੱਲ ਵਧੇ।

ਇੱਥੇ ਤੱਕ ਪਹੁੰਚਦਿਆਂ ਹੋਇਆਂ ਪਿੱਛੋਂ ਦੁਸ਼ਮਣ ਨੂੰ ਪਤਾ ਲੱਗ ਗਿਆ। ਉਹਨਾਂ ਨੇ ਸਾਰੀਆਂ ਕਸਮਾਂ ਨੂੰ ਭੁਲਾ ਕੇ ਪਿਛਲੇ ਪਾਸਿਉਂ ਧਾਵਾ ਬੋਲ ਦਿੱਤਾ। ਦੋਵੇਂ ਧਿਰਾਂ ਲੜਦੇ ਹੋਏ ਸਰਸਾ ਨਦੀ ਦੇ ਕੰਢੇ ਤੇ ਪਹੁੰਚ ਗਈਆਂ। ਪਹਾੜਾਂ ਵਿੱਚ ਭਾਰੀ ਮੀਂਹ ਕਾਰਣ ਸਰਸਾ ਨਦੀ ਠਾਠਾਂ ਮਾਰ ਰਹੀ ਸੀ ਤੇ ਪਾਣੀ ਕੰਢਿਆਂ ਤੱਕ ਵਗ ਰਿਹਾ ਸੀ। ਚੜ੍ਹਿਆ ਹੋਇਆ ਪਾਣੀ ਉੱਤਰਨ ਦਾ ਨਾਮ ਨਹੀ ਲੈ ਰਿਹਾ ਸੀ ਤੇ ਨਾਂ ਹੀ ਇਸ ਦੀ ਉਡੀਕ ਕਰਨ ਦਾ ਸਮਾਂ ਸੀ। ਮੁਸੀਬਤ ਬਹੁਤ ਹੀ ਭਿਆਨਕ ਬਣ ਚੁੱਕੀ ਸੀ। ਘੁੱਪ ਹਨ੍ਹੇਰੀ ਰਾਤ, ਹੱਡਾਂ ਨੂੰ ਚੀਰਦੀ ਠੰਡੀ ਹਵਾ ਅਤੇ ਸਰਸਾ ਨਦੀ ਦਾ ਠੰਡਾ ਪਾਣੀ ਅਤੇ ਉੱਪਰੋਂ ਮੀਂਹ ਦਾ ਜ਼ੋਰ ਸੀ। ਇਸ ਜਗ੍ਹਾ ਤੇ ਸਾਰਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ।

੭ ਪੋਹ ਦੀ ਰਾਤ ਤੱਕ ਪੰਜ ਪਿਆਰੇ ਦੋ ਸਾਹਿਬਜ਼ਾਦੇ ਗੁਰੂ ਕਲਗੀਧਰ ਪਿਤਾ ਦੇ ਜਿਹੜੇ ਸਿੰਘ ਸਰਸਾ ਨਦੀ ਪਾਰ ਕਰ ਗਏ, ਸਿੱਖ ਇਤਿਹਾਸ ਇਹਨਾਂ ਦੀ ਗਿਣਤੀ 40 ਦੱਸਦਾ ਹੈ।

ਦੂਸਰੇ ਪਾਸੇ ਮਾਤਾ ਸੁੰਦਰ ਕੌਰ ਗੁਰੂ ਕੇ ਮਹਿਲ ਅਤੇ ਖਾਲਸੇ ਦੀ ਮਾਤਾ ਸਾਹਿਬ ਕੌਰ ਜੀ ਤੇ ਭਾਈ ਮਨੀ ਸਿੰਘ ਜੀ ਤੇ ਕੁਝ ਦਿੱਲੀ ਦੀਆਂ ਸੰਗਤਾਂ ਨੇ ਪਿੰਡ ਘੜਾਮ ਜਾ ਕੇ ਰਾਤ ਗੁਜ਼ਾਰੀ।

ਅਗਲੇ ਦਿਨ ਦਿੱਲੀ ਨੂੰ ਰਵਾਨਾ ਹੋਏ ਅਤੇ ਮੰਜਿਲੇ-ਮੰਜਿਲ ਤੈਅ ਕਰਕੇ ਦਿੱਲੀ ਪਹੁੰਚ ਗਏ। ਸਤਿਕਾਰ ਯੋਗ ਮਾਤਾ ਗੁਜਰ ਕੌਰ ਅਤੇ ਦੋ ਛੋਟੇ ਸਾਹਿਬਜਾਦੇ ਅਤੇ ਗੰਗੂ ਬ੍ਰਾਹਮਣ ਦੇ ਨਾਲ ਉਸਦੇ ਘਰ ਪਿੰਡ ਖੇੜੀ ਪਹੁੰਚ ਗਏ।

ਕੁਝ ਸੰਗਤਾਂ ਜਿਨ੍ਹਾਂ ਵਿੱਚ ਭਾਈ ਮੋਹਕਮ ਸਿੰਘ ਜੀ ਦੇ ਸੱਸ ਮਾਤਾ ਆਗਿਆ ਕੌਰ ਅਤੇ ਭਾਈ ਹੰਸਰਾਜ ਸਿੰਘ ਅਤੇ ਸਪੁੱਤਰ ਬਾਬਾ ਸੁੰਦਰ ਸਿੰਘ ਵੀ ਸਨ ਇਸ ਸਰਸਾ ਨਦੀ ਨੂੰ ਪਾਰ ਨਾ ਕਰ ਸਕੇ। ੭ ਪੋਹ ਦੇ ਪਹੁ ਫੁਟਾਲੇ ਨਾਲ ਹੀ ਇਹਨਾਂ ਨੂੰ ਮੁਗ਼ਲ ਫੌਜਾਂ ਨੇ ਘੇਰਾ ਪਾ ਲਿਆ। ਜਦੋਂ ਮੁਗਲਾਂ ਨੇ ਭਾਈ ਸੁੰਦਰ ਸਿੰਘ ਨੂੰ ਦੇਖਿਆ ਤਾਂ ਇਹ ਵੀ ਗੱਲ ਉੱਡ ਗਈ ਕਿ ਇਨ੍ਹਾਂ ਸੰਗਤਾਂ ਵਿੱਚ ਕਲਗੀਧਰ ਪਿਤਾ ਜੀ ਦਾ ਛੋਟਾ ਸਾਹਿਬਜਾਦਾ ਬਾਬਾ ਫਤਿਹ ਸਿੰਘ ਜੀ ਵੀ ਹੈ ਪਰ ਅਸਲ ਵਿੱਚ ਇਹ ਭਾਈ ਮੋਹਕਮ ਸਿੰਘ ਜੀ ਦਾ ਵੱਡਾ ਪੁੱਤਰ ਭਾਈ ਸੁੰਦਰ ਸਿੰਘ ਸੀ ਜਿਸਦੀ ਸ਼ਕਲ ਬਾਬਾ ਫਤਿਹ ਸਿੰਘ ਜੀ ਨਾਲ ਮਿਲਦੀ ਸੀ ਅਤੇ ਇਹ ਦੋਵੇਂ ਜਿਆਦਾਤਰ ਇੱਕਠੇ ਹੀ ਰਹਿੰਦੇ ਸਨ। ਉੱਧਰ ਭਾਈ ਮੋਹਕਮ ਸਿੰਘ ਜੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸਨ।

ਇੱਕ ਸਿੱਖ ਔਰਤ ਨੇ ਆ ਕੇ ਦੱਸਿਆ ਕਿ ਇਹ ਮੁਗਲ ਸੁੰਦਰ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦੇ ਸਮਝ ਰਹੇ ਹਨ ਤਾਂ ਉਸ ਸਮੇਂ ਭਾਈ ਸੁੰਦਰ ਸਿੰਘ ਜੀ ਨੇ ਜੋ ਕੀਮਤੀ ਬੋਲ ਬੋਲੇ ਸਨ ਉਹਨਾਂ ਨੂੰ ਇਤਿਹਾਸ ਨੇ ਸੰਭਾਲ ਕੇ ਰੱਖਿਆ ਹੈ। ਸੁੰਦਰ ਸਿੰਘ ਜੀ ਨੇ ਕਿਹਾ, "ਪਹਿਲੀ ਗੱਲ ਤਾਂ ਇਹ ਕਿ ਮੈਂ ਵੀ ਜੰਗ ਵਿੱਚ ਜਾ ਕੇ ਸ਼ਹੀਦੀ ਪ੍ਰਾਪਤ ਕਰਾਂਗਾ। ਫਿਰ ਵੀ ਜੇ ਮੈਂ ਇਹਨਾਂ ਪਾਪੀਆਂ ਦੇ ਹੱਥ ਜਿਉਂਦਾ ਆ ਵੀ ਗਿਆ ਤਾਂ ਮੈਂ ਵੀ ਇਹੀ ਆਖਾਂਗਾ ਕਿ ਮੈਂ ਹੀ ਗੁਰੂ ਕਲਗੀਧਰ ਪਿਤਾ ਜੀ ਦਾ ਛੋਟਾ ਸਾਹਿਬਜਾਦਾ ਬਾਬਾ ਫਤਿਹ ਸਿੰਘ ਹਾਂ। ਇਹ ਮੁਗਲ ਪਾਪੀ ਮੈਨੂੰ ਸ਼ਹੀਦ ਕਰ ਦੇਣਗੇ ਅਤੇ ਫਿਰ ਇਹ ਬਾਬਾ ਫਤਿਹ ਸਿੰਘ ਜੀ ਨੂੰ ਨਹੀਂ ਲਭੱਣਗੇ ਅਤੇ ਉਦੋਂ ਤੱਕ ਬਾਬਾ ਫਤਿਹ ਸਿੰਘ ਮੁਗਲਾਂ ਦੇ ਘੇਰੇ ਤੋਂ ਬਹੁਤ ਦੂਰ ਨਿਕਲ ਜਾਣਗੇ ਤੇ ਬਚ

ਜਾਣਗੇ। ਮੇਰੀ ਜ਼ਿੰਦਗੀ ਮੇਰੇ ਵੀਰ ਦੀ ਖਾਤਰ ਕੁਰਬਾਨ ਹੋ ਜਾਵੇ, ਇਸ ਤੋਂ ਵੱਧ ਮੈਨੂੰ ਹੋਰ ਕੀ ਚਾਹੀਦਾ ਹੈ।"

ਇੱਥੇ ਇਤਿਹਾਸ ਗਵਾਹ ਹੈ ਕਿ ਮੁਗਲ ਫਜਲੇ ਖ਼ਾਂ ਨੇ ਇਹਨਾਂ ਸੰਗਤਾਂ ਉੱਤੇ ਤੜਕ ਸਾਰ ਹੱਲਾ ਬੋਲ ਦਿੱਤਾ ਅਤੇ ਇਹਨਾਂ ਸਿੰਘ ਸਿੰਘਣੀਆਂ ਨੇ ਸ਼ੇਰਾਂ ਦੀ ਤਰਾਂ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਹਨਾਂ ਸ਼ਹੀਦਾਂ ਵਿੱਚ ਭਾਈ ਹੰਸਰਾਜ ਸਿੰਘ, ਮਾਤਾ ਆਗਿਆ ਕੌਰ, ਬਾਬਾ ਸੁੰਦਰ ਸਿੰਘ ਅਤੇ ਹੋਰ ਵੀ ਬਹੁਤ ਸਾਰੇ ਸਿੰਘ ਸਨ। ਬਾਬਾ ਸੁੰਦਰ ਸਿੰਘ ਜੀ ਨੂੰ ਤਾਂ ਮੁਗਲਾਂ ਨੇ ਕੋਹ-ਕੋਹ ਕੇ ਸ਼ਹੀਦ ਕੀਤਾ ਸੀ। ਇਹ ਪਾਪੀ ਮੁਗਲ ਸੂਬੇਦਾਰ ਸਰਹਿੰਦ ਕੋਲੋਂ ਇਨਾਮ ਲੈਣ ਦੀ ਖਾਤਰ ਇਹਨਾਂ ਸ਼ਹੀਦਾਂ ਦੇ ਸਿਰਾਂ ਨੂੰ ਨੇਜਿਆਂ-ਬਰਸ਼ਿਆਂ ਉੱਪਰ ਟੰਗ ਕੇ ਲੈ ਕੇ ਗਏ। ਇਸ ਸਥਾਨ ਉੱਪਰ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦਾ ਵਿਛੋੜਾ ਪਿਆ ਸੀ ਜਿੱਥੇ ਅੱਜ ਗੁਰਦੁਆਰਾ ਪਰਿਵਾਰ ਵਿਛੋੜਾ ਸ਼ੁਸ਼ੋਭਿਤ ਹੈ।

(ਨੋਟ :- ਬਾਬਾ ਸੁੰਦਰ ਸਿੰਘ ਜੀ ਦੇ ਨਾਮ ਦੇ ਨਾਲ ਬਾਬਾ ਸ਼ਬਦ ਇਸ ਲਈ ਲਗਾਇਆ ਗਿਆ ਹੋਵੇਗਾ ਕਿਉਂਕਿ ਇਸ ਬੱਚੇ ਨੇ ਵੀ ਬਾਬਿਆਂ ਵਾਲੇ ਹੀ ਕੰਮ ਕੀਤੇ ਸਨ। ਇਸ ਲਈ ਸਤਿਕਾਰ ਨਾਲ ਬਾਬਾ ਸੁੰਦਰ ਸਿੰਘ ਨਾਮ ਦਿੱਤਾ ਹੈ।)

ਭਾਈ ਮੋਹਕਮ ਸਿੰਘ ਜੀ ਦੀ ਸ਼ਹੀਦੀ

੭ ਪੋਹ ਸੰਮਤ ੧੭੬੧ ਦਸੰਬਰ 7 ਸੰਨ 1704 ਈ: ਨੂੰ ਗੁਰੂ ਮਹਾਰਾਜ ਤੇ ਦੋਵੇਂ ਸਾਹਿਬਜ਼ਾਦੇ ਤੇ ਚਾਲੀ ਸਿੰਘਾਂ ਦਾ ਜੱਥਾ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਪਹੁੰਚ ਗਿਆ। ਇੱਥੇ ਇਕ ਬਹੁਤ ਕੀਮਤੀ ਬਚਨ ਲਿਖਣ ਯੋਗ ਹੈ, ਉਹ ਇਹ ਕਿ ਸ਼੍ਰੀ ਆਨੰਦਪੁਰ ਸਾਹਿਬ ਤੋਂ ਚਮਕੌਰ ਦੀ ਗੜ੍ਹੀ ਕੇਵਲ 37-38 ਮੀਲ ਹੈ ਅਤੇ ਚਮਕੌਰ ਦੇ ਵਸਨੀਕਾਂ ਤੋਂ ਇਹ ਗੱਲ ਲੁਕੀ ਹੋਈ ਨਹੀਂ ਸੀ ਕਿ ਮੁਗਲ ਫੌਜਾਂ ਅਤੇ ਪਹਾੜੀ ਰਾਜਿਆਂ ਨੇ ਮਿਲ ਕੇ 6-7 ਮਹੀਨਿਆਂ ਤੋਂ ਸ਼੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਹੋਇਆ ਸੀ।

ਗੁਰੂ ਗੋਬਿੰਦ ਸਿੰਘ ਜੀ ਦਾ ਅਪਰਾਧ ਕੇਵਲ ਇੰਨਾ ਹੀ ਸੀ ਕਿ ਉਹਨਾਂ ਨੇ ਗਰੀਬਾਂ, ਪੈਰਾਂ ਹੇਠ ਲਤਾੜੇ ਹੋਏ, ਸ਼ੂਦਰ ਅਖਵਾਉਣ ਵਾਲੇ ਅਤੇ ਨੀਵੀਆਂ ਜਾਤਾਂ ਵਾਲੇ ਬੇਸਹਾਰੇ ਲੋਕਾਂ ਦੀ ਬਾਂਹ ਫੜ ਕੇ ਉਹਨਾਂ ਨੂੰ ਉੱਚੀ ਜਾਤ ਵਾਲੇ ਅਤੇ ਤਾਕਤਵਰ ਲੋਕਾਂ ਦੇ ਬਰਾਬਰ ਖੜਾ ਕਰ ਦਿੱਤਾ ਸੀ। ਇੰਨਾ ਹੀ ਨਹੀਂ ਉਹਨਾਂ ਨੂੰ ਆਪਣਾ ਰੂਪ ਬਣਾ ਕੇ ਖ਼ਾਲਸ ਭਾਵ ਪਵਿੱਤਰ ਕਰਕੇ ਮੋਈ ਹੋਈ ਕੌਮ ਵਿੱਚ ਜਿੰਦ ਫੂਕ ਦਿੱਤੀ ਸੀ। ਡਰਪੋਕ ਚਿੜੀਆਂ ਨੂੰ ਬਾਜਾਂ ਨਾਲ ਲੜਨ ਦੀ ਹਿੰਮਤ ਦਿੱਤੀ ਸੀ।

ਆਮ ਜਨਤਾ ਨੂੰ ਸਤਿਗੁਰੂ ਜੀ ਦਾ ਇਹ ਆਦਰਸ਼ ਪਿਆਰਾ ਲਗਦਾ ਸੀ। ਪਹਾੜੀ ਰਾਜਿਆਂ ਅਤੇ ਮੁਗਲ ਹਕੂਮਤ ਦੇ ਇਸ 6-7 ਮਹੀਨਿਆਂ ਦੇ ਜ਼ੁਲਮ ਨੇ ਲੋਕਾਂ ਦਾ ਮਨ ਗੁਰੂ ਘਰ ਵੱਲ ਜਿਆਦਾ ਫ੍ਰੇਰ ਦਿੱਤਾ ਸੀ। ਪਿੰਡ ਚਮਕੌਰ ਵਾਸੀਆਂ ਨੂੰ ਜਦੋਂ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹਨਾਂ ਨੇ ਆਪਣੇ ਜੀਵਨ ਦਾਤੇ ਦੇ ਲਈ ਆਪਣਾ ਭਰਪੂਰ ਪਿਆਰ ਪ੍ਰਗਟ ਕਰਨਾ ਚਾਹਿਆ। ਬੇਸ਼ੱਕ ਪਿੱਛੇ ਫੌਜ ਲੱਗੀ ਹੋਈ ਸੀ ਪਰ ਫਿਰ ਵੀ ਲੋਕ ਆਪਣੀ ਸਮੱਰਥਾ ਮੁਤਾਬਿਕ ਆਪਣੇ ਘਰੋਂ ਪ੍ਰਸ਼ਾਦਾ ਲੰਗਰ ਲਿਆ ਕੇ ਕਈ ਦਿਨਾਂ ਤੋਂ ਭੁੱਖੇ ਸਿੰਘਾਂ ਨੂੰ ਛਕਾ ਕੇ ਸੇਵਾ ਕਰ ਰਹੇ ਸਨ ਅਤੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਲੈ ਰਹੇ ਸਨ।

ਉੱਧਰ ਦਿਨ ਚੜ੍ਹਦੇ ਤੱਕ ਨਦੀ ਦਾ ਪਾਣੀ ਵੀ ਘਟ ਗਿਆ। ਪਾਣੀ ਘਟਿਆ ਦੇਖ ਕੇ ਵੈਰੀ ਨੇ ਨਦੀ ਨੂੰ ਪਾਰ ਕਰ ਲਿਆ ਅਤੇ ਕੁਝ ਹੀ ਸਮੇਂ ਵਿੱਚ ਚਮਕੌਰ ਪਹੁੰਚ ਕੇ ਗੜ੍ਹੀ ਨੂੰ ਵੀ ਘੇਰਾ ਪਾ ਲਿਆ। ਇੱਥੇ ਬਹੁਤ ਵੱਡਾ ਘਮਾਸਾਨ ਯੁੱਧ ਹੋਇਆ। ਇਸ ਸਮਾਂ ਦੀ ੮ ਪੋਹ ਸੰਮਤ ੧੭੬੧ ਭਾਵ 8 ਦਸੰਬਰ, 1704 ਈ: ਦਾ। ਇਸ ਸੰਸਾਰ ਦੇ ਇਤਿਹਾਸ ਦਾ ਵਿੱਲਖਣ ਯੁੱਧ ਸੀ। ਇੱਕ ਪਾਸੇ ਦਸ ਲੱਖ ਦੀ ਗਿਣਤੀ ਵਿੱਚ ਮੁਗਲ ਫੌਜਾਂ ਅਤੇ ਦੂਸਰੇ ਪਾਸੇ ਕੇਵਲ 40 ਜਾਂ 41 ਸਿੰਘਾਂ ਦਾ ਜੱਥਾ। ਇਹਨਾਂ ਸਿੰਘਾਂ ਨੇ ਗੁਰੂ ਜੀ ਦੇ ਹੁਕਮ ਅਨੁਸਾਰ ਪੰਜ-ਪੰਜ ਸਿੰਘਾਂ ਦੇ ਜੱਥੇ ਬਣਾ ਕੇ ਸਾਰਾ ਦਿਨ ਇਹਨਾਂ ਫੌਜਾਂ ਨੂੰ ਵਖਤ ਪਾਈ ਰੱਖਿਆ।

ਇੱਥੇ ਬਾਬਾ ਅਜੀਤ ਸਿੰਘ ਦੇ ਜੱਥੇ ਵਿੱਚ ਪੰਜਾਂ ਪਿਆਰਿਆਂ ਵਿੱਚੋਂ ਭਾਈ ਮੋਹਕਮ ਸਿੰਘ ਜੀ ਵੈਰੀ ਨਾਲ ਲੜਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ। ਨਾਲ ਹੋਰ ਸਿੰਘ ਜਿਹੜੇ ਸ਼ਹੀਦ ਹੋਏ ਸਨ ਉਹਨਾਂ ਦੇ ਨਾਮ ਇਤਿਹਾਸ ਵਿੱਚ ਭਾਈ ਈਸ਼ਰ ਸਿੰਘ, ਭਾਈ ਦੇਵਾ ਸਿੰਘ, ਭਾਈ ਕੀਰਤੀ ਸਿੰਘ, ਭਾਈ ਮੋਹਰ ਸਿੰਘ, ਭਾਈ ਨੰਦ ਸਿੰਘ, ਭਾਈ ਲਾਲ ਸਿੰਘ ਅਤੇ ਭਾਈ ਕੇਸਰ ਸਿੰਘ[1] ਲਿਖੇ ਮਿਲਦੇ ਹਨ। ਭਾਈ ਲਾਲ ਸਿੰਘ ਜੀ ਭਾਈ ਮੋਹਕਮ ਸਿੰਘ ਦੇ ਵਿੱਦਿਆ ਗੁਰੂ ਪੰਡਤ ਲਾਲ ਚੰਦ ਸਨ।

ਚਮਕੌਰ ਦੀ ਕੱਚੀ ਗੜ੍ਹੀ ਦੇ ਬਾਹਰ ਪੰਜ ਪਿਆਰਿਆਂ ਵਿੱਚੋਂ ਤਿੰਨ ਪਿਆਰੇ ਸਤਿਕਾਰਯੋਗ ਦੁਆਰਕਾ ਨਿਵਾਸੀ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਜਗਨਨਾਥਪੁਰੀ ਅਤੇ ਭਾਈ ਸਾਹਿਬ ਸਿੰਘ ਜੀ ਬਿਦਰ ਨਿਵਾਸੀ ਸ਼ਹੀਦ ਹੋ ਗਏ ਸਨ ਅਤੇ ਇਹਨਾਂ ਨਾਲ ਗੁਰੂ ਜੀ ਦੇ ਸਪੁੱਤਰ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਵੀ ਸ਼ਹੀਦ ਹੋਏ।

ਦਸ ਲੱਖ ਦੀ ਫੌਜ ਵਿੱਚੋਂ ਗੁਰੂ ਗੋਬਿੰਦ ਸਿੰਘ ਆਪਣੇ ਦੋ ਪਿਆਰਿਆਂ ਭਾਈ ਦਿਆ ਸਿੰਘ ਅਤੇ ਭਾਈ ਧਰਮ ਸਿੰਘ ਜੀ ਦੇ ਨਾਲ ਮੁਗਲ ਫੌਜਾਂ ਦੀ ਘੇਰਾ ਬੰਦੀ ਵਿੱਚੋਂ ਨਿਕਲ ਗਏ। ਇਹਨਾਂ ਦੇ ਨਾਲ ਭਾਈ ਮਾਨ ਸਿੰਘ ਜੀ ਵੀ ਚਮਕੌਰ ਦੇ ਇਸ ਘੇਰੇ ਵਿੱਚੋਂ ਨਿਕਲ ਗਏ ਸਨ।

ਭਾਈ ਮੋਹਕਮ ਸਿੰਘ ਜੀ ਦਾ ਜਨਮ ੫ ਚੇਤਰ ੧੭੩੬ ਸੰਮਤ।
7 ਮਾਰਚ, 1679 ਈ:।
ਭਾਈ ਸਾਹਿਬ ਜੀ ਦੀ ਸ਼ਹੀਦੀ – ੮ ਪੋਹ ੧੭੬੧ ਸੰਮਤ।
6 ਦਸੰਬਰ, 1704 ਈ:।
ਕੁੱਲ ਉਮਰ 25 ਸਾਲ 9 ਮਹੀਨੇ, 1 ਦਿਨ ਦੀ ਬਣਦੀ ਹੈ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

1. ਤਵਾਰੀਖ ਗੁਰੂ ਖਾਲਸਾ ਦੇ ਲਿਖਾਰੀ ਗਿ:ਗਿਆਨ ਸਿੰਘ ਪੰਨਾ 1269 ਤੇ ਇਹੀ ਨਾਮ ਲਿਖਦੇ ਹਨ।

ਭਾਈ ਮੋਹਕਮ ਸਿੰਘ ਜੀ ਦਾ ਬਾਕੀ ਪਰਿਵਾਰ

ਪਿਤਾ ਭਾਈ ਜਗਜੀਵਨ ਸਿੰਘ ਜੀ: ਭਾਈ ਮੋਹਕਮ ਸਿੰਘ ਜੀ ਦੇ ਪਿਤਾ ਜੀ ਭਾਈ ਜਗਜੀਵਨ ਸਿੰਘ ਜੀ ਦਾ ਜਨਮ 13 ਜਨਵਰੀ, 1657 ਈ: ਨੂੰ ਦੁਆਰਕਾ ਨਗਰ ਵਿੱਚ ਹੋਇਆ। ਸੰਨ 1676 ਈ: ਭਾਵ 22 ਸਾਲ ਦੀ ਉਮਰ ਵਿੱਚ ਬੀਬੀ ਸੰਭਾਲ ਕੌਰ ਜੀ ਨਾਲ ਵਿਆਹ ਹੋਇਆ। 5 ਚੇਤਰ 1736 ਸੰਮਤ ਨੂੰ ਜਗਜੀਵਨ ਸਿੰਘ ਜੀ ਦੇ ਗ੍ਰਹਿ ਵਿਖੇ ਭਾਈ ਮੋਹਕਮ ਸਿੰਘ ਜੀ ਨੇ ਜਨਮ ਲਿਆ। 42 ਸਾਲ ਦੀ ਉਮਰ ਵਿੱਚ 1699 ਈ: ਵਿੱਚ ਆਪ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਸੰਸਾਰ ਵਿੱਚ ਨੇਕੀ ਨਾਲ ਜੀਵਨ ਬਤੀਤ ਕੀਤਾ ਅਤੇ 70 ਸਾਲ 7 ਮਹੀਨੇ ਅਤੇ 6 ਦਿਨ ਦੀ ਸੰਸਾਰਕ ਯਾਤਰਾ ਪੂਰੀ ਕਰਕੇ 19 ਅਗਸਤ, 1727 ਈ: ਨੂੰ ਦੁਆਰਕਾ ਨਗਰੀ ਵਿੱਚ ਭਾਈ ਜਗਜੀਵਨ ਸਿੰਘ ਜੀ ਦਾ ਦੇਹਾਂਤ ਹੋ ਗਿਆ।

ਮਾਤਾ ਸੰਭਾਲ ਕੌਰ ਜੀ: ਮਾਤਾ ਸੰਭਾਲ ਕੌਰ ਜੀ ਦਾ ਜਨਮ 12 ਫਰਵਰੀ 1659 ਈ: ਵਿੱਚ ਹੋਇਆ। 17 ਸਾਲ ਦੀ ਉਮਰ ਵਿੱਚ ਭਾਈ ਜਗਜੀਵਨ ਸਿੰਘ ਜੀ ਨਾਲ ਵਿਆਹ ਹੋਇਆ। 1675 ਈ: ਵਿੱਚ ਭਾਵ 20 ਸਾਲ ਦੀ ਉਮਰ ਵਿੱਚ ਆਪ ਜੀ ਦੀ ਕੁੱਖੋਂ ਭਾਈ ਮੋਹਕਮ ਸਿੰਘ ਜੀ ਦਾ ਜਨਮ ਹੋਇਆ। 40 ਸਾਲ ਦੀ ਉਮਰ ਵਿੱਚ ਪਰਿਵਾਰ ਦੇ ਨਾਲ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਹੱਸਦੇ ਵਸਦੇ ਜੀਵਨ ਵਿੱਚ ਇੱਕਦਮ ਮੋੜ ਆਇਆ। ਆਪ ਜੀ ਦੇ ਪਿਆਰੇ ਪੁੱਤਰ ਭਾਈ ਮੋਹਕਮ ਸਿੰਘ ਅਤੇ ਪੋਤਰੇ ਬਾਬਾ ਸੁੰਦਰ ਸਿੰਘ ਨੇ 1704 ਈ: ਵਿੱਚ ਸ਼ਹੀਦੀ ਪ੍ਰਾਪਤ ਕਰ ਗਏ। ਜਿਸ ਆਨੰਦ ਦੀ ਪੁਰੀ ਤੋਂ ਜੀਵਨ ਆਨੰਦ ਪ੍ਰਾਪਤ ਹੋਇਆ ਸੀ ਉਸ ਪਿਆਰੇ ਅਸਥਾਨ ਦੇ ਉਜੜਨ ਬਾਰੇ ਸੁਣ ਕੇ ਆਪ ਸਹਾਰ ਨਾ ਸਕੇ ਅਤੇ ਇੱਕ ਦਮ ਚੁੱਪ ਹੋ ਗਏ। ਚਾਹੇ ਭਾਈ ਜਗਜੀਵਨ ਸਿੰਘ ਜੀ ਨਿੱਤ ਹੀ ਭਾਣੇ ਦੀਆਂ ਸਾਖੀਆਂ ਸੁਣਾਉਂਦੇ ਸਨ। ਭਾਣਾ ਕਹਿਣ ਨੂੰ ਤੇ ਲਿਖਣ ਨੂੰ ਸੌਖਾ ਹੈ ਪਰ ਮੰਨਣਾ ਬਹੁਤ ਹੀ ਔਖਾ ਹੈ।

ਇਸ ਤੋਂ ਬਾਅਦ ਆਪ ਕੇਵਲ 8 ਮਹੀਨੇ ਕੁ ਹੀ ਜੀਉਂਦੇ ਰਹੇ। ਵਾਹਿਗੁਰੂ ਤੋਂ ਬਿਨਾਂ ਹੋਰ ਕਈ ਸ਼ਬਦ ਆਪ ਜੀ ਦੀ ਰਸਨਾਂ ਤੇ ਨਾ ਆਇਆ। ਆਖਿਰ 18 ਅਗਸਤ, 1705 ਈ: ਮਾਤਾ ਸੰਭਾਲ ਕੌਰ ਜੀ ਦਾ ਦੇਹਾਂਤ ਹੋ ਗਿਆ।

ਪਤਨੀ ਬੀਬੀ ਸੁਖਦੇਵ ਕੌਰ ਜੀ: ਭਾਈ ਮੋਹਕਮ ਸਿੰਘ ਜੀ ਦੇ ਘਰ ਵਾਲੀ ਬੀਬੀ ਸੁਖਦੇਵ ਕੌਰ ਜੀ ਨੇ ਪਿਤਾ ਭਾਈ ਹੰਸਰਾਜ ਸਿੰਘ ਅਤੇ ਮਾਤਾ ਆਗਿਆ ਕੌਰ ਜੀ ਦੀ ਕੁੱਖੋਂ 13 ਮਈ, 1681 ਈ: ਨੂੰ ਜਨਮ ਲਿਆ। 16 ਸਾਲ ਦੀ ਉਮਰ ਵਿੱਚ ਇਨ੍ਹਾਂ ਦਾ ਵਿਆਹ ਭਾਈ ਮੋਹਕਮ ਸਿੰਘ ਜੀ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਇਆ। 18 ਸਾਲ ਦੀ ਉਮਰ ਵਿੱਚ ਇਨ੍ਹਾਂ ਨੇ ਭਾਈ ਮੋਹਕਮ ਸਿੰਘ ਅਤੇ ਹੋਰ ਪਰਿਵਾਰ ਨਾਲ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਇਨ੍ਹਾਂ ਦੀ ਕੁੱਖੋਂ ਤਿੰਨ ਬੱਚਿਆਂ ਨੇ ਜਨਮ ਲਿਆ। ਭਾਈ ਸੁੰਦਰ ਸਿੰਘ 1699 ਈ: ਵਿੱਚ, ਭਾਈ ਹੀਰਾ ਸਿੰਘ 9 ਮਾਰਚ, 1700 ਈ: ਵਿੱਚ ਅਤੇ ਇਕ ਬੇਟੀ ਬੀਬੀ ਰਤਨਾਗਰ ਕੌਰ 26 ਦਸੰਬਰ, 1702 ਈ: ਵਿੱਚ। ਬੀਬੀ ਰਤਨਾਗਰ ਕੌਰ ਜੀ ਇੱਕ ਬਹੁਤ ਵੱਡੇ ਵਿਦਵਾਨ ਬਣੇ।

1703 ਈ: ਵਿੱਚ ਗੁਰੂ ਜੀ ਦੇ ਹੁਕਮ ਨਾਲ ਆਪ ਦੁਆਰਕਾ ਚਲੇ ਗਏ। ਸਮੇਂ ਦੀ ਚੱਕੀ ਨੇ ਦੁਬਾਰਾ ਮਾਤਾ-ਪਿਤਾ, ਪਤੀ ਤੇ ਵੱਡੇ ਪੁੱਤਰ ਸੁੰਦਰ ਸਿੰਘ ਨੂੰ ਨਾ ਮਿਲਣ ਦਿੱਤਾ। ਫਿਰ ਆਪ ਜੀ 1707 ਈ: ਵਿੱਚ ਨੰਦੇੜ ਸਾਹਿਬ ਦੀ ਧਰਤੀ ਵੱਲ ਜਾਂਦੇ ਗੁਰੂ ਪਾਤਸ਼ਾਹ ਜੀ ਨੂੰ ਮਿਲੇ। ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਸਮਾਂ ਬੈਠੇ ਕੇ ਪਰਿਵਾਰਿਕ ਦੁੱਖ ਸੁੱਖ ਸਾਂਝੇ ਕੀਤੇ ਫਿਰ ਗੁਰੂ ਜੀ ਨੇ ਆਪ ਜੀ ਨੂੰ ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਜੀ ਨਾਲ ਰਹਿ ਕੇ ਸੇਵਾ ਕਰਨ ਦਾ ਹੁਕਮ ਬਖਸ਼ਿਆ। ਇਸ ਤਰ੍ਹਾਂ ਆਪ ਜੀ ਸਿੱਖੀ ਸਿਦਕ ਨਿਭਾਉਂਦੇ ਹੋਏ 17 ਜੁਲਾਈ 1741 ਈ: ਵਿੱਚ ਦੁਆਰਕਾ ਵਿੱਚ ਹੀ ਸੰਸਾਰਕ ਯਾਤਰਾ ਪੂਰੀ ਕਰਕੇ ਅਕਾਲ ਚਲਾਣਾ ਕਰ ਗਏ।

ਸਪੁੱਤਰ ਭਾਈ ਹੀਰਾ ਸਿੰਘ ਜੀ: ਭਾਈ ਹੀਰਾ ਸਿੰਘ ਦਾ ਜਨਮ 9 ਮਾਰਚ, 1700 ਈ: ਨੂੰ ਆਨੰਦਪੁਰ ਸਾਹਿਬ ਵਿਖੇ ਹੋਇਆ। ਆਪ ਜੀ ਦਾ ਵਿਆਹ 1717 ਈ: ਵਿੱਚ ਬੀਬੀ ਸੁਭਾਗ ਕੌਰ ਜੀ ਨਾਲ ਹੋਇਆ। ਆਪ ਜੀ ਦੇ ਘਰ ਪੰਜ ਬੱਚਿਆਂ ਨੇ ਜਨਮ ਲਿਆ, ਤਿੰਨ ਬੇਟੇ ਤੇ ਦੋ ਬੇਟੀਆਂ। ਜਿਨ੍ਹਾਂ ਦੇ ਨਾਮ ਸਨ - ਭਾਈ ਤੀਰਥ ਸਿੰਘ, ਭਾਈ ਮੰਗਲ ਸਿੰਘ ਤੇ ਭਾਈ ਮਾਹਲ ਸਿੰਘ ਅਤੇ ਬੇਟੀਆਂ ਬੀਬੀ ਅਨਵੰਤ ਕੌਰ ਤੇ ਬੀਬੀ ਜੀਵਨ ਕੌਰ ਜੀ। ਭਾਈ ਮੰਗਤ ਸਿੰਘ ਤੇ ਭਾਈ ਮਾਹਲ ਸਿੰਘ ਜੀ ਨੇ ਤਾਂ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਸ਼ਹੀਦੀ ਜਾਮ ਪੀਤੇ ਅਤੇ ਭਾਈ ਤੀਰਥ ਸਿੰਘ ਮਹਾਨ ਵਿਦਵਾਨ ਹੋਏ ਸਨ। ਉਨ੍ਹਾਂ ਨੇ ਵੀ ਵਿਆਹ ਕਰਵਾਇਆ ਤੇ ਉਨ੍ਹਾਂ ਦੀ ਵੰਸ਼ ਵਿੱਚ ਮਹਾਨ ਵਿਦਵਾਨ ਹੋਏ ਸਨ। ਭਾਈ ਹੀਰਾ ਸਿੰਘ ਜੀ ਵੀ ਵਿੱਦਿਆ ਗਿਆਤਾ ਸਨ। ਆਪ ਜੀ ਨੇ 72 ਸਾਲ 3 ਮਹੀਨੇ 13 ਦਿਨ ਦੀ ਸੰਸਾਰਕ ਯਾਤਰਾ ਪੂਰੀ ਕਰਕੇ 22 ਜੂਨ, 1772 ਵਿੱਚ ਅਕਾਲ ਚਲਾਣਾ ਕਰ ਗਏ। ਆਪ ਜੀ ਨੇ ਵੀ ਬਹੁਤ ਸੋਹਣਾ ਉੱਚਾ-ਸੁੱਚਾ ਗੁਰਸਿੱਖੀ ਜੀਵਨ ਵਾਲਾ ਜੀਵਨ ਬਤੀਤ ਕੀਤਾ।

ਨੋਟ : ਮਹਾਨ ਕੋਸ਼ ਦੇ ਲਿਖਾਰੀ ਪੇਜ਼ ਨੰਬਰ 792 ਵਿੱਚ ਲਿਖਦੇ ਕਿ ਕਵੀਰਾਜ ਭਾਈ ਸੰਤੋਖ ਸਿੰਘ ਜੀ ਜਿਨ੍ਹਾਂ ਨੇ 'ਗੁਰਪ੍ਰਤਾਪ ਸੂਰਯ' ਦੀ ਰਚਨਾ ਕੀਤੀ ਉਹ ਭਾਈ ਹੀਰਾ ਸਿੰਘ ਜੀ ਦੀ ਵੰਸ਼ ਵਿਚੋਂ ਸਨ। ਗਿ: ਪਾਖਰ ਸਿੰਘ ਜੀ ਬਹੁਤ ਵਿਸਥਾਰ ਵਿੱਚ ਗਏ ਹਨ ਪਰ ਦਾਸ ਨੇ ਸਾਗਰ ਨੂੰ ਗਾਗਰ ਵਿੱਚ ਕੈਦ ਕਰਨ ਦਾ ਨਿਮਾਣਾ ਯਤਨ ਕੀਤਾ ਹੈ। ਉਮੀਦ ਹੈ ਕਿ ਦਾਸ ਦੀ ਕੀਤੀ ਮਿਹਨਤ ਸਫਲ ਹੋ ਜਾਵੇ।

ਖਾਲਸਾ ਪੰਥ ਸਾਜਣ ਦੀ ਨੀਂਹ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਖਿਆ,
"ਬਾਬਾ ਵੇਖੇ ਧਿਆਨ ਧਰ, ਜ਼ਲਤੀ ਸਭ ਪ੍ਰਿਥਵੀ ਦਿਸ ਆਈ"
(ਭਾਈ ਗੁਰਦਾਸ ਜੀ)

ਗੁਰੂ ਜੀ ਨੇ ਸਗਲ ਮਨੁੱਖਤਾ ਨੂੰ ਪਹਿਲਾ ਲੱਗਾ ਰੋਗ ਬ੍ਰਾਹਮਣਾ ਦੀ ਵਰਨ ਵੰਡ, ਨੇ ਕਰੋੜਾ ਬੰਦਿਆਂ ਨੂੰ ਸ਼ੂਦਰ ਬਣਾਇਆ ਹੋਇਆ ਸੀ। ਸ਼ੂਦਰਾਂ ਨੂੰ ਹੌਲੇ ਮੇਲ ਦੇ ਅਤੇ ਗੰਦੇ-ਮੰਦੇ ਕੰਮ ਕਰਨੇ ਪੈਂਦੇ ਸਨ। ਇਹਨਾਂ ਕੰਮਾ ਵਿੱਚੋਂ ਉਹਨਾਂ ਦੀ ਆਮਦਨ ਇੰਨੀ ਥੋੜੀ ਸੀ ਕਿ ਉਹ ਢਿੱਡ ਭਰ ਕੇ ਰੋਟੀ ਨਹੀਂ ਖਾ ਸਕਦੇ ਸਨ। ਜਿਹੜਾ ਢਿੱਡੋਂ ਹੀ ਭੁੱਖਾ ਹੈ ਉਹ ਧਰਮ ਅਤੇ ਸਮਾਜ ਦਾ ਕੀ ਸਵਾਰ ਸਕਦਾ ਹੈ? ਬ੍ਰਾਹਮਣਾਂ ਦੀ ਦੁਰਕਾਰ ਹਰ ਵੇਲੇ ਪੈਂਦੀ ਰਹਿਣੀ, ਭੁੱਖ ਤੇ ਦੁਰਕਾਰ-ਇਹ ਸੀ ਇਨ੍ਹਾਂ ਦੀ ਕਿਸਮਤ ਬਣ ਚੁੱਕੀ ਸੀ।

ਦੂਜੇ ਪਾਸੇ ਉੱਚ ਜਾੱਤੀ ਦੇ ਲੋਕ ਮੌਜਾਂ ਕਰਦੇ ਸਨ। ਪੰਡਿਤਾਂ ਬ੍ਰਾਹਮਣਾ ਦੇ ਦਿਨ-ਤਿਉਹਾਰ ਨਿੱਤ ਹੀ ਆਏ ਰਹਿੰਦੇ ਸਨ। ਦੂਜੀਆਂ ਸ਼੍ਰੇਣੀਆਂ ਦੇ ਲੋਕ ਨਾਲੇ ਤਾਂ ਇਹਨਾਂ ਨੂੰ ਨਿੱਤ ਮੱਥੇ ਟੇਕਦੇ ਤੇ ਨਾਲੇ ਅੰਨ-ਧੰਨ ਦੀਆਂ ਮੋਟੀਆਂ ਭੇਟਾਵਾਂ ਚੜ੍ਹਾਵੇ ਵਜੋਂ ਦਾਨ ਕਰਦੇ ਸਨ।

ਗੁਰੂ ਨਾਨਕ ਦੇਵ ਜੀ ਪਹਿਲੇ ਰੱਬੀ ਰਹਿਬਰ ਸਨ ਜਿਨ੍ਹਾਂ ਨੇ ਸਾਰੀ ਲੁਕਾਈ ਨਾਲ ਪਿਆਰ ਕੀਤਾ, ਕਿਸੇ ਨਾਲ ਨਫਰਤ ਨਹੀਂ ਕੀਤੀ, ਸਾਰੇ ਦੁਖੀਆਂ ਦਰਦ-ਵੰਡਾਂ ਦੇ ਦੁੱਖ ਦਾ ਅਹਿਸਾਸ ਕੀਤਾ। ਸ਼ੂਦਰ ਰੂਪ ਵਿੱਚ ਕਰੋੜਾਂ ਦੀ ਗਿਣਤੀ ਵਿੱਚ ਮਨੁੱਖਤਾ ਰੁਲ ਰਹੀ ਸੀ ਪ੍ਰਮਾਤਮਾ ਨੂੰ ਹਰ ਥਾਂ ਵੇਖਣ ਵਾਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੀਚ ਅਖਵਾਉਣ ਵਾਲੇ ਲੋਕਾਂ ਨੂੰ ਮਨੁੱਖਤਾ ਦੀ ਪੱਧਰ ਤੇ ਲਿਆਉਣ ਲਈ ਹਰ ਤਰਾਂ ਦੇ ਯਤਨ-ਸ਼ੀਲ ਹੋਏ। ਗੁਰੂ ਸਾਹਿਬ ਜੀ ਨੇ ਆਪਣੇ ਘਰ ਦੇ ਸੁੱਖ ਛੱਡੇ, ਆਪਣੇ ਪਰਿਵਾਰ ਨੂੰ ਪਰ

ਅਧੀਨ ਕੀਤਾ ਤੇ ਸਾਰੇ ਸੰਸਾਰ ਨੂੰ ਆਪਣਾ ਪਰਿਵਾਰ ਸਮਝ ਕੇ ਦੁਖੀਆਂ ਦੇ ਦਰਦ ਨੂੰ ਦੂਰ ਕਰਨ ਲਈ ਚਲ ਪਏ। ਸਾਰੇ ਭਾਰਤ ਅਤੇ ਵਿਦੇਸ਼ਾਂ ਦਾ ਹਜ਼ਾਰਾਂ ਮੀਲਾਂ ਦਾ ਸਫਰ ਉੱਤੇ ਜਾਂਦੇ ਹੋਏ ਆਪਣੇ ਨਾਲ ਦੇ ਸਾਥੀ ਭਾਈ ਬਾਲਾ ਅਤੇ ਭਾਈ ਮਰਦਾਨਾ ਵੀ ਉਹ ਲਏ ਜੋ ਸ਼ੂਦਰਾਂ ਵਿੱਚੋਂ ਨੀਵੀਆਂ ਜਾਤਾਂ ਦੇ ਸਨ।

ਜਦੋਂ ਵੀ ਕਿਸੇ ਉਚ ਜਾਤ ਦੇ ਲੋਕਾਂ ਨੇ ਪੁੱਛਣਾ ਕਿ ਇਹ ਦੋ ਮਨੁੱਖ ਤੁਹਾਡੇ ਚੇਲੇ ਹਨ ਜਾਂ ਸੇਵਕ ਹਨ ਤਾਂ ਗੁਰੂ ਜੀ ਨੇ ਆਖਣਾ ਕਿ ਨਹੀਂ ਇਹ ਤਾਂ ਮੇਰੇ ਭਾਈ ਹਨ-ਭਾਈ ਬਾਲਾ ਤੇ ਭਾਈ ਮਰਦਾਨਾ। ਅੱਗੋਂ ਫਿਰ ਸਵਾਲ ਪੈਦਾ ਹੁੰਦਾ ਕਿ ਹਿੰਦੂ ਦਾ ਭਾਈ ਹਿੰਦੂ ਹੁੰਦਾ ਅਤੇ ਮੁਸਲਮਾਨ ਦਾ ਭਾਈ ਮੁਸਲਮਾਨ ਪਰ ਤੁਸੀਂ ਕਿਸ ਤਰਾਂ ਦੇ ਇਨਸਾਨ ਹੋ ਅਤੇ ਕਿਸ ਜਾਤ ਨਾਲ ਸੰਬੰਧ ਰੱਖਦੇ ਹੋ...ਕਿਉਂਕਿ ਹਿੰਦੂ ਵੀ ਤੁਹਾਡਾ ਭਾਈ ਹੈ ਅਤੇ ਮੁਸਲਮਾਨ ਵੀ ਤੁਹਾਡਾ ਭਾਈ ਹੈ, ਤਾਂ ਗੁਰੂ ਨਾਨਕ ਦੇਵ ਜੀ ਨੇ ਜਵਾਬ ਦਿੱਤਾ,

"ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡ ਪਰਾਨ।"

(ਇਹ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਹੈ ਭੈਰਓ ੫, ਅੰਗ ੧੧੩੬)

ਇਸ ਲਈ ਇਹ ਮੇਰੇ ਭਾਈ ਹਨ। ਮੈਂ ਚਾਹੁੰਦਾ ਹਾਂ ਕਿ ਮੰਦਰ ਕੋਲ ਮਸੀਤ ਆਵੇ, ਆਰਤੀ ਕੋਲ ਸਿਜਦਾ ਆਵੇ, ਬਰਤ ਕੋਲ ਰੋਜ਼ਾ ਆਵੇ, ਬਲੀ ਕੋਲ ਕੁਰਬਾਨੀ ਆਵੇ ਤਾਂ ਕਿ ਅਸੀਂ ਸਾਰੇ ਮਿਲ ਕੇ ਭਾਈ-ਭਾਈ ਬਣ ਕੇ ਜਗਤ ਜੀਵਾਂ ਤੇ ਦਯਾ ਕਰੀਏ ਤੇ ਸੱਚ ਦੀ ਪਹਿਚਾਣ ਕਰੀਏ।

ਐਸੇ ਬੋਲ ਸੁਣ ਕੇ ਉੱਚ ਜਾਤੀ ਦੇ ਲੋਕਾਂ ਦੇ ਐਸ਼ੋ ਅਰਾਮ ਨੂੰ ਸੱਟ ਵੱਜ ਰਹੀ ਸੀ। ਉਹ ਜਿਨ੍ਹਾਂ ਸ਼ੂਦਰਾਂ ਦੇ ਸਿਰ ਤੇ ਮੌਜਾਂ ਕਰਦੇ ਸਨ ਉਹਨਾਂ ਨੂੰ ਭਾਈ ਬਣਾਉਣਾ ਬਹੁਤ ਔਖਾ ਸੀ। ਇਸ ਲਈ ਇਹਨਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਭੂਤਨਾ, ਬੇਤਾਲਾ, ਕੁਰਾਹੀਆ ਤੇ ਧੁਮਾਣਾ ਕਹਿਣਾ ਸ਼ੁਰੂ ਕਰ ਦਿੱਤਾ ਤਾਂ ਕਿ ਸੁਣਨ ਵਾਲੇ ਗੁਰੂ ਨਾਨਕ ਦੀ ਗੱਲ ਵੱਲ ਧਿਆਨ ਨਾ ਦੇਣ ਅਤੇ ਇਹਨਾਂ ਬ੍ਰਾਹਮਣਾਂ ਦਾ ਕੰਮ ਇਸੇ ਤਰਾਂ ਚੱਲਦਾ ਰਹੇ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਪ੍ਰਚਾਰ ਪੱਕੀਆਂ ਨੀਹਾਂ 'ਤੇ ਸ਼ੁਰੂ ਕੀਤਾ ਸੀ। ਥਾਂ-ਥਾਂ ਸਾਧ ਸੰਗਤ ਅਸਥਾਪਨ ਕੀਤੇ, ਜਿੱਥੇ ਭਾਈ ਮਰਦਾਨੇ ਨੇ ਕੀਰਤਨ ਕਰਨਾ ਉੱਥੇ ਭਾਈ ਬਾਲੇ ਨੇ ਕੜਾਹ-ਪ੍ਰਸ਼ਾਦ ਅਤੇ ਲੰਗਰ ਆਦਿ ਦਾ ਇੰਤਜ਼ਾਮ ਕਰਨਾ ਤੇ ਗੁਰੂ ਜੀ ਨੇ ਛੂਆ-ਛੂਤ ਦੇ ਵਿਰੋਧ ਵਿੱਚ ਉਪਦੇਸ਼ ਦੇਣਾ, ਫਿਰ ਉੱਥੇ ਹੀ ਬੈਠ ਕੇ ਇੱਕ ਪਾਸੇ ਭਾਈ ਬਾਲਾ ਜੀ ਅਤੇ ਦੂਜੇ ਪਾਸੇ ਭਾਈ ਮਰਦਾਨਾ ਜੀ ਅਤੇ ਸਾਰੀ ਸੰਗਤ ਨੇ ਇੱਕ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਦਾ ਅਵਸਰ ਪ੍ਰਾਪਤ ਕਰਨਾ।

ਇਸ ਪ੍ਰਸਾਰ ਦੇ ਕੁਦਰਤੀ ਸਿੱਟੇ ਵਜੋਂ ਉੱਚੀ-ਨੀਵੀਂ ਜਾਤ ਦੇ ਵਿਤਕਰੇ ਮਿਟ ਕੇ ਇੱਕ ਸਾਂਝੀਵਾਲਤਾ ਭਾਈਚਾਰਕ ਜਮਾਤ ਬਣਨ ਲੱਗ ਪਈ। ਸਦੀਆਂ ਤੋਂ ਸਹਿਮੀ ਹੋਈ ਸ਼ੂਦਰ ਮਿਥੀ ਹੋਈ ਸ਼੍ਰੇਣੀ ਜਾਗ ਕੇ ਸਹੀ ਮਨੁੱਖਤਾ ਨੂੰ ਸਮਝਣ ਲੱਗ ਪਈ। ਇਹਨਾਂ ਲੋਕਾਂ ਦਾ ਵੀ ਧੌਣ ਉੱਚੀ ਕਰ ਕੇ ਤੁਰਨ ਦਾ ਹੌਂਸਲਾ ਬਣਨ ਲੱਗ ਪਿਆ। ਜਿਹੜੇ ਇੱਥੇ ਭੁੱਖ-ਨੰਗ ਤੇ ਅੱਤਿਆਚਾਰ ਹੇਠ ਦੱਬ ਕੇ ਇਸ ਜਨਮ ਨੂੰ ਨਰਕ ਸਮਝੀ ਬੈਠੇ ਸਨ ਤੇ ਇਸ ਜਨਮ ਦੀ ਬਾਜੀ ਹਾਰੀ ਹੋਈ ਜਾਣ ਕੇ ਅਗਲੇ ਜਨਮ ਦੀਆਂ ਆਸਾਂ ਤੇ ਹੀ ਜਨਮ ਕੱਟ ਰਹੇ ਸਨ ਉਹਨਾਂ ਨੂੰ ਯਕੀਨ ਬਣਨ ਲੱਗ ਪਿਆ ਕਿ ਪ੍ਰਮਾਤਮਾ ਗੁਰੂ ਨਾਨਕ ਦੇ ਰੂਪ ਵਿੱਚ ਆਇਆ ਹੈ ਜਿਨ੍ਹਾਂ ਦੇ ਉਪਦੇਸ਼ ਸਨ ਕਿ 'ਕਿਰਤ ਕਰੋ, ਨਾਮ ਜੱਪੋ, ਵੰਡ ਛਕੋ। ਬੰਦਗੀ ਤੇ ਧਰਮ ਦੀ ਕਿਰਤ ਅਤੇ ਖਲਕਤ ਨਾਲ ਪਿਆਰ ਦਾ ਸਦਕਾ ਇੱਥੇ ਹੀ ਸਵਰਗ ਭਾਵ ਬਹਿਸ਼ਤ ਬਣ ਸਕਦਾ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ

ਦੂਜੀ ਗੱਲ ਇਹ ਕਿ ਖਾਲਸੇ ਦੇ ਮਹਿਲ ਦੀ ਨੀਂਹ ਨੂੰ ਹੋਰ ਮਜ਼ਬੂਤ ਕਰਾਉਣ ਲਈ ਸਾਹਿਬ ਸ਼੍ਰੀ ਗੁਰੂ ਅੰਗਦ ਦੇਵ ਜੀ ਨੂੰ ਜੋ ਆਦਰਸ਼ ਗੁਰੂ ਨਾਨਕ ਦੇਵ ਜੀ ਨੇ ਬਖਸ਼ੇ, ਨਵ ਜੰਮੇ ਸਿੱਖ ਬੱਚੇ ਨੂੰ ਵਰਣ ਵੰਡ ਦੇ ਵਿਤਕਰੇ ਨੂੰ ਦੂਰ ਕਰਨ ਦੇ ਯਤਨ ਗੁਰੂ ਅੰਗਦ ਦੇਵ ਜੀ ਨੇ ਆਰੰਭੇ। ਜਿਹੜੇ ਮਨੁੱਖ ਹਰ ਵੇਲੇ ਦੀ

ਦੁਰਕਾਰ ਅਤੇ ਝਾੜ-ਝੰਭ ਨਾਲ ਸਹਿਮ ਹੇਠ ਹਰ ਵੇਲੇ ਦੱਬੇ ਰਹਿੰਦੇ ਸਨ, ਉਨ੍ਹਾਂ ਨੂੰ ਆਪਣੇ ਮਨੁੱਖ ਹੋਣ ਉੱਪਰ ਹੀ ਯਕੀਨ ਨਹੀਂ ਸੀ ਰਿਹਾ। ਜਿੰਦ ਹੀਣ ਚੀਜਾਂ ਅਤੇ ਪਸ਼ੂਆਂ ਵਾਂਗ ਉਹ ਆਪਣੇ ਜ਼ਾਬਰ ਮਾਲਕ ਦੀ ਕਾਰ ਕਰੀ ਜਾਣਾ ਹੀ ਆਪਣੀ ਹੋਂਦ ਸਮਝਦਾ ਸੀ। ਜਾਤਿ ਅਭਿਮਾਨੀਆਂ ਨੇ ਕਰੋੜਾਂ ਸ਼ੂਦਰ ਅਖਵਾਉਂਦੇ ਲੋਕਾਂ ਨੂੰ ਇਸ ਅਧੋਗਤੀ ਤਕ ਅਪੜਾ ਦਿੱਤਾ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਨੇ ਲੰਗਰ ਵਿੱਚ ਹੋ ਰਹੇ ਪਿਆਰ ਭਰੇ ਸਲੂਕ ਨਾਲ ਨੀਵੇਂ-ਮਿੱਧੇ ਗਏ ਬੰਦਿਆਂ ਅੰਦਰ ਨਵੀਂ ਜਿੰਦ ਪਾ ਦਿੱਤੀ ਸੀ। ਉਨ੍ਹਾਂ ਦੇ ਅੰਦਰ ਮਨੁੱਖਤਾ ਦਾ ਨਵਾਂ ਅਹਿਸਾਸ ਜਾਗ ਪਿਆ ਸੀ। ਅਜਿਹੇ ਹਾਲਾਤ ਬਣ ਗਏ ਸਨ ਕਿ ਸ਼ੂਦਰ ਅਖਵਾਂਉਦੇ ਬੰਦੇ-ਆਪਣੇ ਆਪ ਨੂੰ ਪੰਡਿਤ-ਬ੍ਰਾਹਮਣਾਂ ਤੋਂ ਘੱਟ ਨਹੀ ਸੀ ਸਮਝਦੇ। ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਵਧਦੇ ਪ੍ਰਤਾਪ ਦਾ ਜ਼ਿਕਰ ਪਾਤਸ਼ਾਹ ਦੇ ਰਬਾਬੀ ਭਾਈ ਬਲਵੰਤ ਜੀ ਅਤੇ ਭਾਈ ਸੱਤਾ ਜੀ ਨੇ ਵਾਰ ਗਾਇਣ ਕਰਦੇ ਹੋਏ ਤੀਸਰੀ ਪਉੜੀ ਵਿੱਚ ਇਹ ਬਚਨ ਕੀਤੇ ਸਨ ਕਿ ਸਾਹਿਬ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿੱਚ ਘਿਉ ਵਾਲੀ ਖੀਰ ਗੁਰੂ ਕੇ ਮਹਿਲ ਵਿੱਚ ਮਾਤਾ ਖੀਵੀ ਜੀ ਜਦੋਂ ਆਪਣੇ ਪਿਆਰੇ ਸਿੱਖਾਂ ਨੂੰ ਛਕਾਉਂਦੇ ਸਨ ਤਾਂ ਇਹ ਬਿਨਾਂ ਕਿਸੇ ਵਿਤਕਰੇ ਦੇ ਵਰਤਾਈ ਜਾਂਦੀ ਸੀ। ਗੁਰੂ ਕੇ ਸਿੱਖਾਂ ਦੇ ਮੂੰਹਾਂ ਤੇ ਲੱਲੀ ਚੜ੍ਹਦੀ ਸੀ, ਜਦੋਂ ਉਹ ਲੰਗਰ ਵਿੱਚ ਸਭਨਾ ਨਾਲ ਪਿਆਰ ਭਰਿਆ ਸਲੂਕ ਕਰਦੇ ਸਨ। ਪਰ ਦੂਜੇ ਪਾਸੇ ਜਾਤ-ਅਭਿਮਾਨੀ ਲੋਕਾਂ ਦੇ ਮੂੰਹਾਂ ਉੱਤੇ ਪਿਲਕਣ ਆਉਦੀ ਜਾਂਦੀ ਸੀ।

ਇੱਕ ਵਾਰੀ ਖਡੂਰ ਦੇ ਇਲਾਕੇ ਵਿੱਚ ਮੀਂਹ ਨਾ ਪਿਆ ਤਾਂ ਜਾਤਿ-ਅਭਿਮਾਨੀਆਂ ਨਾਲ ਇੱਕ ਤੱਪਾ ਸ਼ਿਵ ਨਾਥ ਵੀ ਰਲ ਗਿਆ ਅਤੇ ਉੱਥੇ ਦੇ ਜੱਟ ਜਿਮੀਂਦਾਰਾਂ ਨੂੰ ਭੜਕਾਉਣ ਲਗ ਪਿਆ ਕਿ ਜਿੱਥੇ ਸ਼ਾਸਤਰਾਂ ਦੀ ਮਰਿਯਾਦਾ ਨੂੰ ਭੰਗ ਕਰਕੇ ਸ਼ੂਦਰਾਂ ਨੂੰ ਬ੍ਰਾਹਮਣਾਂ ਨਾਲ ਬਿਠਾ ਕੇ ਭੋਜਣ ਛਕਾਏ ਜਾਣ, ਜਿੱਥੇ ਸੰਤਾਂ-ਸਾਧਾਂ ਨੂੰ ਛੱਡ ਕੇ ਗ੍ਰਹਿਸਥੀਆਂ ਦੇ ਅੱਗੇ ਸਿਰ ਝੁਕਾਏ

ਜਾਣ, ਉੱਥੇ ਹੁਣ ਤਾਂ ਸਿਰਫ ਮੀਂਹ ਪੈਣਾ ਹੀ ਬੰਦ ਹੋਇਆ ਹੈ, ਅੱਗੇ ਆਉਣ ਵਾਲੇ ਸਮੇਂ ਵਿੱਚ ਤਾਂ ਕਾਲ ਵੀ ਪਵੇਗਾ। ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਇਸ ਗ੍ਰਹਿਸਥੀ ਗੁਰੂ ਦਾ ਮੰਜਾ ਚੁੱਕ ਕੇ ਪਿੰਡ ਤੋਂ ਬਾਹਰ ਕੱਢ ਦੇਵੋ।

ਜੱਟਾਂ ਨੇ ਓਵੇਂ ਹੀ ਕੀਤਾ ਪਰ ਮੀਂਹ ਫਿਰ ਵੀ ਨਾ ਪਿਆ। ਉਸ ਸਮੇਂ[1] ਬਾਬਾ ਅਮਰ ਦਾਸ ਜੀ ਦੀ ਰਸਨਾਂ ਤੋਂ ਬਚਨ ਆਇਆ ਕਿ ਜਿਸ ਤਪੇ ਨੇ ਗੁਰੂ ਨੂੰ ਪਿੰਡੋਂ ਬਾਹਰ ਕਢਵਾਇਆ ਹੈ ਉਸ ਨੂੰ ਬੈਲਾਂ (ਬਲਦਾਂ) ਪਿੱਛੇ ਪਾ ਕੇ ਜਿਹੜਾ ਵੀ ਜੱਟ ਆਪਣੇ ਖੇਤਾਂ ਵਿੱਚ ਲੈ ਜਾਵੇਗਾ, ਉੱਥੇ ਹੀ ਮੀਂਹ ਪਵੇਗਾ। ਸਾਰੇ ਖੇਤਾਂ ਵਿੱਚ ਤਪੇ ਨੂੰ ਫੇਰਨ ਵਿੱਚ ਜੇ ਦੇਰੀ ਵੀ ਹੋਵੇ ਤਾਂ ਜਿੱਥੇ ਤਪੇ ਦੀ ਇੱਕ ਹੱਡੀ ਵੀ ਚਲੀ ਜਾਵੇਗੀ, ਉੱਥੇ ਵੀ ਮੀਂਹ ਪੈ ਜਾਵੇਗਾ। ਜੱਟਾਂ ਨੇ ਉਸੇ ਤਰ੍ਹਾਂ ਹੀ ਕੀਤਾ ਅਤੇ ਫਿਰ ਮੀਂਹ ਪੈ ਗਿਆ ਅਤੇ ਸਾਰੇ ਜਿਮੀਂਦਾਰਾਂ ਨੇ ਗੁਰੂ ਅੰਗਦ ਦੇਵ ਜੀ ਪਾਸੋਂ ਮੁਆਫੀ ਮੰਗੀ ਤੇ ਫਿਰ ਆਪਣੇ ਹੱਥਾਂ ਨਾਲ ਮੰਜਾ ਚੁੱਕ ਕੇ ਖਡੂਰ ਸਾਹਿਬ ਲਿਆਂਦਾ ਸੀ।

ਇਸ ਖਾਲਸੇ ਅੰਦਰ ਇੱਕ ਹੋਰ ਤਾਕਤ ਭਰੀ ਨਿਡਰਤਾ ਵਾਲੀ ਮਿਸਾਲ ਮਿਲਦੀ ਹੈ ਕਿ ਜਦੋਂ 'ਹਮਾਯੂੰ' ਹਾਰ ਖਾ ਕੇ ਵਾਪਸ ਜਾ ਰਿਹਾ ਸੀ ਤਾਂ ਉਸ ਨੇ ਗੁਰੂ ਅੰਗਦ ਦੇਵ ਜੀ ਰੱਬੀ ਰੰਗ ਵਿਚ ਨੇਤਰ ਬੰਦ ਕਰਕੇ ਬੈਠੇ ਸਨ, ਸਭ ਲੋਕ ਹਮਾਯੂੰ ਦੇ ਆਉਣ ਤੇ ਉਠ ਕੇ ਹੱਥ ਜੋੜ ਕੇ ਖੜੇ ਹੁੰਦੇ ਸੀ ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਸ ਦੀ ਕੋਈ ਪ੍ਰਵਾਹ ਨਾ ਕੀਤੀ ਵੇਪ੍ਰਵਾਹ ਦੇ ਰੰਗ ਵਿੱਚ ਰੱਤੇ ਰਹੇ ਉਸਨੇ ਆਪਣੀ ਤੌਹੀਨ ਸਮਝ ਕੇ ਗੁਰੂ ਜੀ ਉੱਪਰ ਤਲਵਾਰ ਖਿੱਚ ਲਈ। ਗੁਰੂ ਜੀ ਨੇ ਬੇਧੜ੍ਹਕ ਹੋ ਕੇ ਆਖਿਆ ਕਿ ਹਮਾਯੂੰ, ਜਿੱਥੇ ਤਲਵਾਰ ਦਿਖਾਉਣੀ ਸੀ ਉੱਥੋਂ

1. "ਗੁਰੂ ਅਮਰ ਦਾਸ ਉਸ ਸਮੇਂ ਸਿੱਖ ਰੂਪ ਵਿੱਚ ਸਨ ਕਿਉਂਕਿ ਉਸ ਸਮੇਂ ਗੁਰੂ ਤਾਂ ਗੁਰੂ ਅੰਗਦ ਦੇਵ ਜੀ ਮਹਾਰਾਜ ਹੀ ਸਨ। ਇਸ ਸਿੱਖ ਕੋਲੋਂ (ਗੁਰੂ ਅਮਰ ਦਾਸ ਜੀ) ਆਪਣੇ ਗੁਰੂ ਦੀ ਬੇਅਦਬੀ ਨਹੀਂ ਝੱਲੀ ਗਈ ਸੀ। ਇਸ ਲਈ ਤਪੇ ਨੂੰ ਇਸ ਸਿੱਖ ਨੇ ਸ਼ਰਾਪ ਦੇ ਦਿੱਤਾ ਸੀ। ਇਹ ਵੀ ਗੁਣ ਆਪਣੇ ਸਿੱਖ ਵਿੱਚ ਭਰਨਾ ਸੀ ਕਿ ਸਾਡੇ ਗੁਰੂ ਜੀ ਵੱਲ ਕੋਈ ਮਾੜੀ ਅੱਖ ਨਾਲ ਨਾ ਵੇਖੇ ਨਹੀਂ ਤਾਂ ਇੰਝ ਵੀ ਕਰ ਸਕਦੇ ਹਨ"।

ਤਾਂ ਕਾਇਰਾਂ ਦੀ ਤਰ੍ਹਾਂ ਭੱਜ ਆਇਆਂ ਏ, ਤੇ ਤੂੰ ਇਥੇ ਤਲਵਾਰ ਦਿਖਾ ਕੇ ਬਹਾਦਰੀ ਦਿਖਾ ਰਿਹਾ ਹੈ। ਤਾਂ ਗੁਰੂ ਜੀ ਦੀ ਗੱਲ ਸੁਣ ਕੇ ਉਹ ਬਹੁਤ ਸ਼ਰਮਸਾਰ ਹੋਇਆ ਤੇ ਭੱਜ ਗਿਆ।

ਸਾਰੇ ਸਿੱਖਾਂ ਨੇ ਗੁਰੂ ਜੀ ਅੱਗੇ ਸੀਸ ਝੁਕਾਇਆ ਤੇ ਆਖਿਆ ਕਿ ਉਹੀ ਜੋਤ ਜਿਹੜੀ ਬਾਬਰ ਨੂੰ ਜਾਬਰ ਕਹਿੰਦੀ ਸੀ ਉਸੇ ਜੋਤ ਦੇ ਅੱਜ ਫਿਰ ਦਰਸ਼ਨ ਹੋਏ ਹਨ। ਇਹਨਾਂ ਲੋਕਾਂ ਨੇ ਗੁਰੂ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਵਰਨ-ਵੰਡ ਦਾ ਡੱਟ ਕੇ ਮੁਕਾਬਲਾ ਕੀਤਾ। ਬ੍ਰਾਹਮਣ ਦੀ ਸੁਆਰਥ ਭਰੀ ਵਰਨ-ਵੰਡ ਦੇ ਕਾਰਣ ਸ਼ੁਦਰ ਅਖਵਾਂਉਦੇ ਲੋਕ ਹਿੰਦੂ ਧਰਮ ਵਲੋਂ ਬੇ-ਦਿਲ ਹੋ ਰਹੇ ਸਨ। ਝਨਾਬ ਦਰਿਆ ਤੋਂ ਪਾਰ ਤਕ ਦੇ ਲੋਕ ਤਾਂ ਇਸ ਵਰਨ-ਵੰਡ ਤੋਂ ਮੁੱਖ ਮੋੜ ਗਏ ਸਨ ਤੇ ਇਹ ਪਾਸਾ ਹੀ ਛੱਡ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਪ੍ਰਚਾਰ ਆਰੰਭਿਆ। ਰਾਵੀ ਦਰਿਆ ਦੇ ਪਰਲੇ ਕੰਢੇ ਡੇਰਾ ਲਾਇਆ ਅਤੇ 18 ਸਾਲ ਤਕ ਉਸ ਇਲਾਕੇ ਦੇ ਪਿੰਡਾਂ ਅਤੇ ਨਗਰਾਂ ਦੇ ਘਬਰਾਏ ਹੋਏ ਲੋਕਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਸਿਖਾਉਂਦੇ ਰਹੇ।

ਗੁਰੂ ਨਾਨਕ ਦੇਵ ਜੀ ਇਸ ਦੌਰਾਨ ਰਾਵੀ-ਬਿਆਸ ਦੇ ਇਲਾਕੇ ਵਿੱਚ ਵੀ ਆਉਂਦੇ ਰਹੇ। ਹੁਣ ਮਾਝੇ ਵਿੱਚ ਇਸ ਪ੍ਰਚਾਰ ਨੂੰ ਜਾਰੀ ਰੱਖਣ ਦਾ ਕੰਮ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁਰਦ ਹੋਇਆ ਜੋ ਗੁਰੂ ਜੀ ਨੇ ਤਕਰੀਬਨ 12-13 ਸਾਲ ਨਿਭਾਇਆ। ਲੋਕਾਂ ਨੂੰ ਵਰਨ-ਵੰਡ ਦੇ ਜੂਲੇ ਹੇਠੋਂ ਕਢਣਾ ਅਤੇ ਪੈਰਾਂ ਹੇਠ ਲਤਾੜਦੇ ਤੇ ਸ਼ੂਦਰ ਅਖਵਾਉਂਦੇ ਲੋਕਾਂ ਵਿੱਚ ਮਨੁੱਖਤਾ ਅਤੇ ਸਵੈ-ਮਾਣ ਦਾ ਅਹਿਸਾਸ ਕਰਾਉਣਾ ਹੀ ਉਸ ਸਮੇਂ ਦੀ ਸਭ ਤੋਂ ਵੱਡੀ ਲੋੜ ਸੀ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਇਸ ਪਾਸੇ ਵੱਲ ਖਾਸ ਧਿਆਨ ਦਿੱਤਾ।

ਸ੍ਰੀ ਗੁਰੂ ਅਮਰਦਾਸ ਜੀ

ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਚੱਲੀਆਂ ਆ ਰਹੀਆਂ ਬੋਸੀਦਾ ਰਸਮਾਂ ਨੂੰ ਇੱਕ ਸਿਰੇ ਤੋਂ ਹੀ ਨਕਾਰ ਦਿੱਤਾ।

ਵਰਨ-ਵੰਡ, ਜਾਤ-ਪਾਤ ਅਤੇ ਜਾਤ ਅਭਿਮਾਨੀਆਂ ਨੂੰ ਮੂਰਖ ਤੇ ਗਵਾਰ ਆਖਿਆ:-

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤ ਵਿਕਾਰਾ॥ ਰਹਾਉ॥
(ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧, ਅੰਗ ੧੧੨੭)

ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੇ ਦਿੱਤੇ ਉਪਦੇਸ਼ ਕਿ ਵੰਡ-ਛਕਣ ਭਾਵ ਲੰਗਰ ਦੀ ਮਰਿਯਾਦਾ ਨੂੰ ਸਰਬ ਉੱਚਤਾ ਅਤੇ ਪਹਿਲ ਦਿੱਤੀ ਗਈ। ਭਾਵ ਪਹਿਲਾਂ ਪੰਗਤ ਫਿਰ ਸੰਗਤ। ਪਹਿਲਾਂ ਪੰਗਤ ਵਿੱਚ ਬੈਠ ਕੇ ਊਚ-ਨੀਚ ਦੇ ਵਿਤਕਰੇ ਨੂੰ ਛੱਡ ਦਿਉ ਫਿਰ ਗੁਰੂ ਦੀ ਸੰਗਤ ਦਾ ਫਲ ਮਨੁੱਖ ਦੀ ਝੋਲੀ ਵਿਚ ਜ਼ਰੂਰ ਪਵੇਗਾ। ਜੇ ਮਨੁੱਖ ਦੇ ਮਨ ਵਿੱਚ ਵਿਤਕਰੇ ਦੀ ਦੀਵਾਰ ਬਣੀ ਹੋਈ ਹੈ ਤਾਂ ਕਿੰਨਾ ਸਮਾਂ ਵੀ ਸੰਗਤ ਕਰਦਾ ਰਹੇ ਪਰ ਨਾਮ ਦਾ ਫਲ ਨਹੀਂ ਮਿਲ ਸਕਦਾ।

ਗੁਰੂ ਸਾਹਿਬ ਜੀ ਨੇ ਸਮਾਜ ਤੇ ਧਰਮ ਵਿੱਚ ਆਈਆਂ ਹੋਈਆਂ ਕੁਰੀਤੀਆਂ ਨੂੰ ਆਪਣੀ ਪ੍ਰਬਲ ਵਿਚਾਰਧਾਰਾ ਨਾਲ ਦੂਰ ਕੀਤਾ। ਜਿੱਥੇ ਮਨੁੱਖ ਦੇ ਅੰਦਰ ਸਵੈ-ਮਾਣ ਪਾਇਆ ਉਥੇ ਇਸਤ੍ਰੀ ਜਾਤ ਵਿੱਚ ਵੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਪਾਏ।

ਮਹਲਾ ੧

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ, ਭੰਡਿ ਹੋਵੈ ਬੰਧਾਨ॥
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਵਾਲੇ ਉਪਦੇਸ਼ ਦ੍ਰਿੜ ਕਰਵਾਏ ਅਤੇ ਇਹ ਵੀ ਦੱਸਿਆ ਕਿ ਇਸਤ੍ਰੀ ਕੋਈ ਵਸਤੂ ਨਹੀ ਹੈ ਪਰਦੇ ਵਿੱਚ ਢੱਕ ਕੇ ਰੱਖਿਆ ਜਾਵੇ। ਘੁੰਢ ਕੱਢਣ ਨੂੰ ਵਰਜਿਤ ਕੀਤਾ। ਇਹ ਵੀ ਦੱਸਿਆ ਕਿ ਜਿਸ ਇਸਤ੍ਰੀ ਦੀ ਅੱਖ ਵਿੱਚ ਸ਼ਰਮ ਨਹੀਂ ਉਸ ਦੀ ਵਿਚਾਰ ਧਾਰਾ ਨੂੰ ਕੋਈ ਵੀ ਘੁੰਢ ਨਹੀਂ ਬਦਲ ਸਕਦਾ। ਸੰਗਤ ਕਰਨ ਵਾਲੀਆਂ ਬੀਬੀਆਂ ਨੂੰ ਹੁਕਮ ਦਿੱਤਾ ਕਿ ਸੰਗਤ ਵਿੱਚ ਘੁੰਢ

ਨਹੀਂ ਕੱਢਣਾ ਬਲਕਿ ਜੇ ਘੁੰਢ ਕੱਢਣਾ ਹੈ ਤਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਕੱਢਣ ਦਾ ਹੁਕਮ ਦਿੱਤਾ।

ਇਸ ਤੋਂ ਇਲਾਵਾ ਉਸ ਸਮੇਂ ਇੱਕ ਬਹੁਤ ਵੱਡੀ ਸਮਾਜਿਕ ਬੁਰਿਆਈ ਸੀ ਜੋ ਸਤੀ-ਪ੍ਰਥਾ ਦੇ ਨਾਮ ਨਾਲ ਪ੍ਰਚਲਿਤ ਸੀ ਅਰਥਾਤ ਜਦੋਂ ਕਿਸੇ ਇਸਤ੍ਰੀ ਦਾ ਪਤੀ ਮਰ ਜਾਂਦਾ ਸੀ ਤੇ ਜਦੋਂ ਉਸ ਦੀ ਦੇਹ ਦਾ ਸੰਸਕਾਰ ਕੀਤਾ ਜਾਂਦਾ ਸੀ ਤਾਂ ਉਸ ਦੀ ਚਿਖਾ ਵਿੱਚ ਉਸ ਦੀ ਪਤਨੀ ਨੂੰ ਜਿਉਂਦਾ ਹੀ ਸਾੜ ਦਿੱਤਾ ਜਾਂਦਾ ਸੀ। ਇਸ ਪ੍ਰਥਾ ਨੂੰ ਸਮਾਜ ਨੇ ਸਤੀ ਪ੍ਰਥਾ ਦਾ ਨਾਮ ਦਿੱਤਾ ਹੋਇਆ ਸੀ ਜੋ ਇੱਕ ਬਹੁਤ ਹੀ ਦਰਦਨਾਕ ਤੇ ਭਿਆਨਕ ਸਮਾਜਿਕ ਕੁਰੀਤੀ ਸੀ। ਇਸ ਕੁਰੀਤੀ ਨੂੰ ਗੁਰੂ ਅਮਰਦਾਸ ਜੀ ਨੇ ਠੱਲ੍ਹ ਪਾਈ ਤੇ ਆਖਿਆ :-

ਸਤੀਆ ਏਹਿ ਨਾ ਆਖੀਅਨਿ ਜੋ ਮੜਿਆ ਲਗਿ ਜਲੰਨਿ॥

(ਸਲੋਕ ੩, ਅੰਗ ੭੮੭)

ਗੁਰੂ ਸਾਹਿਬ ਜੀ ਨੇ ਇਸ ਪ੍ਰਥਾ ਨੂੰ ਪੂਰੀ ਤਰਾਂ ਰੋਕ ਪਾਈ ਅਤੇ ਇਸ ਬੁਰਿਆਈ ਤੋਂ ਆਪਣੇ ਸਿੱਖਾਂ ਨੂੰ ਮੁਕਤ ਕੀਤਾ। ਇਸ ਤੋਂ ਬਿਨਾਂ ਹੋਰ ਵੀ ਕਈ ਸਮਾਜਿਕ ਬੁਰਿਆਈਆਂ ਸਨ ਜਿਵੇਂ ਕਈ ਤਰਾਂ ਦੇ ਵਹਿਮ-ਭਰਮ ਭਾਵ ਛਿੱਕ ਮਾਰਨੀ, ਬਿੱਲੀ ਦਾ ਰਸਤਾ ਕੱਟਣਾ, ਜਾਂ ਗਧੇ ਦੇ ਹਿੰਗਣ ਨੂੰ ਬਹੁਤ ਮਾੜਾ ਸਮਝਿਆ ਜਾਂਦਾ ਸੀ। ਇਹਨਾਂ ਸਾਰੀਆਂ ਨੂੰ ਬੁਰਿਆਇਆਂ ਨੂੰ ਗੁਰੂ ਅਮਰਦਾਸ ਜੀ ਮਹਾਰਾਜ ਨੇ ਦੂਰ ਕੀਤਾ ਅਤੇ ਆਪਣੇ ਸਿੱਖਾਂ ਨੂੰ ਸਮਝਾਇਆ ਕਿ ਗਧੇ ਦੇ ਹੀਂਗਣ ਨਾਲ ਜੇ ਮਨੁੱਖ ਦਾ ਕੋਈ ਕੰਮ ਨਹੀਂ ਬਣਦਾ ਤਾਂ ਇਸ ਦਾ ਭਾਵ ਇਹ ਹੈ ਕਿ ਗਧੇ ਨੂੰ ਪਹਿਲਾਂ ਹੀ ਪਤਾ ਹੈ ਕਿ ਮਨੁੱਖ ਦਾ ਕੰਮ ਨਹੀਂ ਬਣਨਾ ਭਾਵ ਗਧਾ ਮਨੁੱਖ ਤੋਂ ਜਿਆਦਾ ਸਿਆਣਾ ਹੋ ਗਿਆ। ਪ੍ਰਮਾਤਮਾ ਦੇ ਬਣਾਏ ਜੀਵ ਜੰਤੂ ਸਾਰੇ ਭਲੇ ਹਨ। ਇਹ ਸ਼ਗਨ-ਅਪਸ਼ਗਨ ਤਾਂ ਉਹਨਾਂ ਨੂੰ ਲਗਦੇ ਹਨ ਜਿਹੜੇ ਪ੍ਰਮਾਤਮਾ ਨੂੰ ਭੁੱਲ ਜਾਂਦੇ ਹਨ।

"ਸਗੁਨ ਅਪਸਗੁਨ ਤਿਸ ਕੋ ਲਗੈ ਜਿਤ ਚੀਤ ਨਾ ਆਵੈ"

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੦੧)

ਗੁਰੂ ਅਮਰ ਦਾਸ ਜੀ ਨੇ ਭਰਮ ਭੇਖ ਨੂੰ ਦੂਰ ਕਰਕੇ ਇਸ ਖਾਲਸੇ ਦੀ ਨੀਂਹ ਨੂੰ ਪੱਕਾ ਕੀਤਾ।

ਸ੍ਰੀ ਗੁਰੂ ਰਾਮਦਾਸ ਜੀ

ਸ੍ਰੀ ਗੁਰੂ ਰਾਮਦਾਸ ਜੀ ਪਾਤਸ਼ਾਹ ਨੇ ਵੀ ਇਹਨਾਂ ਆਦਰਸ਼ਾਂ ਨੂੰ ਲੈ ਕੇ ਜਿੱਥੇ ਲੰਗਰ ਦੀ ਪ੍ਰਥਾ ਨੂੰ ਹਰੀ ਕਾਇਮ ਰੱਖਿਆ, ਉੱਥੇ 'ਉਪਦੇਸ਼ ਚਹੁ ਬਰਨਾ ਕੋ ਸਾਂਝਾ' ਭਾਵ ਧਰਮ ਮੰਦਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਭਾਵ ਕਾਰ ਸੇਵਾ ਆਰੰਭ ਕੀਤੀ ਤੇ ਧਰਮਸ਼ਾਲ ਭਾਵ ਵਿਸ਼ਰਾਮ-ਘਰ ਦੀ ਉਸਾਰੀ ਦਾ ਕੰਮ ਵੀ ਆਰੰਭ ਕੀਤਾ ਜਿਥੇ ਹਰ ਜਾਤ-ਪਾਤ ਦਾ ਮਨੁੱਖ ਰਾਤ ਕੱਟਣ ਲਈ ਠਹਿਰ ਸਕਦਾ ਸੀ। ਗੁਰੂ ਜੀ ਨੇ ਆਪਣੇ ਪਿਆਰੇ ਖਾਲਸੇ ਨੂੰ ਉਪਦੇਸ਼ ਦਿੱਤੇ ਕਿ ਉਹੀ ਸੱਚਾ ਸਿੱਖ ਹੈ ਜੋ ਗੁਰੂ ਅੱਗੇ ਆਪਣਾ ਸੀਸ ਭੇਟ ਕਰਦਾ ਹੈ ਤੇ ਉਹੀ ਸਿੱਖ ਗੁਰੂ ਨੂੰ ਭਾਉਂਦਾ ਹੈ। ਬਾਣੀ ਵਿੱਚ ਦਰਜ ਹੈ-

ਤੁਖਾਰੀ ਛੰਤ ਮਹਲਾ ੪

ਗੁਰ ਪਾਰਸ ਹਮ ਲੋਹ ਮਿਲਿ ਕੰਚਨ ਹੋਇਆ ਰਾਮ॥
ਜੋਤੀ ਜੋਤਿ ਮਿਲਾਇ, ਕਾਇਆ ਗੜ੍ਹ ਸੋਹਿਆ ਰਾਮ॥
ਕਾਇਆ ਗੜ੍ਹ ਸੋਹਿਆ ਮੇਰੈ ਪ੍ਰਭਿ ਮੋਹਿਆ, ਕਿਉ ਸਾਸਿ ਗਿਰਾਸਿ ਵਿਸਾਰੀਐ॥
ਅਦ੍ਰਿਸਟ ਅਗੋਚਰੁ ਪਕੜਿਆ ਗੁਰ ਸਬਦੀ, ਹਉ ਸਤਿਗੁਰ ਕੈ ਬਲਿਹਾਰੀਐ॥
ਸਤਿਗੁਰ ਆਗੈ ਸੀਸ ਭੇਟ ਦੇਉ, ਜੇ ਸਤਿਗੁਰ ਸਾਚੇ ਭਾਵੈ॥
ਆਪੇ ਦਇਆ ਕਰਹੁ ਪ੍ਰਭ ਦਾਤੇ, ਨਾਨਕ ਅੰਕ ਸਮਾਵੈ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੧੩)

ਇਸ ਤਰਾਂ ਗੁਰੂ ਰਾਮਦਾਸ ਜੀ ਮਹਾਰਾਜ ਨੇ ਖਾਲਸੇ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਬਹੁਤ ਅਨਮੋਲ ਉਪਦੇਸ਼ ਦਿੱਤਾ।

ਸ੍ਰੀ ਗੁਰੂ ਅਰਜਨ ਜੀ

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਰਨ-ਵੰਡ ਤੋਂ ਮੁਕਤ ਕੀਤਾ ਉਥੇ ਇਸ ਖਾਲਸੇ ਵੀ ਨੀਂਹ ਵਿੱਚ ਸ਼ਾਤੀ ਦਾ ਰੰਗ ਭਰ ਦਿੱਤਾ। ਤੱਤੀ ਤਵੀ ਤੇ ਬੈਠ ਕੇ ਵੀ ਕੋਈ ਠੰਡਾ ਰਹਿ ਸਕਦਾ ਹੈ ਇਸ ਸ਼ਬਦ ਖਾਲਸੇ ਦੀ ਨੀਂਹ ਵਿੱਚ ਪਾਏ। ਸ੍ਰੀ ਹਰਿਮੰਦਰ ਸਾਹਿਬ, ਅਮ੍ਰਿਤਸਰ ਦੀ ਸੰਪੂਰਨਤਾ ਦੇ ਵਿਚ ਚਾਰ ਦਰਵਾਜੇ ਚਾਰੇ ਵਰਨਾਂ ਦੇ ਲੋਕਾਂ ਲਈ ਬਣਾਏ ਪਰ ਪ੍ਰਮਾਤਮਾ ਦੇ ਘਰ ਜਾਣ ਦਾ ਰਾਹ ਕੇਵਲ ਇੱਕ ਹੀ ਬਣਾਇਆ ਤਾਂ ਕਿ ਚਾਰੇ ਵਰਨਾਂ ਦੇ ਲੋਕਾਂ ਨੂੰ ਸਮਝ ਆ ਜਾਵੇ ਕਿ ਉਹ ਪ੍ਰਮਾਤਮਾ ਇੱਕ ਹੈ ਅਤੇ ਇਹ ਸੰਸਾਰ ਉਸ ਦਾ ਸਾਰ ਪਸਾਰਾ ਹੈ। ਜੇ ਵਰਨ-ਵੰਡ ਜਾਤ-ਪਾਤ ਛੱਡ ਕੇ ਨਾਮ ਜਲ ਅਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਕੇ ਵੇਖੇਂਗਾ ਤਾਂ ਮਨੁੱਖ ਨੂੰ ਰੱਬ ਦੇ ਘਰ ਦਾ ਰਸਤਾ ਇੱਕ ਹੀ ਦਿਖਾਈ ਦੇਵੇਗਾ।

ਸ੍ਰੀ ਗੁਰੂ ਹਰਿਗੋਬਿੰਦ ਜੀ

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਖਾਲਸੇ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਇਹ ਬਚਨ ਕੀਤੇ ਕਿ ਕਿਤੇ ਕੋਈ ਸ਼ਾਤੀ ਨੂੰ ਬੁਜ਼ਦਿਲੀ ਜਾਂ ਕਾਇਰਤਾ ਨਾ ਸਮਝ ਲਵੇ। ਇਸ ਖਾਲਸੇ ਦੀ ਨੀਂਹ ਵਿੱਚ ਸ਼ਾਤੀ ਦਾ ਰੰਗ ਤੇ ਬੀਰ ਰਸ ਭਰ ਦਿੱਤਾ ਪਰ ਇਸ ਬੀਰ ਰਸ ਨੂੰ ਸ਼ਾਤੀ ਵਿੱਚੋਂ ਕੱਢਿਆ ਤਾਂ ਕਿ ਇਹ ਬੀਰ ਰਸ ਸੰਸਾਰ ਦੀ ਸੇਵਾ ਕਰ ਸਕੇ। ਜਿਸ ਅੰਦਰ ਬੀਰ ਰਸ ਪ੍ਰਗਟ ਹੁੰਦਾ ਹੈ ਉਹ ਧਰਮ ਦਾ ਸੇਵਕ ਹੁੰਦਾ ਹੈ, ਕੌਮ ਅਤੇ ਦੇਸ਼ ਦਾ ਰਖਵਾਲਾ ਹੁੰਦਾ ਹੈ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ

ਸਾਹਿਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਖਾਲਸੇ ਦੀ ਨੀਂਹ ਵਿੱਚ ਦੁਖੀਆਂ-ਰੋਗੀਆਂ ਦੀ ਸੇਵਾ ਦਾ ਰੰਗ ਭਰਿਆ ਤੇ ਖਾਲਸੇ ਦੀਆਂ ਜੜ੍ਹਾਂ ਨੂੰ ਮਜਬੂਤ ਕੀਤਾ। ਦਿੱਲੀ ਵਿੱਚ

ਹਿੰਦੂ ਵੀ ਰੋਗੀ ਸਨ ਤੇ ਮੁਸਲਮਾਨ ਵੀ। ਦੁਵਾਈਆਂ, ਦੁਆ ਤੇ ਲੰਗਰ ਸਭ ਨੂੰ ਬਿਨਾਂ ਕਿਸੇ ਵਰਨ-ਵੰਡ ਦੇ ਇਕ ਪੰਗਤ ਵਿੱਚ ਛਕਾਣਾ ਇਹ ਦਾਤ ਖਾਲਸੇ ਦੀ ਨੀਂਹ ਵਿੱਚ ਪਾਈ।

ਸ੍ਰੀ ਗੁਰੂ ਤੇਗ਼ ਬਹਾਦਰ ਜੀ

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਜਿਹੜੇ ਵਰਨ-ਵੰਡ ਕਰਨ ਵਾਲੇ ਪੰਡਿਤ ਸਨ ਉਹ ਆਪ ਜੀ ਦੀ ਸ਼ਰਨ ਵਿੱਚ ਆਏ। ਗੁਰੂ ਜੀ ਨੇ ਦੇਖਿਆ ਕਿ ਸਹਿਮ ਨਾਲ ਨਿਤਾਣੇ ਹੋਏ ਲੋਕ ਕੁਰਬਾਨੀ ਦੇ ਦੱਸੇ ਹੋਏ ਰਾਹ ਉੱਤੇ ਨਹੀਂ ਤੁਰ ਸਕਦੇ ਸਨ। ਪਾਤਸ਼ਾਹ ਨੇ ਇਹ ਜ਼ਰੂਰ ਸਮਝਿਆ ਕਿ ਕਮਜ਼ੋਰਾਂ ਵਿੱਚ ਜਿੰਦ ਪਾਉਣ ਲਈ ਉਹਨਾਂ ਦੀ ਖਾਤਰ ਜ਼ੁਲਮ ਅੱਗੇ ਨਿਡਰ ਹੋ ਕੇ ਆਪਣਾ ਸੀਸ ਪੇਸ਼ ਕੀਤਾ ਜਾਵੇ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਉਮਰ ਉਸ ਸਮੇਂ ਭਾਵੇਂ ਅਜੇ ਅੱਠ ਸਾਲ ਦੇ ਕਰੀਬ ਹੀ ਸੀ ਪਰ ਉਹਨਾਂ ਨੇ ਵੀ ਗੁਰ ਪਿਤਾ ਜੀ ਦੇ ਇਸ ਵਿਚਾਰ ਦੀ ਪ੍ਰਸ਼ੰਸਾ ਕੀਤੀ। ਆਖਰ-ਕਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਆਪਣੇ ਸੀਸ ਦੀ ਕੁਰਬਾਨੀ ਦੇ ਦਿੱਤੀ। ਗੁਰੂ ਸਾਹਿਬ ਜੀ ਦੀ ਸ਼ਹੀਦੀ ਨੇ ਇਤਨੀ ਵੱਡੀ ਕ੍ਰਾਂਤੀ ਲਿਆਂਦੀ ਕਿ ਕੌਮ ਪੂਰਨ ਰੂਪ ਵਿੱਚ ਜਾਗ ਪਈ। ਕੁਰਬਾਨੀ ਦਾ ਜਜ਼ਬਾ ਕੌਮ ਅੰਦਰ ਪ੍ਰਗਟ ਹੋ ਗਿਆ ਇਸ ਦਾ ਨਤੀਜਾ ਇਹ ਹੋਇਆ ਕਿ ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲਣਾ, ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕਰਨਾ, ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਦੇ ਹਵਾਲੇ ਕਰਕੇ ਸ਼ਹੀਦ ਕਰਨਾ ਭਾਵ ਆਪਣੇ ਆਪ ਨੂੰ ਗੁਰੂ ਖਾਤਰ ਕੁਰਬਾਨ ਕਰਨਾ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਖਾਲਸੇ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਸ਼ਹੀਦੀ ਦੀ ਇਕ ਮਿਸਾਲ ਪੈਦਾ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਪੰਥ ਦੀ ਵਾਂਗਡੋਰ ਗੁਰੂ ਹੁਕਮ ਅਨੁਸਾਰ ਸੰਭਾਲੀ। ਉਹੀ ਵੱਡੇ ਸਤਿਗੁਰੂ ਵਾਲੇ ਉਪਦੇਸ਼ ਨੂੰ ਗੁਰੂ ਸਾਹਿਬ ਜੀ ਨੇ ਦ੍ਰਿੜ ਇਰਾਦੇ ਨਾਲ ਜਾਰੀ ਰੱਖਿਆ।

ਅਸੀਂ ਵੇਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂ ਸਾਹਿਬਾਨਾਂ ਨੇ ਆਪਣੇ ਸਾਹਮਣੇ ਮੁੱਖ ਆਦਰਸ਼ ਇਹ ਰੱਖਿਆ ਸੀ ਕਿ ਮਨੁੱਖਤਾ ਨੂੰ ਧਾਰਮਿਕ, ਸਮਾਜਿਕ ਅਤੇ ਰਾਜਸੀ ਬੰਧਨਾ ਤੋਂ ਅਜ਼ਾਦ ਕਰਵਾ ਕੇ ਉਹਨਾਂ ਨੂੰ ਇੱਕ ਮੁੱਠ ਤੇ ਇੱਕ ਜਾਨ ਕਰਕੇ ਇੱਕ ਜਿਉਂਦੀ ਜਾਗਦੀ ਉੱਨਤੀ ਲਈ ਤਾਂਘ ਭਰੀ ਅਜ਼ਾਦੀ ਦਿੱਤੀ ਜਾਵੇ ਭਾਵ ਕੌਮ ਨੂੰ ਇੱਕ ਲੜੀ ਵਿੱਚ ਪ੍ਰੋਅ ਦਿੱਤਾ ਜਾਵੇ।

ਸਾਰੇ ਗੁਰੂ ਸਾਹਿਬਾਨਾਂ ਨੇ ਅਜਿਹੀ ਕੌਮ ਦੀ ਉਸਾਰੀ ਲਈ ਸਮੇਂ-ਸਮੇਂ ਦੀ ਲੋੜ ਤੇ ਹਾਲਾਤ ਮੁਤਾਬਕ ਕੰਮ ਕੀਤੇ ਅਤੇ ਗੁਰੂ ਨਾਨਕ ਦੇਵ ਜੀ ਉਲੀਕੇ ਹੋਏ ਪ੍ਰੋਗਰਾਮ ਨੂੰ ਤੋਰ ਕੇ ਉਹਨਾਂ ਦੇ ਮਿੱਥੇ ਹੋਏ ਆਦਰਸ਼ ਦੀ ਪ੍ਰਾਪਤੀ ਲਈ ਯਤਨ ਕੀਤੇ।

ਗੁਰੂ ਪਾਤਸ਼ਾਹ ਨੇ ਲੋਕਾਂ ਨੂੰ ਸਾਂਝੇ ਤੇ ਇੱਕ ਦੂਜੇ ਦੇ ਭਲੇ ਦੀ ਖਾਤਰ ਰਲਵੇਂ ਉੱਦਮ ਤੇ ਕੁਰਬਾਨੀ ਦੇ ਰਸਤੇ ਦੀ ਜਾਂਚ ਸਿਖਾਈ। ਸਮਾਜ ਵਿੱਚੋਂ ਜਾਤ-ਪਾਤ ਅਤੇ ਵਰਨ-ਵੰਡ ਦੇ ਵਿਤਕਰਿਆਂ ਅਤੇ ਫੋਕਟ ਧਰਮ ਦੇ ਤੋਰੇ ਹੋਏ ਵਾਧੂ ਤੇ ਅਰਥਹੀਣ ਰਸਮਾਂ-ਰਿਵਾਜਾਂ ਅਤੇ ਵਹਿਮਾਂ-ਭਰਮਾਂ ਨੂੰ ਸਹਿਜੇ-ਸਹਿਜੇ ਦੂਰ ਕੀਤਾ ਸੀ। ਨਤੀਜਾ ਇਹ ਹੋਇਆ ਕਿ ਨੀਵੀਆਂ ਜਾਤਾਂ ਵਾਲੇ ਲੋਕ ਧੌਣਾਂ ਉੱਚੀਆਂ ਚੁੱਕ ਕੇ ਤੁਰਨ ਜੋਗੇ ਹੋ ਗਏ ਅਤੇ ਉੱਚੀਆਂ ਜਾਤਾਂ ਦਾ ਜਾਤ-ਅਭਿਮਾਨ ਕਾਫੀ ਹੱਦ ਤਕ ਦੂਰ ਹੋ ਗਿਆ। ਜਾਤ-ਪਾਤ ਦੀਆਂ ਪਈਆਂ ਤ੍ਰੇੜਾਂ-ਵਿੱਥਾਂ ਮਿਟਣ ਲੱਗ ਪਈਆਂ। ਸਫਲਤਾ ਬਹੁਤ ਵੱਡੀ ਮਿਲੀ ਪਰ ਅਜੇ ਚੋਖਾ ਕੁਝ ਕਰਨ ਦੀ ਲੋੜ ਸੀ ਤਾਂ ਹੀ ਮਨੁੱਖਤਾ ਵਿੱਚ ਕੌਮੀ ਏਕਤਾ ਦੇ ਭਾਵ ਅਤੇ

ਅਜ਼ਾਦੀ ਲਈ ਤਾਂਘ ਅਤੇ ਅਜ਼ਾਦੀ ਦੀ ਪ੍ਰਾਪਤੀ ਲਈ ਘਾਲਾਂ ਘਾਲਣ ਤੇ ਕੁਰਬਾਨੀਆਂ ਕਰਨ ਦੀ ਹਿੰਮਤ ਪੈਦਾ ਕੀਤੀ ਜਾ ਸਕਦੀ ਸੀ। ਬਹੁਤ ਸਾਰੇ ਲੋਕ ਅਜੇ ਵੀ ਅਜਿਹੇ ਸਨ ਜਿਹੜੇ ਨਿੱਜੀ ਸੁਆਰਥ ਦੇ ਲਈ ਆਪਣੇ ਭਰਾਵਾਂ ਦੇ ਵਿਰੁੱਧ ਪ੍ਰਦੇਸੀ ਜਾਬਰ-ਜ਼ੁਲਮ ਕਰਨ ਵਾਲੀ ਹਕੂਮਤ ਦਾ ਸਾਥ ਦੇਣੋਂ ਸੰਕੋਚ ਨਹੀਂ ਸਨ ਕਰਦੇ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਦੀ ਪ੍ਰਜਾ ਦੇ ਦਿਲਾਂ ਵਿੱਚ ਕੌਮੀ ਏਕਤਾ ਦੇ ਭਾਵ ਜਗਾਉਣ ਦੇ ਯਤਨ ਕੀਤੇ ਪਰ ਉਹ ਸੱਭੇ ਭਰਮਾਂ-ਵਹਿਮਾਂ ਦੇ ਪੁਰਾਣੇ ਖਿਆਲਾਂ ਵਿੱਚ ਅਜਿਹੇ ਫਸੇ ਹੋਏ ਸਨ ਕਿ ਉਹ ਬ੍ਰਾਹਮਣਾ ਦੇ ਜੁਲ੍ਹੇ ਹੇਠੋਂ ਨਹੀਂ ਸਨ ਨਿਕਲਣਾ ਚਾਹੁੰਦੇ। ਉਹ ਜਾਤਪਾਤ, ਨਸਲ, ਗੋਤ, ਕੁੱਲ ਤੇ ਵੰਸ਼ ਨਾਲ ਸੰਬੰਧਤ ਤੰਗ-ਦਿਲੀ ਵਾਲੇ ਖਿਆਲਾਂ ਦਾ ਤਿਆਗ ਕਰਨ ਜੋਗੇ ਨਹੀਂ ਸਨ। ਉਹ ਤਾਂ ਵੈਰੀ ਨਾਲ ਰਲ ਜਾਣ ਅਤੇ ਆਪਣੇ ਅਜ਼ਾਦੀ ਦਾਤਾ ਨਾਲ ਲੜਾਈ ਕਰਨ ਦੀ ਮੂਰਖਤਾ ਤੋਂ ਬਾਜ ਨਹੀਂ ਸਨ ਆਉਂਦੇ। ਇਸ ਕਰਕੇ ਸ੍ਰੀ ਦਸ਼ਮੇਸ਼ ਪਿਤਾ ਜੀ ਨੂੰ ਯਕੀਨ ਹੋ ਗਿਆ ਕਿ ਰਾਜਸੀ ਖੇਤਰ ਵਿੱਚ ਉੱਨਤੀ ਤਾਂ ਹੀ ਹੋ ਸਕੇਗੀ ਜੇ ਜਨਤਾ ਵਿੱਚ ਆਮ ਜਾਗ੍ਰਿਤੀ ਪੈਦਾ ਕੀਤੀ ਜਾ ਸਕੇ ਅਤੇ ਸਮਾਜਿਕ ਤੇ ਧਾਰਮਿਕ ਬੰਧਨ ਦੱਬਾ-ਸੱਟ ਤੋੜੇ ਜਾ ਸਕਣ। ਇਸ ਕਰਕੇ ਆਪ ਨੇ ਕੌਮ ਉਸਾਰੀ ਦੇ ਪ੍ਰੋਗਰਾਮ ਦੀ ਪੂਰਤੀ ਲਈ ਤੇ ਇਸ ਤਰਾਂ ਸਜੀ ਕੌਮ ਵਿੱਚ ਦੇਸ਼ ਦੀ ਰਾਜਸੀ ਅਜ਼ਾਦੀ ਲਈ ਤਨ, ਮਨ ਅਤੇ ਧਨ ਵਾਰ ਦੇਣ ਦੀ ਸ਼ਕਤੀ ਪੈਦਾ ਕਰਨ ਲਈ ਕੋਈ ਤਕੜਾ ਇਨਕਲਾਬੀ ਕਦਮ ਉਠਾਉਣ ਦਾ ਫੈਸਲਾ ਕੀਤਾ ਕਿ ਖਾਲਸੇ ਦਾ ਰੂਪ ਅਜਿਹਾ ਕਾਇਮ ਹੋਵੇ ਕਿ ਇੱਕ ਸਿੰਘ ਲੱਖਾਂ ਹੋਰਨਾਂ ਵਿੱਚ ਰਲਿਆ ਹੋਇਆ ਵੀ ਝੱਟ ਪਛਾਣਿਆ ਜਾ ਸਕੇ।

ਪਾਤਸ਼ਾਹ ਜੀ ਨੇ ਇਹ ਵੀ ਵੇਖਿਆ ਸੀ ਕਿ ਜਾਤਾਂ-ਵਰਨਾਂ ਦੇ ਸੰਗਲ ਢਿੱਲੇ ਤਾਂ ਹੋ ਗਏ ਸਨ ਪਰ ਅਜੇ ਟੁੱਟੇ ਨਹੀਂ ਸਨ। ਲੋਕ ਗੁਰੂ ਉਪਦੇਸ਼ ਨੂੰ ਮੂੰਹ-ਜ਼ਬਾਨੀ ਮੰਨਦੇ ਹੋਏ ਵੀ ਵਰਤੋਂ

ਵਿੱਚ ਕਮਜ਼ੋਰੀ ਵਿਖਾ ਰਹੇ ਸਨ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਸਾਰੇ ਗੁਰੂ ਸਾਹਿਬਾਨ ਇੱਕ ਅਜਿਹੀ ਕੌਮ ਦੀ ਘਾੜਤ ਘੜਦੇ ਹੋਏ ਆਏ ਤੇ ਉਸਾਰੀ ਕਰਦੇ ਹੋਏ ਆਏ ਸਨ ਜਿਹੜੀ ਰਹਿਣੀ-ਬਹਿਣੀ, ਵਰਤੋਂ-ਵਿਹਾਰ, ਧਾਰਮਿਕ ਵਿਸ਼ਵਾਸ਼ ਤੇ ਜੀਵਨ ਆਦਰਸ਼ਾਂ ਵਿੱਚ ਹੋਰਨਾਂ ਨਾਲੋਂ ਵੱਖਰੀ ਹੋਵੇ, ਜਿਸ ਦੇ ਸੀਨੇ ਵਿੱਚ ਦੇਸ਼ ਤੇ ਦੇਸ਼ ਦੇ ਦੁਖੀਆਂ ਲਈ ਦਰਦ ਅਤੇ ਉਨ੍ਹਾਂ ਦੀ ਸੇਵਾ ਉਨਤੀ ਲਈ ਬੀਰ ਰਸ ਦੀ ਚਾਹ ਵਾਲਾ ਉਤਸ਼ਾਹ ਠਾਠਾਂ ਮਾਰਦਾ ਹੋਵੇ।

ਇਹ ਕੌਮ ਤ੍ਰਿਆਰ ਹੋ ਰਹੀ ਸੀ ਅਤੇ ਆਪਣੀ ਵੱਖਰੀ ਹਸਤੀ ਤੇ ਹੋਂਦ ਦੇ ਸਬੂਤ ਵੀ ਦੇ ਚੁੱਕੀ ਸੀ ਪਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਮਹਿਸੂਸ ਕੀਤਾ ਕਿ ਚਿਰਾਂ ਤੋਂ ਤਿਆਰ ਕੀਤੀ ਜਾ ਰਹੀ ਇਸ ਕੌਮ ਨੂੰ ਸੰਪੂਰਨਤਾ ਤੱਕ ਪਹੁੰਚਾਉਣ ਦੀ ਖਾਤਰ ਵੱਖਰੀ ਸ਼ਕਲ ਤੇ ਵੱਖਰਾ ਰੂਪ ਦੇਣਾ ਅਤਿ ਜ਼ਰੂਰੀ ਸੀ ਕਿਉਂਕਿ ਜੇ ਇਸ ਤਰ੍ਹਾਂ ਨਾ ਕੀਤਾ ਜਾਂਦਾ ਤਾਂ ਨਿੱਤ ਹੀ ਇੱਕ ਖ਼ਤਰਾ ਬਣਿਆ ਰਹਿਣਾ ਸੀ, ਉਹ ਖਤਰਾ ਸੀ ਕਿ ਇਹ ਕੌਮ ਫਿਰ ਉਸੇ ਸਮੁੰਦਰ ਵਿੱਚ ਡੁੱਬ ਕੇ ਗਾਇਬ ਹੋ ਜਾਵੇਗੀ ਜਿਸ ਵਿੱਚੋਂ ਇਸ ਨੂੰ ਕੱਢਣ ਅਤੇ ਵੱਖ ਕਰਨ ਲਈ ਹੁਣ ਤੱਕ ਯਤਨ ਕੀਤੇ ਜਾਂਦੇ ਰਹੇ ਸਨ। ਇਸ ਤੋਂ ਬਿਨਾ ਉੱਚੀ ਰਹਿਣੀ-ਬਹਿਣੀ, ਸੰਤਾਂ ਜਿਹੀ ਪਵਿੱਤਰਤਾ ਤੇ ਸੂਰਮਿਆਂ ਜਿਹੀ ਬੀਰਤਾ ਦੇ ਮਾਲਕਾਂ ਦਾ ਬਾਣਾ ਜੇ ਵੱਖਰਾ ਹੋਵੇਗਾ ਤਾਂ ਝੱਟ-ਪਟ ਦੂਰੋਂ ਹੀ ਪਛਾਣਿਆ ਜਾਣ ਵਾਲਾ ਹੋਵੇਗਾ। ਇਸ ਬਾਣੇ ਦੀ ਲਾਜ-ਨਮੂਜ ਖਾਤਰ ਹੀ ਉਨ੍ਹਾਂ ਨੂੰ ਆਪਣੇ ਉੱਚੇ ਅਸੂਲਾਂ ਉੱਤੇ ਚਲਣਾ ਪਵੇਗਾ। ਜੇ ਉਹ ਐਸਾ ਨਾ ਕਰਨਗੇ ਤਾਂ ਵੇਖਣ ਵਾਲੇ ਕਹਿ ਉਠਣਗੇ ਕਿ ਭਾਈ ! ਸਿੱਖ ਹੋ ਕੇ ਆਹ ਕੰਮ ! ਕਿਉਂ ਬਾਣੇ ਨੂੰ ਲਾਜ ਪਿਆ ਲਾਉਂਦਾ ਐਂ..?

ਇਹਨਾਂ ਵਿਚਾਰਾਂ ਮਗਰੋਂ ਗੁਰੂ ਜੀ ਨੇ ਖਾਲਸਾ ਪੰਥ ਨੂੰ ਸਾਜਣ ਅਤੇ ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਆਰੰਭੇ ਅਤੇ ਹੋਰ ਗੁਰੂ ਸਾਹਿਬਾਨਾਂ ਦੇ ਚਲਾਏ ਪ੍ਰੋਗਰਾਮ ਨੂੰ ਪੂਰਨ ਕਰਨ ਦਾ

ਫੈਸਲਾ ਕਰ ਲਿਆ। ਖਾਲਸੇ ਪੰਥ ਦੀਆਂ ਨੀਹਾਂ ਪੱਕੀਆਂ ਹੋ ਗਈਆਂ ਸਨ। ਬਸ ਹੁਣ ਤਾਂ ਇਹਨਾਂ ਨੀਹਾਂ ਉੱਪਰ ਮਹਿਲ ਦੀ ਉਸਾਰੀ ਹੀ ਆਰੰਭ ਕਰਨੀ ਸੀ।

ਇੱਕ ਹੋਰ ਗੱਲ ਇਹ ਕਿ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖ ਮਾਈ-ਭਾਈ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਸ਼੍ਰੀ ਆਨੰਦਪੁਰ ਸਾਹਿਬ ਵਿੱਖੇ ਆਉਂਦੇ ਸਨ। ਆਉਦਿਆਂ ਹੋਇਆਂ ਨੂੰ ਕਈ ਵਾਰੀ ਰਸਤੇ ਵਿੱਚ ਡਾਕੂ, ਲੁਟੇਰੇ, ਧਾੜਵੀ, ਗੁੱਜਰ ਅਤੇ ਘੇਰ ਕੇ ਲੁੱਟ-ਪੁੱਟ ਲੈਂਦੇ ਸਨ। ਸਿੱਖ ਜਦੋਂ ਪਾਤਸ਼ਾਹ ਕੋਲ ਆ ਕੇ ਸ਼ਿਕਾਇਤ ਕਰਦੇ ਸਨ ਤਾਂ ਜਵਾਬ ਇਹੀ ਮਿਲਦਾ ਸੀ ਕਿ ਮਨੁੱਖਤਾ ਅਤੇ ਕਮਜ਼ੋਰੀ ਦਾ ਮੇਲ ਨਹੀਂ ਹੈ। ਦੂਜਿਆਂ ਉੱਤੇ ਵਧੀਕੀ ਕਰਨੀ ਮਨੁੱਖਤਾ ਤੋਂ ਗਿਰਾਵਟ ਹੈ ਪਰ ਆਪਣੀ ਕਮਜ਼ੋਰੀ ਦੇ ਕਾਰਣ ਦੂਜਿਆਂ ਨੂੰ ਵਧੀਕੀ ਕਰਨ ਦਾ ਮੌਕਾ ਦੇਣਾ ਵੀ ਗਿਰਾਵਟ ਹੈ। ਸ਼ਸਤਰ ਧਾਰੀ ਹੋ ਕੇ ਬਲਵਾਨ ਬਣੋ। ਵੈਰੀ ਵਧੀਕੀ ਕਰਨ ਦੀ ਥਾਂ ਸਤਿਕਾਰ ਕਰੇਗਾ।

ਅਜਿਹੇ ਇਨਸਾਨਾਂ ਦੀ ਜੱਥੇਬੰਦੀ ਜਮਾਤ ਜਦੋਂ ਸ਼ਸਤ੍ਰ ਧਾਰ ਕੇ ਕਰਾਰੇ ਹੱਥ ਵਿਖਾ ਸਕਣ ਦੇ ਸਮੱਰਥ ਹੋ ਜਾਵੇਗੀ ਤਦੋਂ ਹੀ ਜਰਵਾਣਿਆਂ ਦੀਆਂ ਅੱਖਾਂ ਖੁਲ੍ਹ ਸਕਣਗੀਆਂ ਅਤੇ ਉਹ ਮਨੁੱਖਾਂ ਵਿੱਚ ਮਨੁੱਖ ਬਣ ਕੇ ਰਹਿਣ ਦੀ ਜਾਂਚ ਸਿੱਖਣ ਲਈ ਮਜ਼ਬੂਰ ਹੁੰਦੇ ਹਨ।

ਇਸ ਤਰਾਂ ਖਾਲਸਾ ਪੰਥ ਦੀ ਨੀਂਹ ਮਜਬੂਤ ਦੇਖ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਸਾਜਣ ਦਾ ਫੈਸਲਾ ਕਰ ਕੇ ਇਸ ਕਾਰਜ ਲਈ ਸੰਮਤ 1756 ਦੀ ਵਿਸਾਖੀ ਦਾ ਦਿਨ ਨੀਅਤ ਕੀਤਾ।

ਚਾਰ-ਚੁਫ਼ੇਰੇ ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ ਕਿ ਇਸ ਵਾਰ ਦੀ ਵਿਸਾਖੀ ਉੱਤੇ ਖਾਸ ਵੱਡਾ ਤੇ ਉਚੇਚਾ ਜੋੜ ਮੇਲਾ ਹੋਵੇਗਾ। ਇਸ ਲਈ ਸੰਗਤਾਂ ਵੱਧ ਤੋਂ ਵੱਧ ਗਿਣਤੀ ਵਿੱਚ ਸ੍ਰੀ ਆਨੰਦਪੁਰ ਸਾਹਿਬ ਪਹੁੰਚਣ ਅਤੇ ਹਾਜ਼ਰ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਜੀ। ਇਹ ਦਿਨ ਸੀ 30 ਮਾਰਚ ਸੰਨ 1699 ਈ: ਦਾ।

ਖਾਲਸਾ ਪੰਥ ਦੀ ਸਾਜਨਾ

ਪੰਜ ਪਿਆਰਿਆਂ ਦੀ ਚੋਣ

ਪੰਜ ਪਿਆਰਿਆਂ ਦੀ ਚੋਣ ਕਰਨ ਵਾਸਤੇ ਪਾਤਸ਼ਾਹ ਜੀ ਨੇ ਜੋ ਦਿਨ ਚੁਣਿਆ ਸੀ ਉਹ ਸੀ 30 ਮਾਰਚ, 1699 ਈ:, ਦਿਨ ਵੀਰਵਾਰ। ਭਾਵ ਚੰਦ ਦੇ ਹਿਸਾਬ ਨਾਲ ਚੇਤ ਸੁਦੀ ਦਸਵੀਂ, ਪਹਿਲੀ ਵੈਸਾਖ ਸੰਮਤ ੧੭੫੬ ਵਾਲੇ ਦਿਨ। ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਸੀ। ਇਸ ਕਾਰਜ ਲਈ ਇਸ ਦਿਨ ਦੀਆਂ ਤਿਆਰੀਆਂ ਕਈ ਸਾਲ ਪਹਿਲਾਂ ਤੋਂ ਹੀ ਆਰੰਭੀਆਂ ਸਨ। ਕੌਮ ਵਿੱਚ ਪੂਰਨ ਤਬਦੀਲੀ ਵਾਲੇ ਦਿਨ ਦਾ ਇੰਤਜ਼ਾਰ ਕੀਤਾ ਜਾ ਰਿਹਾ ਸੀ। ਸ਼ਸਤਰ ਵਿੱਦਿਆ, ਘੋੜ-ਸਵਾਰੀ ਤੇ ਪੰਜ ਬਾਣੀਆਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਬਾਣੀਆਂ ਸਿੱਖਾਂ ਨੇ ਯਾਦ ਕੀਤੀਆਂ ਸਨ। ਇਹਨਾਂ ਮਹਾਨ ਯੋਧਿਆਂ ਨੇ ਬਹੁਤ ਸਾਰੀਆਂ ਜੰਗਾਂ ਵੀ ਲੜੀਆਂ ਤੇ ਜਿੱਤੀਆਂ ਸਨ। ਗੁਰੂ ਸਾਹਿਬ ਦੀ ਸ਼ਰਨ ਵਿੱਚ ਆਇਆਂ ਨੂੰ ਵੀ ਬਹੁਤ ਸਾਰਾ ਸਮਾਂ ਹੋ ਗਿਆ ਸੀ। ਸਾਰੀ ਕੌਮ ਕ੍ਰਾਂਤੀ ਵਾਲੇ ਦਿਨ ਦਾ ਇੰਤਜ਼ਾਰ ਕਰ ਰਹੀ ਸੀ। ਲੋਹਾ ਪੂਰਾ ਗਰਮ ਹੋ ਕੇ ਲਾਲ ਹੋਇਆ ਪਿਆ ਸੀ। ਬਸ ਹੁਣ ਤਾਂ ਸੱਟ ਮਾਰ ਕੇ ਅਸਲੀ ਮਨੁੱਖ ਭਾਵ ਖਾਲਸ ਮਨੁੱਖ ਦੀ ਘੜ੍ਹਤ ਹੀ ਘੜਨੀ ਸੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਖਾਲਸੇ ਦੀ ਸਾਜਨਾ ਕਈ ਹਜ਼ਾਰਾਂ ਦੀ ਸੰਗਤ ਵਿੱਚ ਕਰਨਾ ਚਾਹੁੰਦੇ ਸਨ। ਇਸ ਕਾਰਜ ਲਈ ਇਹ ਦਿਨ ਚੋਖਾ ਚਿਰ ਪਹਿਲਾਂ ਮਿਥਿਆ ਗਿਆ ਸੀ। ਗੁਰੂ ਜੀ ਦੇ ਉਚੇਚੇ ਹੁਕਮ ਦੀ ਪਾਲਣਾ ਕਰਦੇ ਹੋਏ ਹਜ਼ਾਰਾਂ ਸਿੱਖ ਸ੍ਰੀ ਅਨੰਦਪੁਰ ਸਹਿਬ ਆ ਪਹੁੰਚੇ।

ਵਿਸਾਖੀ ਵਾਲੇ ਦਿਨ ਸ੍ਰੀ ਕੇਸਗੜ੍ਹ ਵਾਲੇ ਸਥਾਨ ਤੇ ਦੀਵਾਨ ਸਜਿਆ। ਤੰਬੂ ਅਤੇ ਕਣਾਤਾਂ ਲੱਗੀਆਂ ਹੋਈਆਂ ਸਨ। ਅੰਮ੍ਰਿਤ ਵੇਲਾ ਹੋਇਆ। ਪਹਿਲਾਂ ਬਾਣੀਆਂ ਦੇ ਜਾਪ ਫਿਰ ਇੱਕ ਰਸ ਹੋ

ਕੇ ਵਾਹਿਗੁਰੂ[1]ਜੀ ਜਾਪ ਭਾਵ ਸਿਮਰਨ ਕੀਤੇ।

ਫਿਰ ਆਸਾ ਜੀ ਦੀ ਵਾਰ ਦੇ ਕੀਰਤਨ ਆਰੰਭ ਹੋਏ। ਗੁਰੂ ਦਸ਼ਮੇਸ ਪਿਤਾ ਅੱਜ ਕਿਸੇ ਖਾਸ ਰੰਗ ਤੇ ਮੌਜ ਵਿੱਚ ਝੂਮ ਕੇ ਕੀਰਤਨ ਸਰਵਨ ਕਰ ਰਹੇ ਸਨ ਤੇ ਵਿੱਚ ਆਪ ਵੀ ਆਸਾ ਦੀ ਵਾਰ ਦੇ ਸਲੋਕ ਬੋਲ ਕੇ ਸੰਗਤ ਨੂੰ ਸੰਬੋਧਨ ਕਰਦੇ ਤੇ ਫਿਰ ਦ੍ਵੈ ਤੋਂ ਇੱਕ ਰੂਪ ਹੋ ਜਾਂਦੇ। ਇਸ ਤਰ੍ਹਾਂ ਆਸਾ ਜੀ ਦੀ ਵਾਰ ਦੇ ਕੀਰਤਨ ਸੰਪੂਰਨ ਹੋਏ ਤੇ ਅਨੰਦ ਸਾਹਿਬ ਦੇ ਕੀਰਤਨ ਹੋਏ। ਅੱਜ ਅਰਦਾਸ ਪਾਤਸ਼ਾਹ ਨੇ ਆਪ ਕੀਤੀ।

ੴ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗੌਤੀ ਜੀ ਸਹਾਇ॥
ਵਾਰ ਸ੍ਰੀ ਭਗੌਤੀ ਜੀ ਕੀ ਪਾਤਿਸ਼ਾਹੀ ੧੦॥

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥
ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥
ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥
ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥
ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥
ਸਭ ਥਾਈਂ ਹੋਇ ਸਹਾਇ॥

ਸਤਿ ਸ੍ਰੀ ਅਕਾਲ ਪੁਰਖ ਜੀ ਕਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ਜੀ......?

[2]ਹੇ ਅਕਾਲ ਪੁਰਖ ਜੀ ਮੇਰੀ ਬੇਨਤੀ ਹੈ ਕਿ ਜੋ ਮੇਰੇ ਹਿਰਦੇ ਵਿੱਚ ਆਪ ਜੀ ਦੀ ਕਿਰਪਾ ਨਾਲ ਇੱਛਾ ਪ੍ਰਗਟ ਹੋਈ ਹੈ ਉਸ ਨੂੰ ਪੂਰਾ ਕਰ ਦੇਵੋ।

1. ੴ ਸ੍ਰੀ ਵਾਹਿਗੁਰੂ ਜੀ॥
ਹਰਿ ਵਾਹਿਗੁਰੂ ਮੰਤਰ ਅਗੰਮ, ਜਗ ਤਾਰਨ ਹਾਰਾ॥
(ਵਾਰ ੪੧ ਪਉੜੀ ੧੮)

2. "ਹੇ ਰਵਿ ਹੇ ਸਸਿ ਹੇ ਕਰੁਣਾਨਿਧਿ ਮੇਰੀ ਅਬੈ ਬਿਨਤੀ ਸੁਨਿ ਲੀਜੈ॥
ਔਰ ਨ ਮਾਂਗਤ ਹਉ ਤੁਮ ਤੇ ਕਛੁ, ਚਾਹਤ ਹੋ ਚਿਤ ਮੈ ਸੋਈ ਕੀਜੈ॥"

[1]ਹੇ ਅਕਾਲ ਪੁਰਖ ਜੀ, ਆਗਿਆ ਦੇਵੋ ਕਿ ਪਾਵਨ-ਪਵਿੱਤਰ ਪੰਥ-ਖਾਲਸਾ ਸਾਜਿਆ ਜਾਵੇ ਜੀ।

[2]ਹੇ ਅਕਾਲ ਪੁਰਖ ਪ੍ਰਮਾਤਮਾ ਜੀਓ, ਆਪ ਜੀ ਦੀ ਮੌਜ ਨਾਲ ਇਹ ਖ਼ਾਲਸੇ ਦੀ ਫੌਜ ਤਿਆਰ ਕਰਨੀ ਹੈ। ਆਪਣੇ ਖਾਲਸੇ ਦੇ ਸਦਾ ਅੰਗ-ਸੰਗ ਰਹਿ ਕੇ ਆਪਣੀ ਰਜਾ ਵਿੱਚ ਵਿਚਰਨ ਦਾ ਬਲ ਬਖਸ਼ਿਸ਼ ਕਰੋ ਜੀ।

[3]ਹੇ ਅਕਾਲ ਪੁਰਖ ਜੀਓ, ਹੁਕਮ ਦੇਵੋ ਕਿ ਆਤਮ ਗਿਆਨ ਵਾਲਾ ਖ਼ਾਲਸਾ ਸਾਜਿਆ ਜਾ ਸਕੇ ਜੀ।

[4]ਹੇ ਅਕਾਲ ਪੁਰਖ ਜੀਓ, ਮੈਂ ਆਪ ਜੀ ਦੇ ਚਰਨਾਂ ਵਿੱਚ ਸੀਸ ਨਿਵਾ ਕੇ ਬੇਨਤੀ ਕਰਦਾ ਹਾਂ ਕਿ ਇਹ ਪੰਥ ਤਾਂ ਹੀ ਚਲ ਸਕਦਾ ਹੈ ਜੇ ਤੁਸੀਂ ਮੇਰੀ ਸਹਾਇਤਾ ਕਰੋ।

ਹੇ ਅਕਾਲ ਪੁਰਖ ਜੀ ਆਪ ਜੀ ਦੀ ਹਜ਼ੂਰੀ ਵਿੱਚ ਅਮ੍ਰਿਤ ਵੇਲੇ ਦੇ ਦੀਵਾਨ ਸਜੇ ਹਨ। ਸਰਬਤ ਸੰਗਤ ਨੇ ਮਿਲ ਕੇ ਬਾਣੀਆਂ ਦੇ ਜਾਪ ਤੇ ਵਾਹਿਗੁਰੂ ਜੀ ਦਾ ਸਿਮਰਨ, ਆਸਾ ਦੀ ਵਾਰ ਦੇ ਕੀਰਤਨ ਹੋਏ ਹਨ। ਬਾਣੀ ਪੜ੍ਹਦਿਆਂ ਸਰਬਤ ਸੰਗਤ ਕੋਲੋ ਭੁੱਲਾਂ ਦੀ ਖਿਮਾ ਬਖਸ਼ਣੀ। ਅੱਗੇ ਵਾਸਤੇ ਸ਼ੁਧ ਬਾਣੀ ਪੜ੍ਹਨ ਦਾ ਬਲ ਬਖ਼ਸ਼ਿਸ਼ ਕਰਨਾ ਜੀ।

---

1. "ਉਦੈ ਅਸਤ ਸਮੁੰਦ੍ਰ ਪ੍ਰਜੰਤੰ, ਅਬਿਚਲ ਰਾਜ ਮਿਲਿਓ ਸੁਰਪੁਰਿ ਕੋ
ਪੰਥ ਖ਼ਾਲਸਾ ਭਣੋ ਪੁਨੀਤਾ, ਪ੍ਰਭ ਆਗਿਆ ਕਰ ਉਦਤ ਭਏ॥"
(ਸਰਬ ਲੋਹ ਗ੍ਰੰਥ ਵਿੱਚੋਂ)

2. ਖ਼ਾਲਸਾ ਅਕਾਲ ਪੁਰਖ ਕੀ ਮੌਜ॥
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥

3. [1]ਗੁਰਬਰ ਅਕਾਲ ਕੇ ਹੁਕਮ ਸੋਂ ਉਪਜਿਓ ਬਿਗਿਆਨਾ[2]॥
ਤਬ ਸਹਿਜੇ ਰਚਿਓ ਖ਼ਾਲਸਾ ਸਾਬਤ ਮਰਦਾਨਾ॥

4. ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰ ਨਿਆਇ॥
ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ॥ (ਕਬਯੋ ਬਾਚ ਦੋਹਰਾ)

1. ਗੁਰਬਰ ਅਰਥਾਤ ਸਤਿਗੁਰ ਅਕਾਲ ਪੁਰਖ।
2. ਬਿਗਿਆਨਾ ਅਰਥਾਤ ਆਤਮ ਗਿਆਨ।

ਹੇ ਅਕਾਲ ਪੁਰਖ ਜੀਓ, ਆਪ 'ਪੋਥੀ ਪ੍ਰਮੇਸ਼ਰ ਕੇ ਥਾਨ'[1] ਵਿੱਚੋਂ ਹੁਕਮ-ਨਾਮੇ ਬਖ਼ਸ਼ਿਸ਼ ਕਰੋ। ਹੁਕਮਾਂ ਉੱਪਰ ਚਲਣ ਦਾ ਬਲ ਬਖਸ਼ੋ। ਹੇ ਅਕਾਲ ਪੁਰਖ ਜੀਓ, ਆਪ ਜੀ ਦੀ ਹਜ਼ੂਰੀ ਵਿੱਚ ਆਈਆਂ ਹੋਈਆਂ ਸੰਗਤਾਂ ਦੀਆਂ ਤਿਲ-ਫੁੱਲ ਭੇਟਾਵਾਂ ਪ੍ਰਵਾਨ ਕਰਨੀਆਂ ਤੇ ਪਵਿੱਤਰ ਕੜਾਹ ਪ੍ਰਸ਼ਾਦ ਦੀ ਦੇਗ ਹਾਜ਼ਰ ਹੈ ਜੀ। ਆਪ ਜੀ ਛਕੋ ਅਤੇ ਸੰਗਤਾਂ ਵਿੱਚ ਖੁੱਲ੍ਹੇ ਗੱਫੇ ਵਰਤਾਉਣ ਦੀ ਆਗਿਆ ਬਖਸ਼ੋ ਜੀ। ਜੋ ਜੀਅ ਆਪ ਜੀ ਦੇ ਦਰ ਆਵੇ ਸੋ ਰਾਜੀ ਜਾਵੇ, ਕਲਾ ਵਾਹਿਗੁਰੂ ਜੀ ਕੀ ਵਰਤੇ, ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥

ਇਸ ਤਰ੍ਹਾਂ ਗੁਰੂ ਸਾਹਿਬ ਜੀ ਅਰਦਾਸ ਕੀਤੀ ਤੇ ਫਿਰ ਪੋਥੀ ਸਾਹਿਬ ਵਿੱਚੋਂ ਹੁਕਮਨਾਮਾ ਬਾਬਾ ਬੁੱਢਾ ਸਾਹਿਬ ਦੀ ਵੰਸ਼ ਵਿੱਚੋਂ ਸਤਿਕਾਰ ਯੋਗ ਭਾਈ ਸਾਹਿਬ ਭਾਈ ਗੁਰਬਖਸ਼ ਸਿੰਘ ਜੀ ਨੇ ਲਿਆ। ਹੁਕਮਨਾਮਾ ਆਇਆ :-.

ਧਨਾਸਰੀ ਮਹਲਾ ੫

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮੁ ਜਿਣੈ ਸਗਲ ਵਸਿ ਤਾਕੈ ਜਾ ਕਾ ਸਤਿਗੁਰੁ ਪੂਰਾ॥੧॥
ਠਾਕੁਰ ਗਾਈਐ ਅੰਤਿਮ ਰੰਗਿ॥
ਸਰਣੀ ਪਾਵਨੁ ਨਾਮ ਧਿਆਵਨ ਸਹਿਜ ਸਮਾਵਨ ਸੰਗਿ॥ ਰਹਾਉ॥
ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ॥
ਜਨੁ ਕੀ ਧੂਰਿ ਦੇਹੁ ਕਿਰਪਾਨਿਧਿ, ਨਾਨਕ ਕੈ ਸੁਖੁ ਏਹੀ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬੭੯-੮੦)

ਹੁਕਮਨਾਮਾ ਪੂਰਾ ਸੁਣ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

1. ਪਾਠਕ ਵੀਰ ਜਾਣਦੇ ਹਨ ਕਿ ਸਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇ ਸੰਨ 1604 ਈ: ਵਿੱਚ ਪਹਿਲਾਂ ਪ੍ਰਕਾਸ਼ ਹੋਇਆ ਸੀ ਤੇ ਹੁਕਮਨਾਮਾ ਆਇਆ ਸੀ।

ਸੂਹੀ ਮਹਲਾ ੫ (ਅੰਗ-੭੮੩)

ਸੰਤਾ ਕੇ ਕਾਰਜਿ ਆਪਿ ਖਲੋਇਆ,ਹਰਿ ਕੰਮ ਕਰਾਵਣਿ ਆਇਆ ਰਾਮ॥

ਫਿਰ ਜਦੋਂ ਅੰਮ੍ਰਿਤ ਸਰੋਵਰ ਵਿੱਚ ਜਲ ਪਾਇਆ ਗਿਆ ਤਾਂ ਹੁਕਮਨਾਮਾ ਆਇਆ

ਸੋਰਠਿ ਮਹਲਾ ੪ (ਅੰਗ-੬੨੩)

ਵਿਚਿ ਕਰਤਾ ਪੁਰਖ ਖਲੋਆ॥ ਵਾਲੁ ਨ ਵਿੰਗਾ ਹੋਆ॥

ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਖਾਸ ਅਹਿਮ ਦਿਨਾਂ ਉੱਪਰ ਗੁਰੂ ਸਾਹਿਬਾਨ ਬਾਣੀ ਗੁਰੂ ਦਾ ਹੁਕਮਨਾਮਾ ਲੈ ਕੇ ਹੀ ਕਾਰਜ ਆਰੰਭ ਕਰਦੇ ਸਨ। ਵਿਸਥਾਰ ਲਈ ਲੇਖਕ ਦੀ 'ਸਾਂਝਾ ਗੁਰੂ' ਕਿਤਾਬ ਵੇਖੋ ਜੀ।

ਨੇ ਹਜ਼ਾਰਾਂ ਦੀ ਤਦਾਦ ਵਿੱਚ ਬੈਠੀ ਸੰਗਤ ਨੂੰ ਸੰਬੋਧਨ ਕੀਤਾ। ਅੱਜ ਸਾਹਿਬ ਸ੍ਰੀ ਗੁਰੂ ਕਲਗੀਧਰ ਪਾਤਸ਼ਾਹ ਦੇ ਚਿਹਰੇ ਦਾ ਨੂਰ ਝੱਲਿਆ ਨਹੀਂ ਸੀ ਜਾਂਦਾ। ਗੁਰੂ ਸਾਹਿਬ ਜੀ ਜੋਸ਼ ਨਾਲ ਭਰੀਆਂ ਲਾਲ ਦਗ-ਦਗ ਕਰਦੀਆਂ ਅੱਖੀਆਂ ਨਾਲ ਸੰਗਤਾਂ ਵੱਲ ਤੱਕ ਰਹੇ ਸਨ।

ਹਜ਼ੂਰ ਦੇ ਸਿਰ ਉੱਪਰ ਸੁਨਿਹਰੀ ਚੱਕਰ, ਮੱਥੇ ਤੇ ਹੀਰਿਆਂ ਜੜੀ ਕਲਗੀ, ਨੇਤਰ ਬੀਰ ਰਸ ਵਿੱਚ ਸੁਰਖ, ਚਿਹਰਾ ਕੁਝ ਰੋਹ ਵਿੱਚ ਤਣਿਆ ਹੋਇਆ ਅੰਗ-ਅੰਗ ਇਹੀ ਬਿਆਨ ਕਰ ਰਿਹਾ ਸੀ ਕਿ ਅੱਜ ਕੁਝ ਹੋਵੇਗਾ ਜੋ ਪਹਿਲਾਂ ਅੱਜ ਤੱਕ ਨਹੀ ਹੋਇਆ। ਫਿਰ ਜਦੋਂ ਪਾਤਸ਼ਾਹ ਨੇ ਗਾਤਰੇ ਸਜੀ ਕਿਰਪਾਨ ਦੇ ਸੁਨਿਹਰੀ ਮੁੱਠੇ ਤੇ ਹੱਥ ਰਖਿਆ ਤੇ ਸ..ਰ..ਰ..ਰ ਕਰਦੀ ਕਿਰਪਾਨ ਬਾਹਰ ਖਿੱਚੀ ਤਾਂ ਸੰਗਤਾਂ ਵਿੱਚ ਸੰਨਾਟਾ ਛਾ ਗਿਆ। ਗੁਰੂ ਜੀ ਨੇ ਕਿਰਪਾਨ ਸਿਰੋਂ ਉੱਚੀ ਹਵਾ ਵਿੱਚ ਬਿਜਲੀ ਵਾਂਗ ਘੁਮਾਈ ਅਤੇ ਸਜੀ ਹੋਈ ਸਟੇਜ ਉਪਰ ਸੱਜਿਓਂ ਖੱਬੇ ਵੱਲ ਤੁਰਨ ਲੱਗੇ ਅਤੇ ਫਿਰ ਆਪਣੇ ਆਸਣ ਕੋਲ ਖਲੋ ਕੇ ਦੋ-ਚਾਰ ਮਿੰਟ ਸੰਗਤਾਂ ਵੱਲ ਵੇਖਦੇ ਰਹੇ ਤੇ ਫਿਰ ਕਿਰਪਾਨ ਵੱਲ ਵੇਖਕੇ ਬੋਲੇ,

ਕਾਲ ਤੁਹੀ, ਕਾਲੀ ਤੁਹੀ, ਤੁਹੀ ਤੇਗ ਅਰ ਤੀਰ॥
ਤੁਹੀ ਨਿਸਾਨੀ ਜੀਤ ਕੀ, ਆਜ ਤੁਹੀ ਜਗ ਬੀਰ॥

ਫਿਰ ਮੁੱਖੋਂ ਗਰਜਵੀਂ ਆਵਾਜ਼ ਆਈ ਅਤੇ ਕਿਹਾ, "ਗੁਰੂ ਨਾਨਕ ਨਾਮ ਲੇਵਾ ਸੰਗਤ ਜੀਓ! ਸਾਨੂੰ ਇੱਕ ਸਿਰ ਦੀ ਲੋੜ ਹੈ। ਉੱਠੋ ਕੋਈ ਗੁਰੂ ਕਾ ਪਿਆਰਾ ਸਿੱਖ ਜਿਹੜਾ ਖ਼ੁਸ਼ੀ ਨਾਲ ਸੀਸ ਭੇਂਟ ਕਰੇ"।

ਸੀਸ ਭੇਂਟ...! ਇਹ ਬਹੁਤ ਹੀ ਅਨੋਖੀ ਮੰਗ ਸੀ। ਅੱਜ ਤੱਕ ਕਿਸੇ ਗੁਰੂ ਨੇ ਇਸ ਤਰ੍ਹਾਂ ਦੀ ਮੰਗ ਨਹੀਂ ਸੀ ਮੰਗੀ। ਇਹ ਝਾਕੀ ਵੇਖ ਕੇ ਅਤੇ ਇਹ ਲਲਕਾਰ ਭਰੀ ਮੰਗ ਸੁਣ ਕੇ ਬਹੁਤ ਸੰਗਤ ਵਿੱਚ ਬੈਠੇ ਬਹੁਤ ਸਾਰੇ ਸਿੱਖਾਂ ਦੇ ਹੇਠਲੇ ਸਾਹ ਹੇਠਾਂ ਤੇ ਉੱਪਰਲੇ ਸਾਹ ਉੱਪਰ ਹੀ ਰਹਿ ਗਏ। ਦੀਵਾਨ ਵਿੱਚ ਚੁੱਪ

ਵਰਤ ਗਈ। ਜਿਹੜੇ ਗੁਰੂ ਘਰ ਕੇਵਲ ਲੰਗਰ ਤੇ ਕੜਾਹ ਪ੍ਰਸ਼ਾਦ ਲਈ ਹੀ ਆਉਂਦੇ ਸਨ, ਉਹਨਾਂ ਨੇ ਆਪਣੀਆਂ ਧੌਣਾਂ ਨੂੰ ਗੋਡਿਆਂ ਵਿੱਚ ਦੇ ਲਿਆ ਤੇ ਸੋਚਣ ਲੱਗੇ ਕਿ ਹੁਣ ਕੀ ਹੋਵੇਗਾ? ਕਈ ਥੋੜ੍ਹੇ ਦਿਲ ਵਾਲੇ ਤਾਂ ਦੀਵਾਨ ਵਿੱਚੋਂ ਖਿਸਕਣ ਦੀ ਤਿਆਰੀ ਕਰਨ ਲੱਗੇ।

ਕੁਝ ਪਲਾਂ ਵਿੱਚ ਹੀ ਇਹ ਆਵਾਜ਼ ਸੁਣਦਿਆਂ ਸਾਰ ਸਿਦਕ ਤੇ ਸ਼ਰਧਾ ਭਰਿਆ ਹਿਰਦਾ ਲੈ ਕੇ ਭਾਈ ਦਿਆ ਰਾਮ ਜੀ ਉੱਠੇ ਤੇ ਅੱਗੇ ਵਧ ਕੇ ਸਤਿਗੁਰੂ ਦੇ ਚਰਨਾਂ ਵਿੱਚ ਆ ਕੇ ਸੀਸ ਭੇਂਟ ਕੀਤਾ।

ਜਦੋਂ ਭਾਈ ਦਇਆ ਰਾਮ ਜੀ ਨੇ ਗੁਰੂ ਜੀ ਦੇ ਚਰਨਾਂ ਵਿੱਚ ਸੀਸ ਨਿਵਾਇਆ ਤਾਂ ਕਲਗੀਧਰ ਪਾਤਸ਼ਾਹ ਨੇ ਭਾਈ ਦਿਆ ਰਾਮ ਜੀ ਨੂੰ ਬਾਹੋਂ ਫੜ ਕੇ ਪਿੱਛੇ ਲੱਗੇ ਹੋਏ ਇੱਕ ਛੋਟੇ ਤੰਬੂ ਵਿੱਚ ਲੈ ਗਏ। ਕੁਝ ਸਮੇਂ ਬਾਅਦ ਪਾਤਸ਼ਾਹ ਫਿਰ ਦੀਵਾਨ ਵਿੱਚ ਆਏ ਅਤੇ ਖੂਨ ਨਾਲ ਲਿਬੜੀ ਹੋਈ ਕਿਰਪਾਨ ਉੱਪਰ ਨੂੰ ਚੁੱਕ ਕੇ ਦੂਸਰੇ ਸਿਰ ਦੀ ਮੰਗ ਕੀਤੀ। ਸੁਣਦਿਆਂ ਸਾਰ ਹੀ ਭਾਈ ਧਰਮ ਚੰਦ ਨੇ ਆਪਣਾ ਸੀਸ ਭੇਂਟ ਕੀਤਾ। ਗੁਰੂ ਜੀ ਉਸਨੂੰ ਵੀ ਫੜ ਕੇ ਉਸੇ ਤੰਬੂ ਵਿੱਚ ਲੈ ਗਏ। ਕੁਝ ਸਮੇਂ ਬਾਅਦ ਗੁਰੂ ਸਾਹਿਬ ਫਿਰ ਦੀਵਾਨ ਵਿੱਚ ਆਏ ਅਤੇ ਤੀਜੇ ਸਿਰ ਦੀ ਮੰਗ ਕਰਨ ਲੱਗੇ। ਹੁਣ ਭਾਈ ਹਿੰਮਤ ਚੰਦ ਜੀ ਨੇ ਆਪਣਾ ਸੀਸ ਭੇਂਟ ਕੀਤਾ ਅਤੇ ਇਸੇ ਤਰਾਂ ਚੌਥੇ ਅਤੇ ਪੰਜਵੇਂ ਸੀਸ ਦੀ ਮੰਗ ਹੋਣ ਤੇ ਕ੍ਰਮਵਾਰ ਭਾਈ ਮੋਹਕਮ ਚੰਦ ਜੀ ਅਤੇ ਭਾਈ ਸਾਹਿਬ ਚੰਦ ਜੀ ਨੇ ਆਪਣੇ ਸੀਸ ਗੁਰੂ ਅੱਗੇ ਅਰਪਣ ਕੀਤੇ। ਇਹਨਾਂ ਨੂੰ ਵੀ ਪਾਤਸ਼ਾਹ ਇੱਕ-ਇੱਕ ਕਰਕੇ ਤੰਬੂ ਵਿੱਚ ਲੈ ਗਏ।

ਹੁਣ ਗੁਰੂ ਜੀ ਕੁਝ ਚਿਰ ਤੰਬੂ ਦੇ ਅੰਦਰ ਹੀ ਰਹੇ। ਗੁਰੂ ਜੀ ਨੇ ਆਪਣੇ ਪਿਆਰਿਆਂ ਨੂੰ ਨਵਾਂ ਜੀਵਨ ਦਿੱਤਾ। ਆਪਣੇ ਵਾਲਾ ਬਾਣਾ, ਕੇਸਰੀ ਦਸਤਾਰ, ਕੇਸਰੀ ਵਸਤਰ, ਗਾਤਰੇ ਕ੍ਰਿਪਾਨਾਂ, ਕੰਘਾ, ਕੱਛ-ਕਛਹਿਰਾ, ਪੰਜੇ ਕਕਾਰ ਤੇ ਸੋਹਣੇ ਕਮਰ-ਕੱਸੇ। ਜਦੋਂ ਗੁਰੂ ਜੀ ਨੇ ਵੇਖਿਆ ਕਿ ਹੁਣ ਮੇਰੇ ਅਤੇ ਇਹਨਾਂ ਵਿੱਚ

ਕੋਈ ਫਰਕ ਨਹੀਂ ਰਿਹਾ ਤਾਂ ਗੁਰਦੇਵ ਪਿਤਾ ਕਲਗੀਧਰ ਜੀ ਅੱਗੇ-ਅੱਗੇ ਅਤੇ ਇਹ ਪੰਜ ਗੁਰੂ ਦੇ ਪਿਆਰੇ ਗੁਰੂ ਜੀ ਦੇ ਪਿੱਛੇ-ਪਿੱਛੇ ਚੱਲ ਪਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਖ਼ੁਸ਼ੀ ਨਾਲ ਖਿੜ੍ਹੇ ਮੱਥੇ ਤੇ ਬੀਰ ਰਸ ਨਾਲ ਗਦਗਦ ਕਰ ਰਹੇ ਚਿਹਰੇ ਨਾਲ ਤੰਬੂ ਤੋਂ ਬਾਹਰ ਨਿਕਲੇ। ਪਿੱਛੇ ਉਹੀ ਪੰਜੇ ਗੁਰੂ ਕੇ ਪਿਆਰੇ ਸਨ ਜਿਨ੍ਹਾਂ ਨੇ ਗੁਰੂ ਜੀ ਨੂੰ ਆਪਣੇ ਸੀਸ ਭੇਂਟ ਕੀਤੇ ਸਨ। ਇਹਨਾਂ ਪੰਜਾਂ ਨੇ ਸਾਰੀ ਸੰਗਤ ਦੇ ਸਾਹਮਣੇ ਆ ਕੇ ਮੁੱਖੋਂ ਗਰਜਵੀਂ ਆਵਾਜ਼ ਨਾਲ ਆਖਿਆ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਿਹ॥

ਹਜ਼ੂਰੀ ਵਿੱਚ ਬੈਠੀ ਸਾਰੀ ਸੰਗਤ ਨੇ ਵੀ ਪੂਰੀ ਗਰਜਵੀਂ ਆਵਾਜ਼ ਵਿੱਚ ਫ਼ਤਿਹ ਦਾ ਜਵਾਬ ਦਿੱਤਾ। ਜਿਹੜੇ ਕੱਚੇ-ਪਿੱਲੇ ਘਬਰਾ ਕੇ ਇੱਧਰ ਉਧਰ ਫਿਰ ਰਹੇ ਸਨ ਫਿਰ ਦਰਬਾਰ ਵਿੱਚ ਆ ਕੇ ਬੈਠ ਗਏ ਅਤੇ ਕਈ ਵਿਚਾਰੇ ਦਿਲ ਵਿੱਚ ਪਛਤਾਵਾ ਕਰਨ ਲੱਗੇ ਕਿ ਅਸੀਂ ਕਿਉਂ ਨਹੀ ਆਪਣਾ ਸੀਸ ਭੇਂਟ ਕੀਤਾ।

ਕੁਝ ਹਿਰਦੇ ਪ੍ਰੇਮ ਵਿੱਚ ਭਰੇ ਗੁਰੂ ਜੀ ਅੱਗੇ ਸੀਸ ਨਿਵਾ ਕੇ ਧੰਨ ਗੁਰੂ, ਧੰਨ ਗੁਰੂ ਕਹੀ ਜਾ ਰਹੇ ਸਨ।

ਤਾਂ ਫਿਰ ਪਾਤਸ਼ਾਹ ਨੇ ਵੀ ਸੰਗਤ ਵਿੱਚ ਫ਼ਤਿਹ ਗਜਾ ਕੇ ਬਚਨ ਕਰਨੇ ਸ਼ੁਰੂ ਕੀਤੇ ਤੇ ਆਖਿਆ, "ਇਹ ਮੇਰੇ ਪੰਜ ਪਿਆਰੇ ਹਨ।ਅਕਾਲ ਪੁਰਖ ਦੀ ਕਿਰਪਾ ਨਾਲ ਪੰਥ ਇਸ ਕਠਿਨ ਪ੍ਰੀਖਿਆ ਵਿੱਚੋਂ ਪੂਰਾ ਉਤਰਿਆ ਹੈ। ਇਹਨਾਂ ਪੰਜ ਪਿਆਰਿਆਂ ਨੇ ਪਹਿਲੀ ਪ੍ਰੀਖਿਆ ਪਾਸ ਕੀਤੀ ਹੈ। ਕੁਝ ਹੋਰ ਵੀ ਕਰਨੀ ਬਾਕੀ ਹੈ। ਸਾਰੀ ਸੰਗਤ ਏਸੇ ਤਰਾਂ ਸਾਰੀ ਮਰਿਯਾਦਾ ਨੂੰ ਪ੍ਰੇਮ ਨਾਲ ਬੈਠ ਕੇ ਵੇਖਣ ਦੀ ਕ੍ਰਿਪਾਲਤਾ ਕਰੋ"।

ਗੁਰੂ ਜੀ ਨੇ ਇਸ ਦਿਨ ਦੇ ਸਾਰੇ ਕਾਰਜ ਨੂੰ ਪਹਿਲਾਂ ਹੀ ਉਲੀਕਿਆ ਹੋਇਆ ਸੀ। ਜਿੱਥੇ ਪਾਤਸ਼ਾਹ ਨੇ ਪੰਜ ਸਰਬ ਲੋਹ ਦੇ ਬਾਟੇ ਪਹਿਲਾਂ ਹੀ ਤਿਆਰ ਕਰਵਾਏ ਹੋਏ ਸੀ ਉੱਥੇ ਪੰਜ

ਸੋਹਣੇ ਤੇ ਛੋਟੇ ਦੋ ਧਾਰੀ ਖੰਡੇ ਵੀ ਤਿਆਰ ਕਰਵਾਏ ਸੀ। ਇਹ ਦਿਨ ਪਾਤਸ਼ਾਹ ਨੇ ਸੰਗਰਾਂਦ ਪਹਿਲੀ ਵੈਸਾਖ ਦਾ ਚੁਣਿਆ ਸੀ ਜਿਸ ਪਿੱਛੇ ਵੀ ਇੱਕ ਡੂੰਘਾ ਰਾਜ਼ ਸੀ।

ਪੁਰਾਤਨ ਸਮੇਂ ਤੋਂ ਆਮ ਦਿਨ ਤਾਂ ਲੋਕ ਕੇਵਲ ਪਿੰਡੇ ਇਸ਼ਨਾਨ ਹੀ ਕਰਦੇ ਸਨ ਪਰ ਸੰਗਰਾਂਦ ਵਾਲੇ ਦਿਨ ਤਾਂ ਸਾਰੇ ਲੋਕ ਤੀਰਥ ਇਸ਼ਨਾਨ ਜਾਂ ਆਪਣੇ ਘਰਾਂ ਵਿੱਚ ਵੀ ਕੇਸੀ-ਇਸ਼ਨਾਨ ਕਰਦੇ ਸਨ। ਅੱਜ ਵੀ ਸੰਗਰਾਂਦ ਵਾਲੇ ਦਿਨ ਮਾਤਾਵਾਂ ਆਪਣੇ ਬੱਚਿਆਂ ਨੂੰ ਕੇਸੀ ਇਸ਼ਨਾਨ ਜ਼ਰੂਰ ਕਰਵਾ ਦਿੰਦੀਆਂ ਸਨ।

ਇੱਥੇ ਸੰਗਤਾਂ ਦਾ ਇਕੱਠ ਕੋਈ ਅੱਸੀ ਹਜ਼ਾਰ ਦਾ ਸੀ ਪਰ ਕਈ ਵਿਦਵਾਨ ਇਸ ਇਕੱਠ ਨੂੰ ਇਸ ਤੋਂ ਵੀ ਜ਼ਿਆਦਾ ਲਿਖਦੇ ਹਨ। ਵਰਨਣ ਯੋਗ ਹੈ ਕਿ ਇਹ ਸਾਰੀਆਂ ਸੰਗਤਾਂ ਕੁਝ ਦਿਨ ਪਹਿਲਾਂ ਹੀ ਗੁਰੂ ਜੀ ਪਾਸ ਪ੍ਹੁੰਚ ਚੁੱਕੀਆਂ ਸਨ। ਫਿਰ ਇਸ ਦਿਨ ਵਾਸਤੇ ਗੁਰੂ ਜੀ ਨੇ ਪਹਿਲਾ ਹੀ ਹੁਕਮ ਜਾਰੀ ਕੀਤਾ ਹੋਇਆ ਸੀ ਕਿ ਸਾਰੀਆਂ ਸੰਗਤਾਂ ਨੇ ਕੇਸੀ ਇਸ਼ਨਾਨ ਕਰਕੇ ਸਾਫ-ਸੁਥੱਰੇ ਕੱਪੜੇ ਪਹਿਨ ਕੇ ਆਉਣਾ ਹੈ।

ਇੱਥੇ ਇਹ ਵੀ ਵਰਨਣ ਯੋਗ ਹੈ ਕਿ ਇਸ ਦਿਨ ਵਾਸਤੇ ਗੁਰੂ ਜੀ ਨੇ ਗੁੱਜਰ ਸਿੱਖਾਂ ਤੇ ਲੁਹਾਰ-ਤਰਖਾਣ ਸਿੱਖਾਂ ਨੂੰ ਅਤੇ ਦਰਜੀ ਸਿੱਖਾਂ ਨੂੰ ਪਹਿਲਾਂ ਹੁਕਮ ਦੇ ਕੇ ਕਿਰਪਾਨਾਂ, ਕੰਘੇ, ਕੜੇ ਤੇ ਕਛਹਿਰੇ ਤਿਆਰ ਕਰਵਾਏ ਸਨ। ਪਾਤਸ਼ਾਹ ਕੋਲ ਰਹਿਣ ਵਾਲੇ ਸਿੱਖ ਤਾਂ ਪਹਿਲਾਂ ਹੀ ਸ਼ਸਤਰਧਾਰੀ ਸਨ।

ਹੁਣ ਸਾਹਿਬ ਕਿਰਪਾਲੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਸਰਬ ਲੋਹ ਦਾ ਬਾਟਾ ਤੇ ਇੱਕ ਖੰਡਾ ਤੇ ਬਦਾਮਾਂ ਦੀ ਪਿਸਾਈ ਵਾਲਾ ਇੱਕ ਕੁੰਡਾ ਹਾਜ਼ਰ ਕੀਤਾ ਜਾਵੇ। ਸਿੱਖਾਂ ਨੇ ਹੁਕਮ ਅਨੁਸਾਰ ਸਾਰਾ ਸਮਾਨ ਹਾਜ਼ਰ ਕਰ ਦਿੱਤਾ। ਸੋਹਣੀ ਚੌਂਕੀ ਉੱਪਰ ਕੁੰਡਾ ਰੱਖ ਕੇ ਉੱਪਰ ਸਰਬ ਲੋਹ ਦਾ ਬਾਟਾ ਰੱਖਿਆ ਗਿਆ। ਉਸ ਵਿੱਚ ਸਤਲੁਜ ਦਾ ਨਿਰਮਲ ਜਲ ਪਾਇਆ ਗਿਆ। ਉਸ ਜਲ ਵਿੱਚ ਖੰਡਾ ਰੱਖ ਕੇ ਫੇਰਨ ਤੋਂ ਪਹਿਲਾਂ ਗੁਰੂ ਜੀ ਨੇ ਸੰਬੋਧਨ ਕੀਤਾ, "ਗੁਰੂ ਪਿਆਰਿਓ, ਤੁਹਾਡੇ ਸਾਹਮਣੇ

ਇਸ ਜਲ ਤੋਂ ਅਮ੍ਰਿਤ ਤਿਆਰ ਕਰਨਾ ਹੈ। ਇੱਕ ਵਾਰੀ ਮਿਥਿਹਾਸ ਵਿੱਚ ਸਮੁੰਦਰ ਨੂੰ ਰਿੜਕ ਕੇ ਵੀ ਅਮ੍ਰਿਤ ਕੱਢਿਆ ਗਿਆ ਸੀ। ਉਹ ਅਮ੍ਰਿਤ ਕੇਵਲ ਦੇਵਤਿਆਂ ਨੂੰ ਹੀ ਮਿਲਿਆ ਸੀ, ਦੈਂਤਾ ਨੂੰ ਨਹੀਂ ਮਿਲਿਆ ਸੀ। ਅੱਜ ਫਿਰ ਇਸ ਰੂਹੇ ਜ਼ਮੀਨ ਦੇ ਉੱਪਰ ਸਰਬ-ਏ-ਕਾਇਨਾਤ ਦੇ ਵਾਸਤੇ ਇਸ ਜਲ ਦਾ ਅਮ੍ਰਿਤ ਬਣਾਉਣਾ ਹੈ। ਪਰ ਇਸ ਨੂੰ ਵੀ ਦੇਵ ਬੁੱਧੀ ਵਾਲੇ ਹੀ ਛਕਣਗੇ। ਦੈਂਤ ਬੁੱਧੀ ਵਾਲੇ ਇਸ ਨੂੰ ਨਹੀਂ ਛਕਣਗੇ। ਪ੍ਰਗਟ ਹੋਣ ਵਾਲੇ ਇਸ ਅਮ੍ਰਿਤ ਨੂੰ ਜੋ ਵੀ ਛਕੇਗਾ ਉਹ ਅਮਰ ਹੋ ਜਾਵੇਗਾ।"

ਕਲਗੀਧਰ ਜੀ ਅਮ੍ਰਿਤ ਦੀ ਉਸਤਤ ਕਰ ਰਹੇ ਸਨ ਤਾਂ ਸਤਿਕਾਰ ਯੋਗ ਮਾਤਾ ਜੀਤੋ ਜੀ ਪਤਾਸਿਆਂ ਦੀ ਝੋਲੀ ਭਰੀ ਆ ਹਾਜ਼ਰ ਹੋਏ।ਹਜ਼ੂਰ ਨੇ ਫੁਰਮਾਇਆ, "ਠੀਕ ਹੈ, ਭਲਾ ਹੈ, ਪਿਤਾ ਪੁੱਤਰ ਨੂੰ ਤੇਜ ਦੇ ਸਕਦਾ ਹੈ ਪਰ ਮਿਠਾਸ ਪਿਆਰ ਤੇ ਮਮਤਾ ਤਾਂ ਮਾਂ ਹੀ ਦੇ ਸਕਦੀ ਹੈ। ਗੁਰੂ ਜੀ ਨੇ ਆਪਣੇ ਮਹਿਲ ਬੀਬੀ ਜੀਤੋ ਜੀ ਦੀ ਝੋਲੀ ਵਿੱਚੋਂ ਇੱਕ ਵੱਡੀ ਮੁੱਠੀ ਭਰ ਕੇ ਪੰਜਾਂ ਪਿਆਰਿਆਂ ਅਤੇ ਸੰਗਤਾਂ ਨੂੰ ਦੱਸਣਾ ਕੀਤਾ, "ਐ ਗੁਰੂ ਪਿਆਰਿਓ, ਵੇਖੋ ਇਹਨਾਂ ਪੱਤਾਸਿਆਂ ਨੂੰ, ਇਹ ਕੋਈ ਨੀਵਾਂ ਹੈ ਤੇ ਕੋਈ ਉਚਾ ਹੈ, ਕੋਈ ਵੱਡਾ ਹੈ ਤੇ ਕੋਈ ਛੋਟਾ, ਕੋਈ ਲੰਬਾ ਹੈ ਤੇ ਕੋਈ ਚਪਟਾ।"

ਫਿਰ ਪਾਤਸ਼ਾਹ ਨੇ ਇਹਨਾਂ ਨੂੰ ਜਲ ਵਿੱਚ ਪਾ ਕੇ ਹਿਲਾਇਆ ਤੇ ਆਖਿਆ, "ਹੁਣ ਵੇਖੋ ਕਿ ਇਹਨਾਂ ਦਾ ਰੂਪ ਕੀ ਹੋ ਗਿਆ ਹੈ।" ਤਾਂ ਭਾਈ ਦਇਆ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਪਾਤਸ਼ਾਹ ਜੀਓ, ਇਹ ਜਲ ਵਿੱਚ ਘੁਲ ਕੇ ਇਕ ਰੂਪ ਹੋ ਗਏ ਹਨ।"

ਗੁਰੂ ਜੀ ਨੇ ਫੁਰਮਾਇਆ, "ਜਿਹੜਾ ਇਸ ਅਮ੍ਰਿਤ ਨੂੰ ਛਕੇਗਾ ਉਹਨਾਂ ਦੇ ਅੰਦਰੋਂ ਵੀ ਉਚ ਨੀਚ, ਕਰਮ ਕਾਂਡ ਵਰਨ-ਵੰਡ ਤੇ ਸਾਰੇ ਭਰਮ ਭੇਖ ਮਿਟ ਜਾਣਗੇ ਤੇ ਉਹ ਨਿਆਰੇ ਹੋ ਜਾਣਗੇ।"

ਫਿਰ ਗੁਰੂ ਜੀ ਨੇ ਬੀਬੀ ਜੀਤੋ ਜੀ[1] ਵੱਲ ਇਸ਼ਾਰਾ ਕੀਤਾ ਤਾਂ ਮਾਤਾ ਜੀਤੋ ਜੀ ਨੇ ਪੱਤਾਸੇ ਜਲ ਵਿੱਚ ਪਾ ਕੇ ਮਾਂ ਦਾ ਫ਼ਰਜ ਨਿਭਾਇਆ।

ਇੱਥੇ ਇਕ ਗੱਲ ਵਰਨਣ ਯੋਗ ਹੈ ਕਿ ਇਹ ਪਹਿਲਾ ਧਰਮ ਹੈ ਜਿਸ ਦੀ ਦੀਖਿਆ ਵਿੱਚ ਮਾਤਾ ਨੇ (ਇਸਤਰੀ ਜਾਤੀ) ਨੇ ਵੀ ਹਿੱਸਾ ਪਾਇਆ ਹੈ।

ਗੁਰੂ ਕਲਗੀਧਰ ਪਿਤਾ ਜੀ ਨੇ ਸਰਬ ਲੋਹ ਦੇ ਬਾਟੇ ਵਿੱਚ ਦੋ ਧਾਰਾ ਖੰਡਾ ਸੱਜੇ ਹੱਥ ਵਿੱਚ ਫੜ ਲਿਆ ਅਤੇ ਆਪਣਾ ਖੱਬਾ ਹੱਥ ਬਾਟੇ ਦੇ ਕਿਨਾਰੇ ਤੇ ਰੱਖ ਕੇ ਖੰਡਾ ਫੇਰਨਾ ਆਰੰਭ ਕੀਤਾ ਤੇ ਨਾਲ ਹੀ ਜਪੁਜੀ ਸਾਹਿਬ ਜੀ ਦੀ ਬਾਣੀ ਪੜ੍ਹਨੀ ਆਰੰਭ ਕੀਤੀ। ਫਿਰ ਸਹਿਜੇ-ਸਹਿਜੇ ਜਾਪੁ ਸਾਹਿਬ, ਦਸ ਸਵੱਯੇ (ਸ੍ਰਾਵਗ ਸ਼ੁਧ ਵਾਲੇ) ਬੇਨਤੀ ਚੌਪਈ ਸਾਹਿਬ ਤੇ ਸ਼੍ਰੀ ਅਨੰਦ ਸਾਹਿਬ ਜੀ ਦੇ ਪਾਠ ਸੰਪੂਰਨ ਕਰਕੇ ਜੋ ਸ਼ਕਤੀ ਇਸ ਜਲ ਵਿੱਚ ਪਾ ਕੇ ਅਮ੍ਰਿੰਤ ਤਿਆਰ ਕੀਤਾ ਤਾਂ ਇਸ ਨੂੰ ਇੱਕ ਸੁੱਚੇ ਕੱਪੜੇ ਨਾਲ ਢੱਕ ਦਿੱਤਾ ਗਿਆ। ਹੁਣ ਪਾਤਸ਼ਾਹ ਜੀ ਨੇ ਆਪ ਅਰਦਾਸ ਕੀਤੀ। ਇਸ ਸਾਰੀ ਮਰਿਯਾਦਾ ਨੂੰ ਕੋਲ ਖਲੋਤੇ ਪੰਜ ਪਿਆਰੇ ਵੇਖ ਰਹੇ ਸਨ।

ਉਪਰੰਤ ਪਾਤਸ਼ਾਹ ਨੇ ਆਪ ਉਸ ਅੰਮ੍ਰਿਤ ਦੇ ਬਾਟੇ ਵਿਚ ਸ੍ਰੀ ਸਾਹਿਬ ਭੇਟ ਕੀਤੀ ਫਿਰ ਪਵਿੱਤਰ ਕੜਾਹ ਪ੍ਰਸਾਦਿ ਵਿਚ ਸ੍ਰੀ ਸਾਹਿਬ ਭੇਟ ਕਰਦੇ ਹੌਲੀ ਮਿੱਠੀ ਆਵਾਜ਼ ਵਿੱਚ ਕਿਹਾ "ਤੁਓ ਪ੍ਰਸਾਦ ਭਰਮ ਦਾ ਨਾਸ।" ਫਿਰ ਗੁਰੂ ਜੀ ਨੇ ਪਹਿਲੇ ਭਾਈ ਦਇਆ ਸਿੰਘ ਜੀ ਨੂੰ ਬੀਰ ਆਸਣ ਬਿਠਾ ਕੇ ਸੱਜਾ ਹੱਥ ਖੱਬੇ ਉਤੇ ਰੱਖਣ ਦਾ ਹੁਕਮ ਕੀਤਾ।

1. ਸੂਰਜ ਪ੍ਰਕਾਸ਼, ਰੁੱਤ ਤੀਸਰੀ ਅੰਸੂ ੧੯ (19) ਤਵਰੀਖ ਗੁਰਖਾਲਸਾ ਗਿਆਨੀ ਗਿਆਨ ਸਿੰਘ ਪੰਨਾ ੧੦੯੨ (1092) ਮੈਕਾਲਿਫ ਪੰਜਵੀ ੯੫ (95)।

ਨੋਟ : ਸਿਖ ਇਤਿਹਾਸ ਨੇ ਅਰੰਭ ਵਿਚ ਹੀ ਇਸਤਰੀ ਨੂੰ ਬਰਾਬਰ ਦਾ ਅਧਿਕਾਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਖਿਆ 'ਸੋ ਕਿਉ ਮੰਦ ਆਖੀਐ ਜਿਤ ਜੰਮੈ ਰਾਜਾਨੁ'। ਸ਼ਰਧਾ ਭਾਵਨਾ, ਸਿਦਕ ਨਾਲ ਹਿਰਦਾ ਭਰਿਆ ਸੀ। ਬੇਬੇ ਨਾਨਕੀ ਜੀ ਦਾ ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਣਾ ਇਸਤਰੀ ਜਾਤ ਨੂੰ ਪੂਰਨ ਸਤਿਕਾਰ ਹੈ। ਬੀਬੀ ਅਮਰੋ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਚਰਨੀ ਲਾਉਣਾ ਸੁਨਿਹਰੀ ਇਤਿਹਾਸ ਹੈ ਬਾਕੀ ਬੀਬੀ ਜੀ ਬਾਰੇ ਕਿਤੇ ਫਿਰ ਸਹੀ।

ਗੁਰੂ ਜੀ ਨੇ ਸੱਜੇ ਹੱਥ ਨਾਲ ਚੂਲਾ ਭਰ ਕੇ ਭਾਈ ਦਇਆ ਸਿੰਘ ਦੇ ਹੱਥਾਂ ਉਪਰ ਪਾਇਆ ਨਾਲ ਛਕਣ ਦਾ ਹੁਕਮ ਦਿਤਾ ਤੇ ਆਪ ਜੀ ਰਸਨਾ ਤੋਂ ਬੋਲੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਅੰਮ੍ਰਿਤ ਛੱਕ ਕੇ ਭਾਈ ਦਿਆ ਸਿੰਘ ਜੀ ਨੇ ਜਵਾਬ ਦਿੱਤਾ ਇਸੇ ਤਰ੍ਹਾਂ ਪੰਜ ਚੂਲੇ ਛਕਾਏ ਫਿਰ ਪਾਤਸ਼ਾਹ ਨੇ ਨੇਤਰਾਂ (ਅੱਖਾਂ) ਉਤੇ ਛਿੱਟੇ ਮਾਰੇ ਫਿਰ ਗੁਰੂ ਜੀ ਪਹਿਲੇ ਆਪ ਫ਼ਤਹਿ ਬੁਲਾਉਂਦੇ ਅਗੋਂ ਭਾਈ ਦਇਆ ਸਿੰਘ ਬੋਲਦੇ ਫਿਰ ਆਪ ਜੀ ਦਸਤਾਰ ਦੇ ਉਪਰੋਂ ਕੇਸਾਂ ਵਿਚ ਪਾਏ ਗਏ। ਹਰ ਛਿੱਟੇ ਨਾਲ ਪਹਿਲੇ ਵਾਂਗ ਫ਼ਤਹਿ ਬੁਲਾਈ ਗਈ।

ਫਿਰ ਸਤਿਗੁਰੂ ਜੀ ਨੇ ਭਾਈ ਧਰਮ ਸਿੰਘ ਜੀ ਨਾਲ ਵੀ ਇਸ ਮਰਿਯਾਦਾ ਨੂੰ ਪੂਰਨ ਕੀਤਾ। ਫਿਰ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਜੀ ਤੇ ਆਖਿਰ 'ਚ ਭਾਈ ਸਾਹਿਬ ਸਿੰਘ ਜੀ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ਅੰਮ੍ਰਿਤ ਛਕਣ ਸਮੇਂ ਜੋ ਇਕ ਬਾਟਾ ਖਾਲੀ ਜ਼ਮੀਨ ਤੇ ਰੱਖਿਆ ਸੀ ਉਸ ਬਾਟੇ ਵਿਚ ਪੰਜ ਹੀ ਪਿਆਰਿਆਂ ਦੇ ਹੱਥਾਂ ਵਿਚ ਗਿਰਿਆ ਅੰਮ੍ਰਿਤ ਨੂੰ ਉਪਰਲੇ ਬਾਟੇ ਵਿਚ ਪਾਇਆ, ਪਾਕੇ ਫਿਰ ਸਤਿਗੁਰੂ ਜੀ ਨੇ ਆਪਣੇ ਹੱਥੀ ਬਾਕੀ ਦਾ ਸਾਰਾ ਅੰਮ੍ਰਿਤ ਪੰਜ ਪਿਆਰਿਆਂ ਨੂੰ ਪਿਲਾ ਦਿੱਤਾ।

ਸਤਿਗੁਰੂ ਜੀ ਸੰਪੂਰਨ ਮੂਲ ਮੰਤਰ ਅੱਗੇ-ਅੱਗੇ ਜਪੀ ਗਏ।

1. ਇਥੇ ਪਾਠਕ ਵੀਰਾਂ ਨੇ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੋਵੇਗਾ ਉਹ ਸਾਰੇ ਤਾਂ ਇਸ ਮਰਯਾਦਾ ਨੂੰ ਜਾਣਦੇ ਹੋਣਗੇ। ਬਾਕੀ ਬੇ ਅੰਮ੍ਰਿਤੀ ਵੀਰਾਂ ਨੂੰ ਬੇਨਤੀ ਹੈ ਤੁਸੀ ਇਕ ਝੂਠੀ ਕਹਾਣੀ ਵੀ ਸੁਣੀ ਹੋਵੇਗੀ ਤੇ ਇਕ ਭੋਲੇ-ਭਾਲੇ ਵੀਰ ਨੇ ਉਸ ਦੀ ਫੋਟੋ ਵੀ ਬਣਾ ਦਿੱਤੀ ਹੈ। ਬਹੁਤਿਆਂ ਨੇ ਉਸ ਫੋਟੋ ਨੂੰ ਵੀ ਵੇਖਿਆ ਹੋਵੇਗਾ। ਉਹ ਮਿਥਿਹਾਸ ਇਉਂ ਹੈ ਕਿ ਗੁਰੂ ਜੀ ਨੇ ਇਕ ਕੌਲੀ ਵਿਚ ਅੰਮ੍ਰਿਤ ਪਾਕੇ ਥੋੜੀ ਦੂਰ ਰੱਖ ਦਿਤਾ ਤੇ ਦੋ ਚਿੜੀਆਂ ਨੇ ਛੱਕ ਲਿਆ ਤੇ ਇਕ ਦੂਜੇ ਨਾਲ ਲੜ ਲੜ ਕੇ ਲਹੂ ਲੁਹਾਣ ਹੋਏ। ਫਿਰ ਮਾਤਾ ਜੀ ਨੇ ਬੇਨਤੀ ਕੀਤੀ ਗੁਰੂ ਜੀ ਤੁਸੀਂ ਇਹ ਕੀ ਤਿਆਰ ਕੀਤਾ ਸਿੱਖ ਤਾਂ ਆਪਸ ਵਿਚ ਲੜ ਲੜ ਕੇ ਮਰ ਜਾਣਗੇ।ਮਾਤਾ ਜੀ ਗਏ ਤੇ ਭੱਜ ਕੇ ਪਤਾਸੇ ਲੈ ਕੇ ਆਏ ਇਸ ਕੌੜੇ ਅੰਮ੍ਰਿਤ ਨੂੰ ਮਿੱਠਾ ਪਾਕੇ ਠੀਕ ਕੀਤਾ। ਫਿਰ ਗੁਰੂ ਜੀ ਨੇ ਮਾਤਾ ਸਾਹਿਬ ਦੇਵਾਂ ਦਾ ਧੰਨਵਾਦ ਕੀਤਾ ਕਿ ਤੁਸੀ ਅੱਜ ਬਹੁਤ ਵੱਡੀ ਮੁਸੀਬਤ ਤੋਂ ਬਚਾ ਲਿਆ। ਇਹ ਨਿਰਮੂਲ ਹੈ। ਇਥੇ ਤੁਸੀਂ ਵੇਖਿਆ ਹੈ ਅੰਮ੍ਰਿਤ ਨੂੰ ਜ਼ਮੀਨ ਤੇ ਵੀ ਡਿੱਗਣ ਨਹੀਂ ਦਿੱਤਾ ਜਾਂਦਾ, ਪੂਰਨ ਸਤਿਕਾਰ ਕੀਤਾ ਜਾਂਦਾ ਹੈ। ਚਿੱੜੀਆਂ ਸਨ ਨੀਵੀਆਂ ਜਾਤਾਂ ਵਾਲੇ ਬਾਜ ਸਨ ਉਚੀ ਜਾਤਾਂ ਵਾਲੇ ਬਾਈਧਰ ਦੇ ਰਾਜੇ, ਉਨ੍ਹਾਂ ਨੂੰ ਅੰਮ੍ਰਿਤ ਛੱਕ ਕੇ ਬਾਜਾਂ ਨੂੰ ਮਾਰਿਆ ਸੀ।

ਪਿੱਛੇ ਪਿੱਛੇ ਪੰਜ ਪਿਆਰਿਆਂ ਨੇ ਜਪਿਆ। ਮੂਲ ਮੰਤਰ ਫਿਰ ਗੁਰਮੰਤਰ 'ਵਾਹਿਗੁਰੂ' ਦ੍ਰਿੜ੍ਹ ਕਰਵਾਇਆ ਗਿਆ।

ਪਾਤਸ਼ਾਹ ਜੀ ਨੇ ਫਿਰ ਪਵਿੱਤ੍ਰ ਦੇਗ ਇਕ ਥਾਲੀ ਵਿਚ ਪਾਕੇ ਪੰਜ ਪਿਆਰਿਆਂ ਨੂੰ ਇਕੱਠੇ ਬਿਠਾ ਕੇ ਰੱਜ ਰੱਜ ਕੇ ਦੇਗ ਪ੍ਰਸਾਦਿ ਛਕਾਇਆ ਗਿਆ। ਮਰਯਾਦਾ ਸੰਪੂਰਨ ਕਰਕੇ ਫਿਰ ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਸੰਬੋਧਨ ਕੀਤਾ।

ਤੁਸੀ ਅੱਜ ਤੋਂ ਵਾਹਿਗੁਰੂ ਜੀ ਕਾ ਖਾਲਸਾ ਬਣ ਗਏ ਹੋ ਹੁਣ ਤੁਸੀਂ ਇਕ ਦੂਜੇ ਨੂੰ ਪੂਰੇ ਨਾਮ ਨਾਲ ਹੀ ਬੁਲਾਉਣਾ ਹੈ। ਤੁਹਾਡੇ ਅੱਜ ਤੋਂ ਸੰਪੂਰਨ ਨਾਮ ਹਨ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਜੀ ਜੋ ਤੁਸੀ ਅੱਜ ਤੋਂ ਪਹਿਲੇ ਰਾਮ ਚੰਦ ਦਾਸ ਆਦਿ ਲਗਾਉਂਦੇ ਸੀ ਹੁਣ ਨਹੀਂ ਲਗਾਉਣਾ।

ਆਪਣੇ ਨਾਮ ਨਾਲ ਸਿੰਘ ਹੀ ਲਗਾਉਣਾ ਹੈ। ਪੰਜ ਕਕਾਰਾਂ ਦੇ ਧਾਰਨੀ ਰਹਿਣਾ ਹੈ (ਕੰਘਾ, ਕੜਾ, ਕਿਰਪਾਨ ਤੇ ਕਛਹਿਰਾ ਹਰ ਵੇਲੇ ਧਾਰਨ ਕਰਕੇ ਰੱਖਣਾ ਹੈ)।

ਚਾਰ ਬਜਰ ਕੁਰਹਿਤਾਂ ਤੋਂ ਸਦਾ ਲਈ ਬਚਣਾ ਹੈ। ਭਾਵ ਕੇਸ ਨਹੀਂ ਕਟਾਉਣੇ ਨਾ ਹੀ ਆਪ ਕੱਟਣੇ, ਕੱਠੇ ਦਾ ਅਸਲ ਅਰਥ ਹੈ - ਮਾਸ (ਕੋਹ ਕੇ ਪ੍ਰਾਪਤ ਕੀਤਾ ਹੋਇਆ ਮਾਸ), ਤੰਬਾਕੂ ਨਹੀਂ ਵਰਤਣਾ, ਪਰ ਇਸਤਰੀ ਗਾਮੀ ਨਹੀਂ ਹੋਣਾ।

ਇਸ ਤਰ੍ਹਾਂ ਪਾਤਸ਼ਾਹ ਨੇ ਹੋਰ ਵੀ ਬਹੁਤ ਸਾਰੀਆਂ ਹਿਦਾਇਤਾਂ ਦਿੱਤੀਆਂ। ਇਹ ਸ਼ਰਤਾਂ ਪੰਜ ਪਿਆਰਿਆਂ ਨੇ ਵੀ ਸਰਵਨ ਕੀਤੀਆਂ ਅਤੇ ਬਾਕੀ ਸੰਗਤ ਨੇ ਵੀ ਧਿਆਨ ਨਾਲ ਸਰਵਨ ਕੀਤੀਆਂ।

ਪੰਜ ਪਿਆਰਿਆਂ ਨੇ ਗੁਰੂ ਜੀ ਦੇ ਚਰਨਾਂ ਤੇ ਸੀਸ ਨਿਵਾਇਆ ਤੇ ਹੁਣ ਗੁਰੂ ਜੀ ਨੇ ਫਿਰ ਵਰਜਿਆ ਤੇ ਸੁਮੱਤ ਦਿੱਤੀ, ਐ ਪਿਆਰਿਓ, ਤੁਹਾਡਾ ਸੀਸ ਹੁਣ ਆਮ ਸਿਰ ਨਹੀਂ ਰਿਹਾ ਜੋ ਹਰ ਥਾਂ ਤੇ ਨਿਵਦਾ ਫਿਰੇ, ਇਹ ਸੀਸ ਅਕਾਲ ਪੁਰਖ ਤੋਂ ਬਿਨਾਂ ਕਿਸੇ ਦੇ ਅੱਗੇ ਨਹੀਂ ਝੁਕਾਉਣਾ। ਆਦਰ-ਮਾਨ ਸਭ ਦਾ ਕਰਨਾ ਹੈ ਜੋ ਤੁਹਾਡੇ ਅੱਗੇ ਆਵੇ ਉਸ ਨੂੰ ਗਜ-ਬਜ ਕੇ

ਫਤਹਿ [1] ਬੁਲਾਉਣੀ ਹੈ।

ਬਾਕੀ ਦਾ ਸਾਰਾ ਜੀਵਨ ਅਕਾਲ ਪੁਰਖ ਦੀ ਅਮਾਨਤ ਸਮਝ ਕੇ ਜੀਣਾ ਹੈ। ਜਦੋਂ ਐਸੇ ਬੀਰ ਰਸ ਦੀ ਤਾਕਤ ਆਪਣੇ ਖਾਲਸੇ ਅੰਦਰ ਦੇਖੀ ਪੰਜ ਪਿਆਰਿਆਂ ਦੇ ਚਿਹਰੇ ਅਕਾਲ ਪੁਰਖ ਦੀ ਕਿਰਪਾ ਨਾਲ ਦਗ ਦਗ ਕਰ ਰਹੇ ਸਨ ਤਾਂ ਫਿਰ ਸਹੀ ਸਮਾਂ ਜਾਣਕੇ ਆਪ ਜੀ ਨੇ ਬੇਨਤੀ ਕੀਤੀ।

ਐ ਅਕਾਲ ਪੁਰਖ ਦੀ ਫੌਜ ਗੁਰੂ ਖ਼ਾਲਸਾ ਜੀਓ ਜਿਸ ਮਰਯਾਦਾ ਨਾਲ ਅਸੀਂ ਆਪ ਜੀ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਦਾਸ ਰਾਮ ਚੰਦ, ਤੋ ਸਿੰਘ ਸਜਾਇਆ ਹੈ ਹੁਣ ਮੇਰੇ ਤੇ ਵੀ ਕਿਰਪਾ ਕਰੋ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਸਜਾਵੋ ਮੈਨੂੰ ਵੀ ਇਹ ਅੰਮ੍ਰਿਤ ਦੀ ਦਾਤ ਦੇਵੋ।

ਭਾਈ ਦਇਆ ਸਿੰਘ ਜੀ ਨੇ ਬੇਨਤੀ ਕੀਤੀ ਸਤਿਗੁਰੂ ਜੀ ਆਪ ਜੀ ਤਾਂ ਅੰਮ੍ਰਿਤ ਦੇ ਦਾਤੇ ਹੋ ਸਾਨੂੰ ਅੰਮ੍ਰਿਤ ਦੀ ਦਾਤ ਦਿੱਤੀ ਹੈ। ਫਿਰ ਆਪ ਜੀ ਨੂੰ ਅੰਮ੍ਰਿਤ ਦੀ ਕੀ ਲੋੜ ਹੈ।

ਫਿਰ ਪਾਤਸ਼ਾਹ ਜੀ ਨੇ ਗੁਰੂ ਖਾਲਸੇ ਅੱਗੇ ਬੇਨਤੀ ਕੀਤੀ। ਹੇ ਅਕਾਲ ਪੁਰਖ ਦੀ ਮੌਜ ਤੋਂ ਪ੍ਰਗਟ ਹੋਏ ਖਾਲਸੇ ਮੈਨੂੰ ਅਕਾਲ ਪੁਰਖ ਨੇ ਆਪਣਾ ਪੁੱਤਰ [2] ਬਣਾ ਕੇ ਪੰਥ ਖਾਲਸਾ ਸਾਜਣ ਵਾਸਤੇ ਤੇ ਇਸ ਦਾ ਪ੍ਰਚਾਰ ਕਰਨ ਵਾਸਤੇ ਹੀ ਸੰਸਾਰ ਵਿੱਚ ਭੇਜਿਆ ਹੈ। ਜਿਮ ਤਿਨ [3] ਕਹਿਆ ਹੈ ਉਸੇ ਤਰ੍ਹਾਂ ਕਰਨਾ ਹੈ, ਜੇ ਕੋਈ ਮੈਨੂੰ ਪ੍ਰਮੇਸ਼ਰ [4] ਆਖੇਗਾ ਤਾਂ ਨਰਕਾਂ ਦਾ ਭਾਗੀ ਹੋਵੇਗਾ। ਅੰਮ੍ਰਿਤ ਦਾ ਦਾਤਾ ਆਪ ਨਿਰੰਕਾਰ ਅਕਾਲ ਪੁਰਖ ਹੈ। ਜੋ ਮਰਯਾਦਾ ਪਿਆਰਿਓ ਆਪ ਜੀ ਨੂੰ ਦ੍ਰਿੜ ਕਰਵਾਈ ਹੈ ਉਹ ਵੀ ਅਕਾਲ ਪੁਰਖ ਦੀ ਹੈ। ਤੁਸੀ ਤਾਂ ਅਕਾਲ ਪੁਰਖ ਅੱਗੇ ਸੀਸ ਭੇਂਟ ਕੀਤੇ ਹਨ। ਮੈਂ ਇਸ ਖਾਲਸਾ ਪੰਥ ਅੱਗੇ ਪੂਰਨ ਸਰਬੰਸ ਭੇਂਟਾ ਕਰਦਾ

1. ਆਗੇ ਆਵਤ ਸਿੰਘ ਜੁ ਪਾਵੈ। ਵਾਹਿਗੁਰੂ ਕੀ ਫਤੇ ਬੁਲਾਵੈ॥
ਨੋਟ : ਇਤਿਹਾਸ ਗਵਾਹ ਹੈ, ਪੰਥ ਸਾਜਨਾ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸਿੰਘਾਂ ਕੋਲੋਂ ਚਰਨੀ ਹੱਥ ਨਹੀਂ ਲਗਵਾਏ ਸਿਰਫ ਫਤਹਿ ਦਾ ਹੁਕਮ ਸੀ।
2. ਮੈ ਅਪਨਾ ਸੁਤ ਤੁਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕਉ ਸਾਜਾ।
3. ਜਿਮ ਤਿਨ ਕਹੀ ਤਿਨੈ ਤਿਮ ਕਹਿ ਹੋਂ। ਅਉਤ ਕਿਸੂ ਤੇ ਬੈਰ ਨ ਗਹਿ ਹੋ।
4. ਜੋ ਹਮ ਕੋ ਪਰਮੇਸਰ ਉਚਰਿ ਹੈਂ। ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।

ਹਾਂ। ਮੈਨੂੰ ਤਾਂ ਅਕਾਲ ਪੁਰਖ[1] ਦਾ ਦਾਸ ਜਾਨੋ, ਇਸ ਵਿਚ ਰੰਚਕ (ਰੱਤੀ ਵੀ) ਵੀ ਭੇਦ ਨਹੀਂ ਹੈ ਮੈਂ ਤਾਂ ਉਸ ਪਰਮ ਪੁਰਖ ਦਾ ਦਾਸ ਹਾਂ ਤੇ ਇਸ ਸੰਸਾਰ ਤੇ ਉਸ ਦੀ ਰਚੀ ਹੋਈ ਸ੍ਰਿਸ਼ਟੀ ਦਾ ਤਮਾਸ਼ਾ ਵੇਖਣ ਆਇਆ ਹਾਂ।

ਮੈਨੂੰ ਵੀ ਅਕਾਲ ਪੁਰਖ ਦੀ ਫੌਜ ਵਿਚ ਦਾਖਲ ਕਰ ਲਵੋ। ਅਕਾਲ ਪੁਰਖ ਦਾ ਬਖ਼ਸ਼ੀ ਅੰਮ੍ਰਿਤ ਦੀ ਦਾਤ ਮੇਰੀ ਝੋਲੀ ਵਿਚ ਪਾਵੋ। ਐ ਖਾਲਸਾ ਜੀ ਉਸ ਅੰਮ੍ਰਿਤ ਦੀ ਮਰਿਯਾਦਾ ਵਿਚ ਮੈਨੂੰ ਵੀ ਲਿਆਵੋ।

ਹੁਣ ਤਕ ਮਹਾਰਾਜ ਗੁਰੂ ਬਣੇ ਰਹੇ? ਤੇ ਹੁਣ ਆਪ ਜੀ ਦੀ ਸਿੱਖ ਬਣਨ ਦੀ ਵਾਰੀ ਆ ਗਈ। ਆਪ ਦੋਵੇਂ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਬੋਲੇ, ਹੇ ਅਕਾਲ ਪੁਰਖ ਦੇ ਸਾਜੇ ਹੋਏ ਖ਼ਾਲਸਾ ਜੀਓ ਤੁਸੀਂ ਸਾਰੇ ਸਿੱਖ ਕੌਮ ਸਾਰੀ ਸੰਗਤ ਨੂੰ ਅੰਮ੍ਰਿਤ ਦੀ ਦਾਤ ਬਖਸ਼ਣੀ ਹੈ। ਸਭ ਤੋਂ ਪਹਿਲੇ ਇਹ ਦਾਤ ਸੇਵਕ ਗੋਬਿੰਦ ਰਾਏ ਨੂੰ ਬਖਸ਼ੋ। ਅੰਮ੍ਰਿਤ ਦੀ ਦਾਤ ਛਕਾ ਕੇ ਮੈਨੂੰ ਵੀ ਅੱਜ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣਾ ਦੇਵੋ। ਅੰਮ੍ਰਿਤ ਦੀ ਮਰਿਯਾਦਾ ਦ੍ਰਿੜ੍ਹ ਕਰਵਾ ਦੇਵੋ। ਸਿੰਘ ਸਜਾ ਕੇ ਮੈਨੂੰ ਆਪਣੇ ਵਿਚ ਅਭੇਦ ਕਰ ਦੇਵੋ ਮੇਰੇ ਵਿਚ ਤੇ ਖਾਲਸੇ ਵਿਚ ਕੋਈ ਭੇਦ ਨਾ ਹੋਵੇ।

ਪਿਛਲੀਆਂ ਕਈ ਸਦੀਆ ਤਕ ਨਜ਼ਰ ਪਾ ਕੇ ਵੇਖੋ ਧਾਰਮਿਕ ਇਤਿਹਾਸ ਵਿਚ ਪਹਿਲੀ ਅਨੋਖੀ ਘਟਨਾ ਹੈ। ਗੁਰੂ ਚੇਲਿਆਂ ਪਾਸੋਂ ਦੀਖਿਆ ਲੈਣ ਵਾਸਤੇ ਬੇਨਤੀ ਕਰ ਰਿਹਾ ਹੈ।

ਬੇਨਤੀ ਕੀਤੀ ਜਿਸ ਤਰ੍ਹਾਂ ਮੈਂ ਅੰਮ੍ਰਿਤ ਤਿਆਰ ਕੀਤਾ ਤੇ ਤੁਹਾਨੂੰ ਛਕਾਇਆ ਹੈ, ਤੁਸੀ ਉਸੇ ਤਰ੍ਹਾਂ ਅੰਮ੍ਰਿਤ ਮੈਨੂੰ ਛਕਾਉ। ਪੰਜ ਪਿਆਰੇ ਹੈਰਾਨ ਹੋ ਕੇ ਇਕ ਦੂਜੇ ਵੱਲ ਵੇਖਣ ਲੱਗੇ ਗੁਰੂ ਜੀ ਕੀ ਕਹਿ ਰਹੇ ਹਨ। ਦੀਵਾਨ ਵਿਚ ਬੈਠੀ ਸਾਰੀ ਸੰਗਤ ਵੀ ਹੈਰਾਨ ਹੋਣ ਲੱਗੀ ਇਹ ਪੰਜ ਪਿਆਰੇ ਹੁਣ ਕਿਵੇਂ ਕਰਨਗੇ।

ਫਿਰ ਗੁਰੂ ਜੀ ਬੋਲੇ ਝਿਜਕਦੇ ਕਿਉਂ ਹੋ ਮੇਰੇ ਪਿਆਰਿਓ? ਮੈਂ ਤੁਹਾਨੂੰ ਪੰਜਾਂ ਇਕੱਠਿਆਂ ਨੂੰ ਆਪਣਾ ਰੂਪ ਤੇ ਆਪਣਾ ਤੇਜ

1. ਮੋ ਕੋ ਦਾਸ ਤਵਨ ਕਾ ਜਾਨੋ। ਯਾ ਮੈ ਭੇਦ ਨਾ ਰੰਚ ਪਛਾਨੋ।

ਦਿਤਾ ਹੈ। ਹੁਣ ਤੁਸੀ ਖਾਸ ਰੂਪ ਖਾਲਸਾ ਹੋ। ਖਾਲਸਾ ਗੁਰੂ ਹੈ ਤੇ ਗੁਰੂ ਖ਼ਾਲਸਾ ਹੈ। ਮੈਂ ਤੁਹਾਡਾ ਗੁਰੂ ਹਾਂ, ਤੇ ਪੰਥ ਖਾਲਸਾ ਪੰਜਾਂ ਵਿਚ ਮੇਰਾ ਗੁਰੂ ਹੈ। ਮੈਨੂੰ ਵੀ ਆਪਣੇ ਵਿਚ ਅਭੇਦ ਕਰੋ ਤੁਸੀਂ ਤੇ ਮੈਂ ਹੁਣ ਸਦਾ ਲਈ ਇਕ ਹਾਂ। ਤੁਹਾਡੇ ਵਿਚ ਤੇ ਮੇਰੇ ਵਿਚ ਕੋਈ ਭਿੰਨ ਭੇਦ ਨਹੀਂ ਰਿਹਾ। ਇਸ ਸਮੇਂ ਮੈਂ ਤੁਹਾਡਾ ਚੇਲਾ ਹਾਂ ਮੈਂ ਅੰਮ੍ਰਿਤ ਅਭਿਲਾਖੀ ਹਾਂ ਮੈਨੂੰ ਅੰਮ੍ਰਿਤ ਦੀ ਦਾਤ ਬਖਸ਼ੋ ਜੀ।

ਪੰਜ ਪਿਆਰਿਆਂ ਨੇ ਗੁਰ-ਮਤਾ ਸਾਧ ਕੇ ਆਪਸ ਵਿਚ ਕੀਤੀ ਜੋ ਅੱਜ ਪਾਤਸ਼ਾਹ ਸਾਨੂੰ ਹੁਕਮ ਦੇ ਰਹੇ ਹਨ ਉਸ ਹੁਕਮ ਦੀ ਪਾਲਣਾ ਕਰਨਾ ਹੀ ਸਾਡਾ ਧਰਮ ਹੈ। ਇਸ ਹੁਕਮ ਨੂੰ ਪੰਥ ਨੇ ਖਿੜ੍ਹੇ ਮੱਥੇ ਕਬੂਲਿਆ।

ਪੰਜਾਂ ਪਿਆਰਿਆ ਨੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਅੰਮ੍ਰਿਤ ਤਿਆਰ ਕਰਨਾ ਆਰੰਭ ਕੀਤਾ। ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਵਾਲੇ ਬਾਟੇ ਦੇ ਆਸੇ ਪਾਸੇ ਬੀਰ ਆਸਣ ਵਿਚ ਬਿਠਾਇਆ ਫਿਰ ਸਰਬ ਲੋਹ ਦੇ ਬਾਟੇ ਦੇ ਸਾਰੇ ਪਾਸੇ ਹੱਥ ਰਖਾਏ। ਪਹਿਲਾਂ ਸੱਜੇ ਹੱਥ ਖੰਡਾ ਭਾਈ ਦਿਆ ਸਿੰਘ ਦੇ ਹੱਥ ਦਿਤਾ ਤੇ ਖੱਬੇ ਹੱਥ ਨਾਲ ਬਾਟਾ ਫੜ੍ਹਨ ਵਾਸਤੇ ਕਹਿਆ। ਪੰਜ ਪਿਆਰਿਆਂ ਦੇ ਨੌ ਹੱਥ ਬਾਟੇ ਨੂੰ ਪਵਾਏ ਤੇ ਦੱਸਵੇਂ ਹੱਥ ਵਿਚ ਖੰਡਾ ਸੀ।

ਗੁਰੂ ਜੀ ਜੋ ਵੀ ਅੰਮ੍ਰਿਤ ਤਿਆਰ ਕਰਨ ਵਿਚ ਪੰਜ ਪਿਆਰਿਆਂ ਨੂੰ ਸੁਮੱਤ ਬਖਸ਼ ਰਹੇ ਸਨ ਉਸ ਪਿਛੇ ਵੀ ਬਹੁਤ ਵੱਡੀ ਫਿਲਾਸਫ਼ੀ ਛੁਪੀ ਬੈਠੀ ਸੀ। ਨੌ ਹੱਥਾਂ ਵਿਚ ਬਾਟਾ ਦੇਣਾ ਭਾਵ ਨੌ ਪਾਤਸ਼ਾਹੀ ਇਸ ਅੰਮ੍ਰਿਤ ਨੂੰ ਤਿਆਰ ਕਰਨ ਵਿਚ ਸ਼ਾਮਿਲ ਸੀ ਅਤੇ ਦੱਸਵੇਂ ਹੱਥ ਖੰਡਾ ਦੇਣਾ ਭਾਵ ਦਸਵੇਂ ਪਾਤਸ਼ਾਹ ਆਪ ਅੰਮ੍ਰਿਤ ਤਿਆਰ ਕਰ ਰਹੇ ਹਨ।

ਜਦੋਂ ਵੀ ਪੰਥ ਖਾਲਸਾ ਅੰਮ੍ਰਿਤ ਤਿਆਰ ਕਰੇਗਾ ਤਾਂ ਦੱਸ ਪਾਤਸ਼ਾਹੀ ਹਾਜ਼ਰ-ਨਾਜਰ ਹੋ ਕੇ ਇਹ ਅੰਮ੍ਰਿਤ ਤਿਆਰ ਕਰਨਗੀਆਂ।

ਪਹਿਲੇ ਪਿਆਰੇ ਭਾਈ ਦਇਆ ਸਿੰਘ ਜੀ ਨੇ ਸ੍ਰੀ ਜਪੁਜੀ

ਸਾਹਿਬ ਦੀ ਬਾਣੀ ਸੰਪੂਰਨ ਕੀਤੀ ਤਾਂ ਨਾਲ ਹੀ ਭਾਈ ਧਰਮ ਸਿੰਘ ਜੀ ਨੇ ਜਾਪ ਸਾਹਿਬ ਦੀ ਬਾਣੀ ਆਰੰਭ ਕੀਤੀ। ਫਿਰ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਖ਼ੀਰ ਭਾਈ ਸਾਹਿਬ ਸਿੰਘ ਜੀ ਦੇ ਹਿੱਸੇ ਅਨੰਦ ਸਾਹਿਬ ਦੀ ਬਾਣੀ ਸੰਪੂਰਨ ਕੀਤੀ। ਜਿਵੇਂ ਜਿਵੇਂ ਗੁਰੂ ਜੀ ਨੇ ਅੰਮ੍ਰਿਤ ਤਿਆਰ ਕੀਤਾ ਸੀ ਉਸੇ ਤਰ੍ਹਾਂ ਸੰਪੂਰਨ ਅੰਮ੍ਰਿਤ ਤਿਆਰ ਕੀਤਾ।

ਅਰਦਾਸ ਦੀ ਸੇਵਾ ਭਾਈ ਦਇਆ ਸਿੰਘ ਨੇ ਨਿਭਾਈ। ਗੁਰੂ ਜੀ ਨੇ ਉਨ੍ਹਾਂ ਪੰਜਾ ਪਾਸੋਂ ਉਵੇਂ ਹੀ ਅੰਮ੍ਰਿਤ ਛਕਿਆ, ਜਿਵੇਂ ਉਨ੍ਹਾਂ ਪੰਜਾਂ ਪਿਆਰਿਆਂ ਨੇ ਪਹਿਲਾਂ ਆਪ ਜੀ ਪਾਸੋਂ ਛਕਿਆ ਸੀ। ਇਹ ਸਭ ਕੁਝ ਜਿਵੇਂ ਸਾਰੀ ਸੰਗਤ ਵੇਖ ਰਹੇ ਸੀ ਤਾਂ ਸਤਿਕਾਰ ਯੋਗ ਦੂਜੇ ਭਾਈ ਗੁਰਦਾਸ ਜੀ ਸੰਗਤ ਵਿਚ ਉਠ ਕੇ ਖਲੋ ਗਏ ਤੇ ਉੱਚੀ ਆਵਾਜ਼ ਵਿਚ ਗਾਉਣਾ ਸ਼ੁਰੂ ਕਰ ਦਿੱਤਾ।

"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।"

ਫਿਰ ਪੰਜ ਪਿਆਰਿਆਂ ਨੇ ਪੰਜ ਵਾਰੀ ਗਰਜਵੀਂ ਆਵਾਜ਼ ਵਿੱਚ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ। ਦੂਜੇ ਪਾਸੇ ਸਤਿਗੁਰੂ ਜੀ ਨੇ ਜਵਾਬ ਦੇ ਕੇ ਫਿਰ[1] ਪਹਿਲਾ ਜੈਕਾਰਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗਰਜਵੀਂ ਆਵਾਜ਼ ਵਿਚ ਆਖਿਆ। ਬੋਲੇ ਸੋ ਨਿਹਾਲ, ਪਿਛੇ ਪੰਜ ਪਿਆਰੇ ਅਤੇ ਸਾਰੀ ਸੰਗਤ ਨੇ ਜਵਾਬ ਦਿੱਤਾ ਸਤਿ ਸ੍ਰੀ ਅਕਾਲ। ਫਿਰ ਇੱਕ-ਇੱਕ ਪਿਆਰੇ ਨੇ ਜੈਕਾਰੇ ਗਜਾਏ। ਕੇਸਗੜ੍ਹ ਦੇ ਅਸਥਾਨ ਤੋਂ ਕਈ ਮੀਲ ਦੀ ਦੂਰੀ ਤਕ ਆ ਰਹੀਆਂ ਆਵਾਜ਼ਾਂ ਪਹੁੰਚੀਆਂ ਸਾਰਾ ਬ੍ਰਹਿਮੰਡ ਜੈਕਾਰਿਆਂ ਦੀ ਆਵਾਜ਼ ਨਾਲ ਗੂੰਜ ਉਠਿਆ।

ਫਿਰ ਭਾਈ ਦਇਆ ਸਿੰਘ ਨੇ ਅੱਗੇ ਵੱਧ ਕੇ ਭਰੀ ਸੰਗਤ ਵਿਚ ਸੰਬੋਧਨ ਕੀਤਾ ਕਿ ਭਾਈ ਅੱਜ ਤੋਂ ਸਤਿਗੁਰੂ ਜੀ ਦਾ ਨਾਮ

1. ਗਿਆਨੀ ਪਾਖਰ ਸਿੰਘ ਲਿਖਦੇ ਹਨ ਸੰਗਤ ਦਾ ਭਾਰੀ ਇਕੱਠ ਸੀ ਸਤਿਗੁਰੂ ਜੀ ਨੇ ਇਕ ਲੰਗਰ ਵੱਡਾ ਤੇ ਸੈਕੜੇ ਲੰਗਰ ਛੋਟੇ ਛੋਟੇ ਥਾਂ-ਥਾਂ ਤੇ ਲਾਏ ਸਨ ਤਾਂਕਿ ਸਰੀਰਕ ਭੁੱਖ ਕਰਕੇ ਕਿਸੇ ਨੂੰ ਤੰਗੀ ਨਾ ਆਵੇ। ਲੋੜਵੰਦ ਸੰਗਤਾਂ ਲੰਗਰ ਛੱਕ ਕੇ ਫਿਰ ਦੀਵਾਨ ਵਿਚ ਬੈਠਦੀਆਂ ਸਨ। ਜਦੋਂ ਜੈਕਾਰਿਆ ਦੀ ਗੁੰਜਾਰ ਦੂਰ-ਦੂਰ ਤਕ ਗਈ ਤਾਂ ਸਾਰੀਆਂ ਸੰਗਤਾਂ ਦੀਵਾਨ ਹਾਲ ਵਿਚ ਹਾਜਰ ਹੋ ਗਈਆਂ।

ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਦੇ ਦਿੱਤਾ ਗਿਆ ਹੈ। ਫਿਰ ਜੈਕਾਰਿਆਂ ਦੀ ਗੂੰਜ ਪੈ ਗਈ।

ਗੁਰੂ ਕਲਗੀਧਰ ਪਾਤਸ਼ਾਹ ਸੰਗਤਾਂ ਦੇ ਸਨਮੁਖ ਹੋਏ ਤੇ ਸੰਬੋਧਨ ਕਰਕੇ ਕਿਹਾ, ਖਾਲਸਾ ਜੀ! ਗੁਰੂ ਨਾਨਕ ਦੇਵ ਜੀ ਦਾ ਚਲਾਇਆ ਹੋਇਆ ਨਿਰਮਲ ਪੰਥ[1] ਅੱਜ ਸੰਪੂਰਨ ਹੋਇਆ ਹੈ। ਅੱਜ ਤੋਂ ਚਰਨ ਪਹੁਲ ਦੀ ਥਾਂ ਖੰਡੇ ਦਾ ਅੰਮ੍ਰਿਤ ਪਰਵਾਨ ਹੋਵੇਗਾ। ਇਹ ਪੰਥ ਅਕਾਲ ਪੁਰਖ ਦੀ ਮੌਜ ਨਾਲ ਹੀ ਸੰਪੂਰਨ ਭਏ ਹਨ।

ਇਹ ਦੀਵਾਨ ਰਾਤ ਦੇ ਤੀਜੇ ਪਹਿਰੇ ਆਰੰਭ ਕੀਤਾ ਸੀ ਭਾਵ ਸਵੇਰੇ ਤਿੰਨ ਵਜੇ ਤੇ ਦਿਨ ਪਹਿਲੇ ਪਹਿਰ ਤੋਂ ਵੀ ਅੱਗੇ ਲੰਘ ਚੁੱਕਾ ਸੀ ਪਰ ਸੰਗਤਾਂ ਦੇ ਹਿਰਦੇ ਵਿਚ ਇਹ ਚਾਹ ਸੀ ਸ਼ਾਇਦ ਪਹਿਲੇ ਦੀ ਤਰ੍ਹਾਂ ਗੁਰੂ ਜੀ ਫਿਰ ਇੱਕ-ਇੱਕ ਸਿਰ ਦੀ ਮੰਗ ਕਰਨਗੇ ਤੇ ਫਿਰ ਅੰਮ੍ਰਿਤ ਦੀ ਦਾਤ ਬਖਸ਼ਣਗੇ। ਹੁਣ ਤਾਂ ਸਾਰੀਆਂ ਸੰਗਤਾਂ ਪੂਰੀ ਤਿਆਰੀ ਨਾਲ ਬੈਠੀਆਂ ਸਨ। ਸਾਰੇ ਬੈਠੇ ਸੋਚ ਰਹੇ ਸਨ ਕਿ ਪਹਿਲੇ ਮੈਂ ਉਠਾਂਗਾ, ਪਰ ਹੋਇਆ ਕੁਝ ਹੋਰ ਹੀ। ਸਾਹਿਬ ਨੇ ਚੱਲਦੇ ਦੀਵਾਨ ਦੀ ਸਮਾਪਤੀ ਭਾਵ ਪਵਿਤ੍ਰ ਕੜਾਹ ਪ੍ਰਸਾਦ ਵਰਤਾਉਣ ਦਾ ਹੁਕਮ ਦਿੱਤਾ ਤਾਂ ਸਾਰੀਆਂ ਸੰਗਤਾਂ ਵਿੱਚੋਂ ਕਈ ਆਵਾਜ਼ਾਂ ਆਈਆਂ।

ਪਾਤ੍ਰਸ਼ਾਹ ਅਸੀਂ ਵੀ ਆਪ ਜੀ ਦੇ ਹੀ ਹਾਂ। ਭੁੱਲ ਗਏ ਤਾਂ ਪਹਿਲੇ ਪਿਆਰੇ ਪ੍ਰਵਾਨ ਨਹੀਂ ਹੋ ਸਕੇ। ਸਾਨੂੰ ਚਰਨਾਂ ਨਾਲੋਂ ਵਿਛੋੜਨਾ ਨਾ। ਇਕ ਤਰਲਾ ਪਾ ਕੇ ਸਾਰੇ ਸ਼ਰਧਾਲੂਆਂ ਨੇ ਬੇਨਤੀ ਕੀਤੀ।

ਗੁਰੂ ਜੀ ਸਭ ਨੂੰ ਪਿਆਰ ਨਾਲ ਦਿਲਾਸਾ ਦੇ ਰਹੇ ਸਨ, ਘਬਰਾਉ ਨਹੀਂ। ਧੀਰਜ ਦੇਂਦਿਆ ਕਿਹਾ ਤੁਸੀ ਵੀ ਮੇਰੇ ਹੋ, ਤੁਹਾਨੂੰ ਵਿਛੋੜਿਆ ਨਹੀਂ ਗਿਆ ਜਗਾਇਆ ਗਿਆ ਹੈ। ਅਕਾਲ ਪੁਰਖ ਦੀ ਆਗਿਆ ਕੇਵਲ ਪੰਜਾਂ ਨੂੰ ਚੁਣਨ ਦੀ ਸੀ। ਪਰਮੇਸ਼ਰ ਦਾ ਹੁਕਮ ਪੂਰਾ ਕੀਤਾ ਹੈ। ਅੰਮ੍ਰਿਤ ਵੇਲੇ ਦੇ ਦੀਵਾਨਾਂ ਦੀ

1. ਮਾਰੀਆ ਸੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।
(ਭਾ. ਗੁਰਦਾਸ ਜੀ 1)

ਸਮਾਪਤੀ ਹੋਈ ਹੈ ਦਿਨ ਦੇ ਦੂਜੇ ਪਹਿਰ ਦੀਵਾਨ ਫਿਰ ਆਰੰਭ ਕੀਤੇ ਜਾਣਗੇ ਉਸ ਵਿਚ ਤੁਹਾਨੂੰ ਵੀ ਅੰਮ੍ਰਿਤ ਦੀ ਦਾਤ ਦਿੱਤੀ ਜਾਵੇਗੀ। ਫਿਰ ਸੰਗਤਾਂ ਦੇ ਹਿਰਦੇ ਦਾ ਚਾਹ ਵੇਖ ਕੇ ਅੰਮ੍ਰਿਤ ਦੀ ਭੁੱਖ ਵੇਖ ਕੇ ਸਤਿਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਹੁਕਮ ਦਿੱਤਾ ਜਲਦੀ ਤੋਂ ਜਲਦੀ ਅੰਨ-ਜਲ ਛੱਕ ਕੇ ਅਗਲੇ ਦੀਵਾਨ ਸਜਾਏ ਜਾਣ। ਜੋ ਇਕ ਸਭ ਤੋਂ ਵੱਡਾ ਸਰਬ ਲੋਹ ਦਾ ਕੜਾਹਾ ਤਿਆਰ ਕਰਵਾਇਆ ਹੈ ਉਸ ਵਿਚ ਅੰਮ੍ਰਿਤ ਤਿਆਰ ਕੀਤਾ ਜਾਵੇ। ਫਿਰ ਛੋਟੇ ਪੰਜ ਬਾਟੇ ਵਿਚ ਪਾਕੇ ਪਹਿਲੇ ਪੰਜਾਂ ਨੂੰ ਅੰਮ੍ਰਿਤ ਦਾ ਇਕ ਬਾਟਾ ਦੇ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਆਰੰਭ ਕੀਤੀ ਜਾਵੇ।

ਦਿਨ ਦੇ ਦੀਵਾਨ ਸਜਣੇ ਆਰੰਭ ਹੋਏ ਭਾਰੀ ਸੰਗਤ ਦਾ ਇਕੱਠ ਜੈਕਾਰਿਆਂ ਦੀ ਗੁੰਜ਼ਾਰ ਵਿਚ ਪਾਤਸ਼ਾਹ ਤਖ਼ਤ ਤੇ ਹਾਜ਼ਰ ਹੋਏ। ਦੂਜੇ ਪਾਸੇ ਪੰਜ ਪਿਆਰਿਆਂ ਨੇ ਸ਼੍ਰੋਮਣੀ ਗੁਰਸਿੱਖਾਂ ਦੇ ਪੰਜ ਜੱਥੇ ਤਿਆਰ ਕੀਤੇ ਜਿਨ੍ਹਾਂ ਨੂੰ ਪੰਜ ਬਾਣੀਆਂ ਨਹੀਂ ਹੋਰ ਵੀ ਬਹੁਤ ਸਾਰੀ ਬਾਣੀ ਯਾਦ ਸੀ ਤੇ ਗੁਰਸਿੱਖੀ ਨੂੰ ਕੋਲੇ ਹੋਕੇ ਵੇਖਣ ਦਾ ਸਮਾਂ ਮਿਲਿਆ। ਇਨ੍ਹਾਂ ਗੁਰਸਿੱਖਾਂ ਦੇ ਨਾਮ ਗਿਆਨੀ ਪਾਖਰ ਸਿੰਘ ਜੀ ਇੰਝ ਵਰਨਣ ਕਰਦੇ ਹਨ।

ਪਹਿਲਾ ਜੱਥਾ - ਭਾਈ ਰਾਮ ਸਿੰਘ, ਭਾਈ ਦੇਵਾ ਸਿੰਘ, ਭਾਈ ਟਹਿਲ ਸਿੰਘ, ਭਾਈ ਈਸ਼ਰ ਸਿੰਘ, ਭਾਈ ਫ਼ਤਹਿ ਸਿੰਘ[1]।

ਦੂਜਾ ਜੱਥਾ - ਬਾਬਾ ਅਜੀਤ ਸਿੰਘ ਜੀ, ਬਾਬਾ ਦੀਪ ਸਿੰਘ, ਬਾਬਾ ਹੀਰਾ ਸਿੰਘ, ਭਾਈ ਮਨੀ ਸਿੰਘ, ਭਾਈ ਦੇਸਾ ਸਿੰਘ।[2]

1. ਇਸ ਪਹਿਲੇ ਜੱਥੇ ਦਾ ਵੇਰਵਾ ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼ ਰੁੱਤ ਤੀਸਰੀ ਫਿਰ ਗਿ:ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ ਵਿਚ ਪੰਨਾ 1094 ਤੇ ਹੈ। ਇਹ ਫਤਹਿ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਨਹੀਂ ਹੈ। ਕਿਉਂਕਿ ਬਾਬਾ ਫਤਹਿ ਸਿੰਘ ਸਾਹਿਬਜਾਦੇ ਦਾ ਜਨਮ ਹੀ 1699 ਵਿੱਚ ਹੋਇਆ।
2. ਬਾਬਾ ਅਜੀਤ ਸਿੰਘ ਦੀ ਉਮਰ ਉਦੋਂ 12 ਸਾਲ ਦੀ ਸੀ। ਬਾਬਾ ਦੀਪ ਸਿੰਘ ਦੀ ਉਮਰ ਉਦੋਂ 19 ਸਾਲ ਦੀ ਸੀ ਬਾਬਾ ਹੀਰਾ ਸਿੰਘ ਦੀ ਉਮਰ 17 ਸਾਲ ਸੀ। ਚੌਥੇ ਭਾਈ ਮਨੀ ਸਿੰਘ ਤੇ ਉਨ੍ਹਾਂ ਦੇ ਸਪੁੱਤਰ ਸਨ ਭਾਈ ਦੇਸਾ ਸਿੰਘ ਜੀ ਜਿਨ੍ਹਾਂ ਨੇ ਰਹਿਤਨਾਮੇ ਵਿਚ ਬਹੁਤ ਸੇਵਾ ਨਿਬਾਹੀ ਹੈ।

ਤੀਜਾ ਜੱਥਾ - ਭਾਈ ਜੀਵਨ ਸਿੰਘ, ਭਾਈ ਧਿਆਨ ਸਿੰਘ, ਭਾਈ ਧੰਨਾ ਸਿੰਘ, ਭਾਈ ਮਾਨ ਸਿੰਘ, ਭਾਈ ਮਾਲਾ ਸਿੰਘ ਜੀ।[1]

ਚੌਥਾ ਜੱਥਾ - ਭਾਈ ਸੰਤਾ ਸਿੰਘ, ਭਾਈ ਸੁੱਖਾ ਸਿੰਘ, ਭਾਈ ਟਹਿਲ ਸਿੰਘ, ਭਾਈ ਨੰਦ ਸਿੰਘ, ਭਾਈ ਲੱਖਾ ਸਿੰਘ ਜੀ।[2]

ਪੰਜਵਾ ਜੱਥਾ - ਭਾਈ ਮਾਨ ਸਿੰਘ, ਭਾਈ ਮੋਤਾ ਸਿੰਘ, ਭਾਈ ਮਦਨ ਸਿੰਘ, ਭਾਈ ਮੱਲ ਸਿੰਘ, ਭਾਈ ਆਸਾ ਸਿੰਘ ਜੀ।

ਇਹ ਪੰਜ ਜੱਥਿਆਂ ਨੂੰ ਇੱਕ-ਇੱਕ ਪਿਆਰੇ ਨੇ ਪੂਰਨ ਮਰਿਯਾਦਾ ਸਮਝਾਈ। ਪਹਿਲਾਂ ਵੱਡਾ ਬਾਟਾ (ਕੜਾਹਾ) ਅੰਮ੍ਰਿਤ ਤਿਆਰ ਕੀਤਾ। ਉਸ ਵਿਚ ਤੀਹ ਸਿੰਘਾਂ ਨੇ ਮਿਲ ਕੇ ਤਿਆਰ ਕੀਤਾ। ਇਨ੍ਹਾਂ ਵਿਚ ਪੰਜ ਪਿਆਰਿਆਂ ਨੇ ਪੰਜ ਬਾਣੀਆਂ ਦੇ ਜਾਪ ਕੀਤੇ। ਬਾਕੀ ਪੱਚੀ ਸਿੰਘਾਂ ਨੇ ਕੋਲ ਬੈਠ ਵੀਰ ਆਸਣ ਵਿੱਚ ਇਸ ਮਰਿਯਾਦਾ ਨੂੰ ਦ੍ਰਿੜ ਕੀਤਾ ਕਿਉਂਕਿ ਬਾਅਦ ਵਿਚ ਇਨ੍ਹਾਂ ਸਿੰਘਾਂ ਨੇ ਅੰਮ੍ਰਿਤ ਤਿਆਰ ਕਰਨਾ ਸੀ ਇਨ੍ਹਾਂ ਨੂੰ ਪੂਰਨ ਸਿਖਲਾਈ ਦੇਣੀ ਅਤਿ ਜ਼ਰੂਰੀ ਸੀ।

ਪੰਜ ਪਿਆਰਿਆਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰਨਾ ਆਰੰਭ ਕੀਤਾ, ਇੱਧਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਖ਼ਤ ਕੇਸਗੜ੍ਹ ਤੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਅੰਮ੍ਰਿਤ ਅਭਲਾਖੀ ਸਿੱਖ ਸੰਗਤਾਂ ਨੂੰ ਸੰਬੋਧਨ ਕੀਤਾ।

"ਗੁਰੂ ਪਿਆਰਿਓ! ਅੱਜ ਦੇ ਦੀਵਾਨ ਵਿੱਚ ਜੋੜੇ ਹੋਏ ਸਿੱਖ ਤੇ ਸਤਿਕਾਰਯੋਗ ਬੀਬੀਆਂ, ਮਾਤਾਵਾਂ ਤੁਸੀ ਸਭ ਨੇ ਸਿੱਖੀ ਦਾ ਪ੍ਰਚਾਰ ਕਰਨਾ ਹੈ। ਤੁਹਾਡੇ ਉਪਰ ਮੈਨੂੰ ਬਹੁਤ ਮਾਣ ਹੈ। ਅੱਜ ਖ਼ਾਲਸਾ ਪੰਥ ਦੀ ਨੀਂਹ ਭਰਨੀ ਹੈ ਜਿਹੜੀਆਂ ਕੌਮਾਂ ਦੀ ਨੀਂਹ ਮਜਬੂਤ ਹੋਵੇ ਉਨ੍ਹਾਂ ਕੌਮਾਂ ਦੇ ਮਹਿਲ ਵੀ ਉੱਚੇ ਉਸਰਦੇ ਹਨ।"

"ਜਿਹੜੀਆਂ ਕੌਮਾਂ ਅਮਨ ਸਮੇਂ ਪਸੀਨਾ ਬਹਾਉਂਦੀਆਂ ਹਨ ਉਨ੍ਹਾਂ ਦਾ ਜੰਗ ਸਮੇਂ ਖ਼ੂਨ ਘੱਟ ਡੁੱਲ੍ਹਦਾ ਹੈ। ਜਿਹੜੇ ਅਮਨ ਸਮੇਂ ਆਰਾਮ ਕਰਦੇ ਹਨ ਉਨ੍ਹਾਂ ਦੇ ਸ਼ਸਤਰ ਨੂੰ ਜੰਗ (ਜੰਗਾਲ) ਲੱਗ

1. ਇਹ ਭਾਈ ਜੀਵਨ ਸਿੰਘ ਬਹੁਤ ਸਤਿਕਾਰ ਯੋਗ ਸਨ ਜਿਨ੍ਹਾਂ ਨੂੰ ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਵਿਚ ਆਪਣੇ ਸੀਸ ਦੀ ਕਲਗੀ ਸਜਾਈ ਸੀ।
2. ਬਾਕੀ ਦੇ ਸਿੰਘ ਵੀ ਬਹੁਤ ਸਤਿਕਾਰਯੋਗ ਸਨ, ਕੁਰਬਾਨੀ ਅੱਗੇ ਲਿਖਾਂਗੇ।

ਜਾਂਦਾ ਹੈ ਫਿਰ ਉਹ ਜੰਗ (ਲੜਨ) ਸਮੇਂ ਕੰਮ ਨਹੀਂ ਆਉਂਦੇ।"

"ਅੱਜ ਇਨ੍ਹਾਂ ਸਿੱਖਾਂ ਦੇ ਅਸੂਲਾਂ ਉੱਪਰ ਪਹਿਰਾ ਦੇਣਾ ਹੈ। ਗੁਰੂ ਨਾਨਕ ਦੇਵ ਦੇ ਆਦਰਸ਼ਾਂ ਤੇ ਮਿਸ਼ਨ ਨੂੰ ਪੂਰਾ ਕਰਨਾ ਹੈ। ਤੁਸੀਂ ਵੀ ਅੰਮ੍ਰਿਤ ਛੱਕੋ ਅਤੇ ਸਿੰਘ ਸੱਜ ਜਾਉ। ਅੱਜ ਤੋਂ ਤੁਸੀ ਸੂਰਬੀਰਾਂ ਯੋਧੇ ਬਣ ਕੇ ਖਾਲਸਾ ਪੰਥ ਦੀ ਸੇਵਾ ਕਰਨੀ ਹੈ, ਤੁਹਾਡਾ ਜਨਮ ਅੱਜ ਤੋਂ ਮੇਰੇ ਘਰ ਸ੍ਰੀ ਅਨੰਦਪੁਰ ਸਾਹਿਬ ਹੋਇਆ ਹੈ। ਤੁਸੀ ਮੇਰੇ ਪੁੱਤਰ ਹੋ, ਜਨਮ ਤੋਂ ਜਿਹੜੀਆਂ ਜਾਤਾਂ ਤੁਹਾਡੀਆਂ ਸਨ ਉਹ ਅੱਜ ਸਭ ਮਿਟ ਗਈਆਂ ਹਨ। ਤੁਸੀ ਸਭ ਖਾਲਸੇ ਹੋ ਸੰਤ-ਸੂਰਬੀਰਾਂ ਦੀ ਕੌਮ ਹੋ। ਖਾਲਸਾ ਤੁਹਾਡੀ ਜਾਤ ਹੈ। ਇਹ ਹੀ ਤੁਹਾਡੀ ਬਹਾਦਰੀ ਹੈ। ਸਭ ਜਾਤ-ਪਾਤ ਮਜ਼ਬ ਦੇ ਝਗੜੇ ਛੱਡ ਕੇ ਖਾਲਸਾ ਕੌਮ ਬਣੀ ਹੈ। ਤੁਸਾਂ ਸੰਤਾਂ ਜਿਹੇ ਪਵਿੱਤਰ, ਪਰਮ ਭਜਨੀਕ, ਪਰਉਪਕਾਰੀ ਤੇ ਈਸ਼ਵਰ ਭਗਤ ਬਣਨਾ ਹੈ ਅਤੇ ਨਾਲ ਹੀ ਸੂਰਬੀਰਾਂ ਜਿਹੇ ਦਲੇਰ, ਨਿਰਭੈ, ਬਲਵਾਨ ਤੇ ਯੋਧੇ ਬਣਨਾ ਹੈ।"

"ਕਮਜ਼ੋਰਾਂ, ਅਨਾਥਾਂ, ਦੁਖੀਆਂ ਨਿਤਾਣਿਆਂ, ਨਿਮਾਣਿਆਂ, ਨਿਆਸਰਿਆਂ ਦੀ ਤੁਸਾਂ ਬਾਂਹ ਫੜਨੀ ਹੀ ਅਤੇ ਕਿਸੇ ਉਤੇ ਜਬਰ ਨਹੀਂ ਕਰਨਾ, ਕਿਸੇ ਨੂੰ ਡਰਾਉਣਾ ਨਹੀਂ, ਪਰ ਨਾਲ ਹੀ ਕਿਸੇ ਦਾ ਜਬਰ ਸਹਿਣਾ ਨਹੀਂ, ਜਬਰ ਹੁੰਦਾ ਵੇਖਕੇ ਦੜਵੱਟ ਕੇ ਬਹਿਣਾ ਨਹੀਂ, ਸਗੋਂ ਜਬਰ ਨੂੰ ਰੋਕਣਾ ਹੈ। ਕਿਸੇ ਦਾ ਡਰ ਮੰਨਣਾ ਨਹੀਂ, ਆਪਣਾ ਧਰਮ ਛੱਡਣਾ ਨਹੀਂ ਭਾਵੇ ਕਿੰਨੇ ਕਸ਼ਟ ਝੱਲਣੇ ਪੈਣ, ਧਰਮ ਤੋਂ ਡੋਲ੍ਹਣਾ ਨਹੀਂ। ਹੱਕ ਕਿਸੇ ਦਾ ਮਾਰਨਾ ਨਹੀਂ, ਕਿਸੇ ਨੂੰ ਹੱਕ ਮਾਰਨ ਨਹੀਂ ਦੇਣਾ। ਕਿਰਤ ਵਿਰਤ ਧਰਮ ਦੀ ਕਰਨੀ ਹੈ ਅਤੇ ਵੰਡ ਕੇ ਛਕਣਾ ਹੈ। ਗਰੀਬਾਂ ਅਨਾਥਾਂ, ਮੁਥਾਜਾਂ ਦੀ ਰੱਖਿਆ ਤੇ ਸੰਭਾਲ ਕਰਨੀ ਹੈ। ਤੁਸਾਂ ਅਕਾਲ ਪੁਰਖ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਦੀ ਪੂਜਾ ਨਹੀਂ ਕਰਨੀ, ਦੇਵੀਆਂ, ਦੇਵਤਿਆਂ, ਪੱਥਰਾਂ, ਮੂਰਤੀਆਂ, ਕਬਰਾਂ, ਮੜ੍ਹੀਆਂ, ਰੁੱਖਾਂ, ਪਸ਼ੂਆਂ, ਜਾਨਵਰਾਂ ਆਦਿ ਦੀ ਪੂਜਾ ਨਹੀਂ ਕਰਨੀ ਉਨ੍ਹਾਂ ਅੱਗੇ ਮੱਥੇ ਨਹੀਂ ਟੇਕਣੇ।"

"ਸਾਡਾ ਗੁਰੂ ਗੁਰਬਾਣੀ ਹੈ। ਬਾਣੀ ਦੁਆਰਾ ਅੰਮ੍ਰਿਤ ਤਿਆਰ ਕਰਦੇ ਹਾਂ ਤੇ ਬਾਣੀ ਦੇ ਵਿੱਚ ਅੰਮ੍ਰਿਤ ਹੈ। ਸੁੱਖ ਵੇਲੇ ਵੀ ਬਾਣੀ

ਪੜ੍ਹਨੀ ਹੈ ਦੁਖ ਤਕਲੀਫ਼ ਸਮੇਂ ਵੀ ਬਾਣੀ ਦਾ ਸਿਮਰਨ ਦਾ ਸਹਾਰਾ ਲੈਣਾ ਹੈ ਤੇ ਹਰ ਰੋਜ਼ ਪੰਜ ਬਾਣੀਆਂ ਦਾ ਪਾਠ ਕਰਨਾ ਫਿਰ ਵਾਹਿਗੁਰੂ ਮੰਤਰ ਨੂੰ ਦ੍ਰਿੜ੍ਹ ਕਰਨਾ ਫਿਰ ਆਪਣੇ ਕਾਰੋਬਾਰ ਤੇ ਜਾਣਾ ਹੈ। ਫਿਰ ਸ਼ਾਮ ਵੇਲੇ ਰਹਿਰਾਸ ਕਰਨਾ ਜਾਂ ਬੈਠ ਕੇ ਸੁਣਨਾ ਫਿਰ ਕੀਰਤਨ ਸੋਹਿਲਾ ਪੜ੍ਹ ਕੇ ਅਰਾਮ ਕਰਨਾ ਹੈ। ਪੰਜ ਕਕਾਰ[1] ਹਰ ਵੇਲੇ ਤੁਹਾਡੇ ਅੰਗ ਦੇ ਸੰਗ ਹੋਣੇ ਔਖੇ ਵੇਲੇ ਸਹਾਈ ਹੋਣਗੇ। ਇਹ ਤੁਹਾਡੀ ਸਰੀਰਕ ਰਹਿਤ ਹੋਵੇਗੀ। ਪਰ ਇਸ ਵਰਦੀ ਤੇ ਸਰੀਰਕ ਰਹਿਤ ਦੇ ਨਾਲ ਨਾਲ ਹੀ ਧਰਮ ਤੇ ਆਚਰਨ ਦੀ ਰਹਿਤ ਵੀ ਜ਼ਰੂਰੀ ਹੈ।"

"ਤੁਹਾਡੇ ਖਿਆਲ, ਤੁਹਾਡੇ ਬਚਨ, ਤੁਹਾਡੇ ਕੰਮ ਸਭ ਗੁਰਸਿੱਖੀ ਦੇ ਰੰਗ ਵਾਲੇ ਸੱਚੇ ਸੁੱਚੇ ਧਰਮੀ ਬੰਦਿਆਂ ਵਾਲੇ, ਹੋਣੇ ਜ਼ਰੂਰੀ ਹਨ। ਆਤਮਿਕ ਤੌਰ ਤੇ ਪ੍ਰਫੁੱਲਿਤ, ਮਾਨਸਿਕ ਤੌਰ ਤੇ ਸ਼ਾਂਤ ਚਿਤ ਸਦਾਚਾਰਕ ਤੌਰ ਦੇ ਸੁਦ੍ਰਿੜ ਇਨਸਾਨ ਬਣ ਕੇ ਰਹਿਣਾ ਹੈ। ਸੱਚ, ਪ੍ਰਮਾਤਮਾ ਦਾ ਆਪਣਾ ਗੁਣ ਹੈ, ਇਸ ਲਈ ਸੱਚ ਤੇ ਅਧਾਰਤ ਜੀਵਨ ਨੂੰ ਪ੍ਰਵਾਨ ਕੀਤਾ ਗਿਆ ਹੈ।"

"ਪਰ ਉਸ ਤੋਂ ਵੀ ਉੱਤੇ ਸੱਚ ਆਚਾਰ[2] ਰੱਖਣ ਵਾਲੇ ਨੂੰ ਸਮਝਿਆ ਜਾਂਦਾ ਹੈ। ਸੱਚ ਆਚਾਰ ਧਾਰਨਾ, ਪਰਉਪਕਾਰ ਕਰਨ ਵਿਚ ਖੁਸ਼ੀ ਤੇ ਜੀਵਨ ਦੀ ਸਫਲਤਾ ਮਹਿਸੂਸ ਕਰਨੀ ਹੈ। ਚੰਗਾ ਸਦਾਚਾਰੀ ਜੀਵਨ ਜੀਣ ਲਈ ਜਿਸ ਵਿਅਕਤੀ ਨੇ ਪਰਾਈ ਇਸਤਰੀ ਅਤੇ ਪਰਾਏ ਧਨ[3] ਦਾ ਤਿਆਗ ਕੀਤਾ ਹੈ ਅਤੇ ਉਸ ਵੱਲ ਮਾੜੀ ਨੀਅਤ ਨਹੀਂ ਰੱਖੀ, ਵਾਹਿਗੁਰੂ ਨੂੰ ਉਹ ਭਾਉਂਦਾ ਹੈ। ਪ੍ਰਮਾਤਮਾ ਅਜਿਹੇ ਮਨੁੱਖ ਦੇ ਅੰਗ ਸੰਗ ਵਸਦਾ ਹੈ। ਪਰਾਈ ਇਸਤਰੀ ਦਾ ਸੰਗ ਨਹੀਂ ਕਰਨਾ, ਕਿਸੇ ਦਾ ਹੱਕ ਨਹੀਂ ਖੋਹਣਾ (ਮਾਰਨਾ) ਮੰਦੇ ਕੰਮਾਂ ਤੋਂ ਬਚਣਾ ਤੇ ਸ਼ੁੱਭ ਕੰਮ ਕਰਨ ਲਈ ਉਤਸ਼ਾਹਿਤ ਰਹਿਣਾ।"

1. ਪੰਜ ਕਕਾਰ - ਕੇਸ, ਕੰਘਾ, ਕੜਾ, ਕੱਛਾ (ਕਛੈਰਾ), ਕਿਰਪਾਨ ਹੈ।
2. ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ (ਅੰਗ ੬੨)
3. ਪਰ ਧਨ ਪਰ ਦਾਰਾ ਪਰਹਰੀ, ਤਾ ਕੈ ਨਿਕਟਿ ਬਸੈ ਨਰਹਰੀ। (ਅੰਗ ੧੧੬੩)

"ਇੱਕ ਅਕਾਲ ਪੁਰਖ ਨੂੰ ਮੰਨਣ ਵਾਲਾ ਮਨੁੱਖ ਕਿਸੇ ਨਸ਼ੇ[1] ਦਾ ਵੀ ਸੇਵਨ ਨਹੀਂ ਕਰਦਾ, ਕਿਉਂਕਿ ਉਹ ਜਾਣਦਾ ਹੈ ਕਿ ਨਸ਼ੇ ਜ਼ਿੰਦਗੀ ਵਿਚ ਹਰ ਪ੍ਰਕਾਰ ਦਾ ਵਿਕਾਰ ਪੈਦਾ ਕਰਦੇ ਹਨ ਅਤੇ ਜ਼ਿੰਦਗੀ ਨੂੰ ਦੁਖਦਾਈ ਬਣਾਉਂਦੇ ਹਨ।"

"ਮਾੜੇ ਨਸ਼ੇ ਜਗਤ, ਜੂਠ, ਤਮਾਕੂ, ਸ਼ਰਾਬ, ਅਫ਼ੀਮ, ਪੋਸਤ, ਭੰਗ ਆਦਿ ਸਭ ਨਸ਼ਿਆਂ ਤੋਂ ਤੇ ਖਾਸ ਕਰਕੇ ਤਮਾਕੂ ਤੋਂ ਦੂਰ ਰਹਿਣਾ। ਕੁੱਠਾ,[2] ਹੁੱਕਾ, ਚਰਸ ਏਨਾ ਤੋਂ ਦੂਰ ਰਹਿਣਾ ਖਾਲਸੇ ਲਈ ਸਿੱਖੀ ਰਹਿਣ ਮਰਿਯਾਦਾ ਦੇ ਪੱਕੇ ਧਾਰਨੀ ਬਣਨਾ[3] ਪੰਜ ਕਕਾਰ ਧਾਰਨ ਕਰਨੇ ਚਾਰ ਬੱਜਰ ਕੁਰਹਿਤਾਂ[4] ਤੋਂ ਦੂਰ ਰਹਿਣਾ।"

ਦੂਜੇ ਪਾਸੇ ਭਾਈ ਹਿੰਮਤ ਸਿੰਘ ਜੀ ਨੇ ਆਕੇ ਬੇਨਤੀ ਕੀਤੀ, "ਪਾਤਸ਼ਾਹ ਆਪ ਦੀ ਦੱਸੀ ਮਰਿਯਾਦਾ ਨਾਲ ਅੰਮ੍ਰਿਤ ਤਿਆਰ ਹੈ ਨਾਲ ਕੜਾਹ ਪ੍ਰਸਾਦ ਦਾ ਵੱਡਾ ਕੜਾਹਾ ਵੀ ਤਿਆਰ ਹੈ।"

ਫਿਰ ਗੁਰੂ ਜੀ ਨੇ ਹੁਕਮ ਕੀਤਾ ਪੰਜ ਪਿਆਰਿਆਂ ਨੂੰ ਕਿ ਤੁਸੀਂ ਸੰਗਤ ਦੇ ਸਨਮੁਖ ਖੜੇ ਹੋਵੋ। ਖੜੇ ਕਰਕੇ ਫਿਰ ਸਾਰੀ ਸੰਗਤ ਨੂੰ ਹੁਕਮ ਕੀਤਾ, "ਤੁਹਾਡੇ ਅੱਗੇ ਗੁਰੂ ਪੰਥ ਖਾਲਸਾ ਖੜ੍ਹਾ ਹੈ ਜੋ ਤੁਹਾਨੂੰ ਰਹਿਤ ਤੇ ਕੁਰਹਿਤ ਤੋਂ ਵਰਜਦਾ ਹੈ ਜੇ ਇਹ ਸਾਰੇ ਬਚਨ ਪ੍ਰਵਾਨ ਹਨ ਤਾਂ ਪੰਥ ਖਾਲਸਾ ਦੇ ਸਾਹਮਣੇ ਸੀਸ ਝੁਕਾਕੇ ਪ੍ਰਣ ਲਵੋ ਅਸੀਂ ਗੁਰੂ ਪੰਥ ਖਾਲਸਾ ਵਾਸਤੇ ਜਾਂ ਕੋਈ ਕੌਮ ਤੇ ਭੀੜ ਪਵੇ ਤਾਂ ਅਸੀਂ ਆਪਣੀਆਂ ਜਾਨ ਕੁਰਬਾਨ ਕਰ ਦੇਵਾਂਗੇ। ਆਪਣੇ ਧਰਮ ਤੋਂ ਪਿੱਛੇ ਨਹੀਂ ਹੱਟਾਂਗੇ? ਇਹ ਇੱਕ ਤਰ੍ਹਾਂ ਦੀ ਕਸਮ ਲਈ ਗਈ। ਸਾਰੀ ਸੰਗਤ ਨੇ ਗੁਰੂ ਪੰਥ ਖ਼ਾਲਸਾ ਅੱਗੇ ਸੀਸ ਝੁਕਾਇਆ।

1. ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੇ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨਾ ਪੀਚਈ ਜੇ ਕਾ ਪਾਰਿ ਵਸਾਇ॥ (ਅੰਗ ੫੫੪)
2. ਕੁੱਠਾ ਹੁੱਕਾ ਚਰਸ ਤਮਾਕੂ। ਗਾਂਜਾ ਟੋਪੀ ਤਾੜੀ ਖਾਕੂ।
ਟੋਪੀ ਦਾ ਅਰਥ ਹੈ ਚਿਲਮ, ਤਾੜੀ - ਤੜ ਦੀ ਸ਼ਰਾਬ, ਖਾਕੂ - ਚੰਡੂ, ਅਫੀਮ ਦਾ ਧੂੰਆ, ਤਮਾਕੂ ਵਾਂਗ ਪੀਣਾ।
3. ਚਾਰ ਕਕਾਰ - ਕੰਘਾ, ਕੜਾ, ਕਛਹਿਰਾ, ਕਿਰਪਾਨ।
4. ਚਾਰ ਕੁਰਹਿਤਾਂ - ਕੇਸ ਕਤਲ ਕਰਨੇ, ਮਾਸ ਖਾਣਾ, ਪਰ ਇਸਤਰੀ ਜਾਂ ਪਰ ਪੁਰਸ਼ ਦਾ ਭੋਗਣਾ ਤੇ ਤਮਾਕੂ ਦਾ ਵਰਤੋਂ ਕਰਨਾ।

ਫਿਰ ਗੁਰੂ ਜੀ ਨੇ ਭਾਈ ਦਇਆ ਸਿੰਘ ਨੂੰ ਹੁਕਮ ਕੀਤਾ ਭਾਈ ਸਾਹਿਬ ਅਰਦਾਸ ਸੋਧੋ।

ਅਰਦਾਸ ਕਰਕੇ ਫਿਰ ਅੰਮ੍ਰਿਤ ਦੀ ਦਾਤ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਰੰਭ ਕੀਤੀ ਤੇ ਆਖਿਆ ਆਓ ਅੰਮ੍ਰਿਤ ਛਕੋ ਸਿੰਘ ਸਜੋ। ਪਹਿਲੇ ਜੱਥੇ ਨੇ ਅੰਮ੍ਰਿਤ ਛਕਿਆ, ਉਨ੍ਹਾਂ ਦੇ ਨਾਮ ਸਨ ਭਾਈ ਰਾਮ ਸਿੰਘ, ਦੇਵਾ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ ਤੇ ਫਤਹਿ ਸਿੰਘ ਜੀ ਇਨ੍ਹਾਂ ਪੰਜ ਸਿੰਘਾਂ ਨੂੰ ਗੁਰੂ ਜੀ ਨੇ ਮੁਕਤਿਆਂ ਦਾ ਖਿਤਾਬ ਦਿੱਤਾ।

ਬਾਕੀ ਪੰਜ ਪਿਆਰਿਆਂ ਦੇ ਜਿਹੜੇ ਚਾਰ ਜੱਥੇ ਬਚੇ ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ, ਇਨ੍ਹਾਂ ਨੂੰ ਸਤਿਗੁਰੂ ਜੀ ਨੇ ਦੀਦਾਰੀ ਸਿੰਘ ਦਾ ਖਿਤਾਬ ਦਿੱਤਾ। ਫਿਰ ਪਾਤਸ਼ਾਹ ਨੇ ਪੰਜ ਛੋਟੇ ਬਾਟੇ ਮੰਗਵਾਏ, ਪੰਜਾਂ ਜੱਥਿਆ ਨੂੰ ਇੱਕ-ਇੱਕ ਬਾਟਾ ਦੇ ਕੇ ਅਲੱਗ ਅਲੱਗ ਸਥਾਨ ਦਿੱਤਾ। ਛੇਵੇਂ ਵੱਡੇ ਬਾਟੇ ਦੀ ਸੇਵਾ ਪੰਜ ਪਿਆਰਿਆਂ ਨੂੰ ਬਖਸ਼ਿਸ਼ ਕੀਤੀ, ਫਿਰ ਸੰਗਤਾਂ ਨੂੰ ਬੇਨਤੀ ਕੀਤੀ ਕਿ ਭਾਈ ਇੱਕ-ਇੱਕ ਜੱਥੇ ਕੋਲ ਪੰਜ ਪੰਜ ਲਾਇਨਾਂ ਲਾਵੋ ਤੇ ਅੰਮ੍ਰਿਤ ਦੀ ਦਾਤ ਲੈਣੀ ਆਰੰਭ ਕਰੋ। ਇਨ੍ਹਾਂ ਤੋਂ ਬਾਅਦ ਜਿਹੜੇ ਸਿੰਘ ਅੰਮ੍ਰਿਤ ਛੱਕਦੇ ਗਏ ਉਨ੍ਹਾਂ ਦੀਆਂ ਸੇਵਾਵਾਂ ਗੁਰੂ ਆਪ ਲਗਾਉਂਦੇ ਗਏ।

(ਕਿਸ ਦੀ ਸੇਵਾ ਲਾਈ ਭਾਈ ਤੁਸੀ ਬਾਲਟੀ ਲੈ ਕੇ ਛੋਟੇ ਬਾਟੇ ਚੋਂ ਅੰਮ੍ਰਿਤ ਮੁੱਕਣ ਨਹੀਂ ਦੇਣਾ?) ਬਾਕੀ ਸਿੰਘਾਂ ਦੀ ਸੇਵਾ ਲਾਈ ਭਾਈ ਸਭ ਦੇ ਕਕਾਰ ਵੇਖੋ ਪੂਰੇ ਹਨ ਜਿਨ੍ਹਾਂ ਨੂੰ ਕਕਾਰਾਂ ਦੀ ਲੋੜ ਹੈ ਜਾਂ ਘਟ ਹਨ ਪੂਰੇ ਕੀਤੇ ਜਾਣ। ਇਸ ਤਰ੍ਹਾਂ ਕਰਦਿਆਂ ਰਾਤ ਦੇ ਦੀਵਾਨ ਤੋਂ ਪਹਿਲੇ ਪਹਿਲੇ 20 ਹਜ਼ਾਰ ਸੰਗਤ ਨੇ ਅੰਮ੍ਰਿਤਪਾਨ ਕੀਤਾ। ਇਕ ਬਹੁਤ ਵੱਡੀ ਕ੍ਰਾਂਤੀ ਵਾਲਾ ਦਿਨ ਸੀ। 30 ਮਾਰਚ ਦਿਨ ਵੀਰਵਾਰ ਸੰਨ 1699 ਪਹਿਲੀ ਵਿਸਾਖ ਸੰਮਤ ੧੭੫੬।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਕ ਨਵਾਂ ਪੰਥ ਖ਼ਾਲਸਾ ਸਾਜ ਦਿੱਤਾ, ਇਕ ਨਵੀਂ ਕੌਮ, ਨਵਾਂ ਭਾਈਚਾਰਾ, ਹਰ ਇੱਕ ਸਿੱਖ ਨੂੰ ਕਲਗੀਧਰ ਪਾਤਸ਼ਾਹ ਨੇ ਸੰਤ ਸਿਪਾਹੀ ਬਣਾ ਦਿੱਤਾ।

ਪੁਰਾਤਨ ਸਾਰੇ ਸਮਾਜਿਕ ਢਾਂਚੇ ਨੂੰ ਨਵਾਂ ਰੂਪ ਦੇ ਦਿੱਤਾ, ਰਹਿਣੀ ਬਦਲੀ, ਬਹਿਣੀ ਬਦਲੀ, ਲਿਬਾਸ ਬਦਲਿਆ, ਖ਼ੁਰਾਕ ਬਦਲੀ, ਨਾਮ ਬਦਲੇ, ਸੁਭਾਉ ਬਦਲਿਆ, ਨਿਸ਼ਾਨਾ ਬਦਲਿਆ, ਗਿਆਨ ਬਦਲਿਆ, ਧਿਆਨ ਬਦਲਿਆ ਇਕ ਸੋਚ ਸੇਧ ਜੀਵਨ ਦੀ ਨਵੀਂ ਦੇ ਦਿੱਤੀ, ਸਭ ਇਨਸਾਨਾਂ ਨੂੰ ਬਰਾਬਰ ਦਾ ਅਧਿਕਾਰ ਦਿੱਤਾ।

ਮਨੁੱਖਤਾ ਵਿਚ ਇਸਤਰੀ ਨੂੰ ਵੀ ਅੰਮ੍ਰਿਤ ਦੀ ਦਾਤ ਦਿੱਤੀ, ਮਨੁੱਖ ਦੇ ਬਰਾਬਰ ਦਾ ਸਤਿਕਾਰ ਦਿੱਤਾ। ਇਤਿਹਾਸ ਗਵਾਹ ਹੈ ਪਹਿਲੇ ਦਿਨ ਹੀ ਬੰਦਿਆਂ ਨਾਲੋਂ ਬੀਬੀਆਂ ਨੇ ਜ਼ਿਆਦਾ ਗਿਣਤੀ ਵਿਚ ਅੰਮ੍ਰਿਤਪਾਨ ਕੀਤਾ। ਫਿਰ ਹਰ ਰੋਜ਼ ਸੰਗਤਾਂ ਦੂਰੋਂ ਦੂਰੋਂ ਆਉਂਦੀਆਂ ਤੇ ਅੰਮ੍ਰਿਤ ਦੀ ਦਾਤ ਲੈ ਕੇ ਜਾਂਦੀਆਂ।

ਫਿਰ ਸਤਿਗੁਰੂ ਜੀ ਨੇ ਇਹ ਵੀ ਹੁਕਮ ਦਿੱਤਾ ਕਿ ਕੋਈ ਪੰਜ ਅੰਮ੍ਰਿਤਧਾਰੀ ਸਿੱਖ, ਭਾਵੇਂ ਉਹ ਕਿਸੇ ਵੀ ਜਾਤ ਵਰਨ ਦੇ ਹੋਣ, ਜੋ ਰਹਿਤ ਵਿਚ ਪੂਰੇ ਤੇ ਸਿੱਖੀ ਅਸੂਲਾਂ ਦੇ ਪੱਕੇ ਧਾਰਨੀ ਹੋਣ ਉਹ ਹੋਰਨਾਂ ਨੂੰ ਵੀ ਅੰਮ੍ਰਿਤ ਛਕਾ ਸਕਦੇ ਹਨ। ਪਾਤਸ਼ਾਹ ਨੇ ਇਹ ਅੰਮ੍ਰਿਤ ਛਕਾਉਣ ਦਾ ਹੱਕ ਕਿਸੇ ਖਾਸ ਜਾਤ ਜਾਂ ਜਮਾਤ ਦੇ ਲੋਕਾਂ ਨੂੰ ਨਹੀਂ ਦਿੱਤਾ, ਸਗੋਂ ਸਭ ਸਿੰਘਾਂ ਨੂੰ ਇਕੋ ਜਿਹਾ ਦੇ ਦਿੱਤਾ। ਇਸ ਨਾਲ ਲੱਖਾਂ ਦੀ ਤਦਾਦ ਵਿੱਚ ਅੰਮ੍ਰਿਤਧਾਰੀ ਬਣ ਗਏ। ਜਦੋਂ ਨੀਵੀਆਂ ਜਾਤਾਂ ਵਾਲਿਆਂ ਨੂੰ ਪਤਾ ਲੱਗਾ ਕਿ ਸਾਨੂੰ ਬਰਾਬਰ ਦਾ ਅਧਿਕਾਰ ਦਿੱਤਾ ਜਾਵੇਗਾ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਸਾਡੇ ਹੱਥੋਂ ਅੰਨਜਲ ਛੱਕ ਸਕਦੇ ਹਨ ਤਾਂ ਵਹੀਰਾਂ ਘੱਤ ਕੇ ਸਾਰੇ ਹੀ ਆ ਗਏ। ਇਤਿਹਾਸ ਗਵਾਹ ਹੈ ਮੁਸਲਮਾਨ ਜਨਤਾ ਪੀਰ ਬੁੱਧੂ ਸ਼ਾਹ ਤੇ ਉਸ ਦੇ ਮੁਰੀਦਾਂ ਨੇ ਵੀ ਅੰਮ੍ਰਿਤ ਦੀ ਦਾਤ ਦੀ ਮੰਗ ਕੀਤੀ ਉਨ੍ਹਾਂ ਨੂੰ ਵੀ ਅੰਮ੍ਰਿਤ ਦਿੱਤਾ ਗਿਆ। ਫਿਰ ਪਾਤਸ਼ਾਹ ਨੇ ਪਹਾੜੀ ਰਾਜਿਆਂ ਨੂੰ ਵੀ ਹੁਕਮਨਾਮੇ ਭੇਜ ਦਿੱਤੇ ਤੇ ਸਿੱਖ ਰਾਜਵਾੜੇ ਵਿੱਚ ਵੀ ਹੁਕਮਨਾਮੇ ਭੇਜ ਦਿੱਤੇ ਕਿ ਹਰ ਸਿੱਖ ਨੂੰ ਅੰਮ੍ਰਿਤ ਛਕਣਾ ਜ਼ਰੂਰੀ ਹੈ।

ਪਹਾੜੀ ਰਾਜਿਆਂ ਦੇ ਕੰਨਾਂ ਤਕ ਵੀ ਇਸ ਨਵੇਂ ਸਾਜੇ ਪੰਥ

ਬਾਰੇ ਖਬਰਾਂ ਪਹੁੰਚੀਆਂ। ਗੁਰਦੇਵ ਜੀ ਨੇ ਰਾਜਾ ਅਜਮੇਰ ਚੰਦ ਤੇ ਹੋਰ ਰਾਜਿਆਂ ਨੂੰ ਵੀ ਲਿਖਿਆ। ਬਿਲਾਸਪੁਰ ਦਾ ਰਾਜਾ ਉਸ ਵੇਲੇ ਭੀਮ ਚੰਦ ਤੇ ਹੋਰ ਰਾਜਿਆਂ ਨੂੰ ਵੀ ਲਿਖਿਆ। ਬਿਲਾਸਪੁਰ ਦਾ ਰਾਜਾ ਉਸ ਵੇਲੇ ਭੀਮ ਚੰਦ ਗੁਜ਼ਰ ਚੁੱਕਾ ਸੀ। ਅਜਮੇਰ ਚੰਦ ਦੀ ਅਗਵਾਈ ਵਿਚ ਕੁਝ ਰਾਜੇ ਅਨੰਦਪੁਰ ਆਏ। ਗੁਰਦੇਵ ਨੇ ਉਨ੍ਹਾਂ ਨੂੰ ਸਿੰਘ ਸੱਜਣ ਵਾਸਤੇ ਬੜਾ ਪ੍ਰੇਰਿਆ। ਪਰ ਰਾਜੇ ਸਿਰਫ ਦੋ ਸ਼ਰਤਾਂ ਉੱਤੇ ਅੰਮ੍ਰਿਤ ਛਕਣ ਵਾਸਤੇ ਤਿਆਰ ਸਨ। ਇਕ ਤਾਂ ਉਨ੍ਹਾਂ ਨੂੰ ਹੋਰ ਸਿੱਖਾਂ ਨਾਲੋਂ ਵੱਖਰਾ ਅੰਮ੍ਰਿਤ ਛਕਾਇਆ ਜਾਏ ਤਾਂ ਕਿ ਉਨ੍ਹਾਂ ਨੂੰ ਸਿੰਘ ਸੱਜ ਕੇ ਵੀ ਦੇਵੀ ਦੇਵਤਿਆਂ ਦੀ ਪੂਜਾ ਕਰਨ ਦੀ ਆਗਿਆ ਹੋਵੇ। ਇਹ ਦੋਵੇਂ ਸ਼ਰਤਾਂ ਸਿੱਖੀ ਦੇ ਮੁੱਢਲੇ ਅਸੂਲਾਂ ਦੇ ਉਲਟ ਸਨ। ਸੋ ਗੁਰਦੇਵ ਨੇ ਰਾਜਿਆਂ ਦੀਆਂ ਸ਼ਰਤਾਂ ਨਾ ਮੰਨੀਆਂ। ਰਾਜੇ ਕੁਝ ਉਦਾਸ ਤੇ ਕੁਝ ਕੁਝ ਦਿਲੋਂ ਨਾਰਾਜ਼ ਹੋ ਕੇ ਵਾਪਸ ਚਲੇ ਗਏ।

ਗੁਰੂ ਪਿਆਰਿਓ ਆਪ ਜੀ ਨੇ ਪੜ੍ਹਿਆ ਹੈ ਕਿ ਭਾਈ ਦਿਆ ਸਿੰਘ ਜੀ 1681 ਵਿਚ ਗੁਰੂ ਘਰ ਵਿਚ ਆਏ ਤੇ 1699 ਤਕ 18 ਸਾਲ ਗੁਰਮਤਿ ਦੀ ਪੜ੍ਹਾਈ ਕੀਤੀ ਹੈ। ਇਸੇ ਤਰ੍ਹਾਂ ਭਾਈ ਧਰਮ ਸਿੰਘ ਜੀ 1695 ਵਿਚ ਆਏ ਤੇ 1699 ਤਕ 4 ਸਾਲ ਗੁਰਮਤਿ ਦੀ ਪੜਾਈ ਕੀਤੀ। ਠੀਕ ਇਸੇ ਤਰ੍ਹਾਂ ਭਾਈ ਹਿੰਮਤ ਸਿੰਘ ਜੀ 1678 ਵਿੱਚ ਆਏ ਉਸ ਸਮੇਂ ਭਾਈ ਹਿੰਮਤ ਸਿੰਘ ਦੀ ਉਮਰ 14 ਸਾਲ ਦੀ ਸੀ ਤੇ 1699 ਤਕ 21 ਸਾਲ ਗੁਰਮਤਿ ਦੀ ਪੜਾਈ ਕੀਤੀ। ਭਾਈ ਹਿੰਮਤ ਸਿੰਘ ਜੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲੋਂ ਦੋ ਸਾਲ ਵੱਡੇ ਸਨ।

ਭਾਈ ਮੋਹਕਮ ਸਿੰਘ ਜੀ 1694 ਵਿਚ ਗੁਰੂ ਦਰਬਾਰ ਵਿੱਚ ਆਏ ਤੇ 1699 ਤਕ 5 ਸਾਲ ਗੁਰਮਤਿ ਵਿੱਦਿਆ ਪੜੀ। ਭਾਈ ਸਾਹਿਬ ਸਿੰਘ ਜੀ 1686 ਵਿਚ ਪਉਂਟਾ ਸਾਹਿਬ ਦੀ ਧਰਤੀ ਤੇ ਭੰਗਾਣੀ ਯੁੱਧ ਦੀ ਸਮਾਪਤੀ ਤੇ ਆਏ ਸਨ 1699 ਤਕ 13 ਸਾਲ ਗੁਰਮਤਿ ਵਿੱਦਿਆ ਪੜੀ।

ਇੱਥੇ ਦਾਸ ਪਾਠਕ ਵੀਰਾਂ ਨੂੰ ਸੁੱਚੇਤ ਕਰਨ ਦਾ ਯਤਨ ਕਰ

ਰਿਹਾ ਹਾਂ, ਇਕ ਪਿਆਰੇ ਨੇ 18, ਦੂਜੇ ਨੇ 4, ਤੀਜੇ ਨੇ 21 ਤੇ ਚੌਥੇ ਨੇ 5 ਸਾਲ ਤੇ ਪੰਜਵੇਂ ਨੇ 13 ਸਾਲ ਤੱਕ ਗੁਰੂ ਘਰ ਵਿਚ ਬਤੀਤ ਕੀਤੇ। ਗੁਰੂ ਤੇ ਭਰੋਸਾ, ਯਕੀਨ, ਵਿਸ਼ਵਾਸ ਤੇ ਬਾਣੀ ਬਾਣਾ, ਸ਼ਸਤਰ ਵਿੱਦਿਆ, ਘੋੜ ਸਵਾਰੀ ਇਕ ਰਣਤੱਤੇ ਵਿਚ ਜੂਝਣ ਵਾਲੀ ਸ਼ਕਤੀ ਤਾਂ ਪਹਿਲੇ ਹੀ ਪ੍ਰਾਪਤ ਕਰ ਲਈ ਸੀ। ਆਪ ਜੀ ਨੂੰ ਯਾਦ ਹੋਵੇਗਾ ਭੰਗਾਣੀ ਯੁੱਧ 1686-87 ਵਿਚ ਹੋਇਆ ਤੇ ਨੰਦੋਣ ਯੁੱਧ 1688 ਤੇ ਹਸੈਨੀ ਯੁੱਧ 1689 ਵਿਚ ਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਵੀ ਛੋਟੇ-ਛੋਟੇ ਕਈ ਯੁੱਧ ਹੋਏ ਹਨ। ਇਨ੍ਹਾਂ ਯੁੱਧਾਂ ਦੀ ਸਫਲਤਾ ਦੇ ਪਿੱਛੇ ਸਿੱਖਾਂ ਦੀ ਮਹਾਨ ਕੁਰਬਾਨੀ ਇੱਕ ਸੰਪੂਰਨ ਜੰਗ ਦੀ ਫ਼ੌਜ ਨਜ਼ਰ ਆਉਂਦੀ ਹੈ। ਇੱਕ ਘਟਨਾ ਆਪ ਜੀ ਨੇ ਭਾਈ ਹਿੰਮਤ ਸਿੰਘ ਦੇ ਜੀਵਨ ਵਿਚ ਵੀ ਪੜ੍ਹੀ ਹੋਵੇਗੀ ਕਿ ਪਠਾਨ ਯਾਹੂ ਖਾਂ ਦੀ ਇਸਤ੍ਰੀ ਫਰੀਦਾ ਜਲਾਲ ਜੋ ਸਿੱਖਾਂ ਦੇ ਹੱਥ ਚੜ੍ਹ ਗਈ ਤੇ ਸਿੱਖਾਂ ਨੇ ਵਿਚਾਰ ਕੀਤੀ ਕਿ ਇਹ ਪਠਾਨ ਹਿੰਦੂ ਇਸਤ੍ਰੀਆਂ ਨੂੰ ਚੁੱਕ ਕੇ ਲੈ ਜਾਂਦੇ ਹਨ। ਉਸ ਨਾਲ ਮਾੜੇ ਵਿਕਾਰ ਕਰਦੇ ਹਨ ਇਸ ਦੁੱਖ ਦਾ ਅਹਿਸਾਸ ਤਾਂ ਹੀ ਹੋਵੇਗਾ ਜੋ ਇਹ ਪਠਾਨ ਹਿੰਦੂ ਇਸਤ੍ਰੀਆਂ ਨਾਲ ਕਰਦੇ ਹਨ। ਉਹ ਹੀ ਮੁਸਲਮਾਨ ਇਸਤ੍ਰੀਆਂ ਨਾਲ ਹੋਵੇ ਤਾਂ ਹੀ ਇਨ੍ਹਾਂ ਨੂੰ ਸਮਝ ਆਵੇਗੀ। ਇਸ ਗੱਲ ਦਾ ਭਾਈ ਹਿੰਮਤ ਸਿੰਘ ਨੂੰ ਪਤਾ ਲੱਗਦਾ ਹੈ ਤਾਂ ਭਾਈ ਸਾਹਿਬ ਇਨ੍ਹਾਂ ਸਿੱਖਾਂ ਨੂੰ ਤੇ ਫਰੀਦਾ ਜਲਾਲ ਨੂੰ ਸਤਿਗੁਰੂ ਪਾਸ ਹਾਜ਼ਰ ਕਰਦੇ ਹਨ ਤਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਤਾੜ੍ਹਨਾ ਭਰੇ ਲਫ਼ਜਾਂ ਵਿੱਚ ਸਿੱਖਾਂ ਨੂੰ ਵਰਜਿਆ ਤੇ ਉਹ ਔਰਤ ਫਰੀਦਾ ਜਲਾਲ ਨੂੰ ਪੂਰੇ ਆਦਰ ਸਤਿਕਾਰ ਨਾਲ ਉਸਦੇ ਘਰ ਪਹੁੰਚਾਉਣ ਦਾ ਹੁਕਮ ਦਿੱਤਾ।

ਮੁਸਲਮਾਨੀ ਫਰੀਦਾ ਜਲਾਲ ਨੇ ਸਾਹਿਬ ਦੇ ਸਤਿਕਾਰ ਵਿਚ ਸਿਰ ਨੀਵਾਂ ਕਰਕੇ ਸਿਜਦਾ ਕੀਤਾ ਤੇ ਕਿਹਾ ਪਾਤਸ਼ਾਹ ਆਪ ਦੀ ਸੋਭਾ ਤਾਂ ਬਹੁਤ ਵਾਰੀ ਸੁਣੀ ਹੈ ਪਰ ਅੱਜ ਅੱਖੀ ਡਿੱਠੀਂ ਹੈ।

"ਸੁਣ ਸਤਿਗੁਰ ਬੋਲੇ ਤਿਸ ਬੇਰੇ ਹਮਲੇ ਜਾਨੋ ਪੰਥ ਉਚੇਰੇ ਨਾਹਿ ਅਧੋਗਤਿ ਬਿਖੈ ਪੁਚਾਵੈਂ ਤਾਂ ਤੇ ਕਲਮਲ ਕਰਨ ਹਟਾਵੈਂ।"

ਇਹ ਘਟਨਾ ਦਾ ਜ਼ਿਕਰ ਸੰਨ 1698-99 ਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1699 ਵਿਸਾਖੀ ਵਾਲੇ ਦਿਨ ਤੋਂ ਪਹਿਲੇ ਹੀ ਆਪਣੇ ਸਿੱਖ ਦਾ ਉੱਚਾ ਆਚਰਨ ਕੀਤਾ ਸੀ। ਫਿਰ ਸਿੱਖ ਇਤਿਹਾਸ ਲਿਖਣ ਵਾਲੇ ਵੀ ਪੰਥ ਸਾਜਣਾ ਪ੍ਰਸੰਗ ਵਿਚ ਐਸੀ ਕਮਜ਼ੋਰੀ ਵਾਲੀਆਂ ਗੱਲਾਂ ਲਿਖ ਦੇਂਦੇ ਹਨ ਜਿਨ੍ਹਾਂ ਨੂੰ ਪੜ ਕੇ ਮਨ ਸ਼ੰਕੇ ਨਾਲ ਭਰ ਜਾਂਦਾ ਹੈ।

ਉਸ ਸਮੇਂ ਦੇ ਬੋਲ ਇੰਝ ਲਗਦੇ ਹਨ ਜਿਵੇਂ ਸਾਰੇ ਹੀ ਸਿੱਖ ਪਹਿਲੇ ਦਿਨ ਆਏ ਹੁੰਦੇ ਹਨ ਤੇ ਪਹਿਲੀ ਵਾਰੀ ਸ੍ਰੀ ਸਾਹਿਬ ਦੇ ਦਰਸ਼ਨ ਕਰਦੇ ਹੋਣ, ਡਰਪੋਕ ਸਿੱਖ ਨੂੰ ਸਾਹਮਣੇ ਬੈਠਾ ਕੇ ਪਹਿਲੀ ਆਵਾਜ਼ ਨਾਲ ਅੱਧੀ ਸੰਗਤ ਨੂੰ ਭਜਾਉਂਦੇ ਹਨ।

ਫਿਰ ਦੂਜੀ ਅਵਾਜ਼ ਨਾਲ ਅੱਧੀ ਸੰਗਤ ਭਜਾ ਦੇਂਦੇ ਹਨ, ਤੀਜੀ ਅਵਾਜ਼ ਨਾਲ ਫਿਰ ਇੱਕ ਸਿੱਖ ਨੂੰ ਉਠਾਉਂਦੇ ਹਨ ਉਹ ਵੀ ਡਰ-ਡਰਦਾ ਉੱਠਦਾ ਹੈ ਤੇ ਫਿਰ ਆਪਣਾ ਸੀਸ ਭੇਟ ਕਰਦਾ ਹੈ। ਜਿਹੜੇ ਸਿੱਖ ਸੰਗਤ ਛੱਡਕੇ ਭੱਜੇ ਹੁੰਦੇ ਹਨ। ਉਹ ਮਾਤਾ ਗੁਜਰੀ ਜੀ ਪਾਸ ਜਾਕੇ ਸਤਿਗੁਰੂ ਦਾ ਸਤਿਕਾਰ ਭੁਲ ਕੇ ਹਾਸੋ-ਹੀਣੀਆਂ ਗੱਲਾਂ ਕਰਦੇ ਹਨ ਤੇ ਮਾਤਾ ਜੀ ਆਪਣੇ ਸਪੁੱਤਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਨਿੰਦਾ ਸੁਣਦੇ ਹਨ। ਇੱਕ ਸਿੱਖ ਵਿਦਵਾਨ ਸੋਹਣ ਸਿੰਘ ਸੀਤਲ ਨੇ ਤਾਂ ਪੁਰਾਤਨ ਕਈ ਇਤਿਹਾਸ ਦਲੀਲਾਂ ਦੇ ਕੇ ਉਸ ਤੰਬੂ ਅੰਦਰ ਬੱਕਰੇ ਬੰਨ੍ਹ[1] ਦਿੱਤੇ। ਐਸਾ ਹਾਸੋ-ਹੀਣਾ

1. ਇੱਕ ਵਾਰੀ ਮੇਰੇ ਸਤਿਕਾਰਯੋਗ ਪਿਤਾ ਗਿਆਨ ਹਜਾਰਾ ਸਿੰਘ ਵੈਦ ਗਿਆਨੀ ਸੋਹਣ ਸਿੰਘ ਸੀਤਲ ਨੂੰ ਮਿਲੇ ਤਾਂ ਹਾਸ-ਵਿੰਅਗ ਵਿਚ ਬੇਨਤੀ ਕੀਤੀ, ਸੀਤਲ ਸਾਹਿਬ ਕਦੇ ਦੋ ਬੱਕਰੇ ਲੜਦੇ ਵੇਖੇ ਹਨ? ਕਦੇ ਨਹੀਂ। ਫਿਰ ਕਦੇ ਚਾਰ ਬੱਕਰੇ ਅਗੇ ਇਕ ਬੱਕਰੇ ਨੂੰ ਕੋਈ ਮਾਰ ਦੇਵੇ ਤਾਂ ਚਾਰ ਬੱਕਰੇ ਚੁਪ ਕਰਕੇ ਖੜ੍ਹੇ ਰਹਿ ਸਕਦੇ ਹਨ। ਫਿਰ ਪੰਜ ਬੱਕਰੇ ਮਰੇ ਹੋਏ ਗੁਰੂ ਜੀ ਕਿੱਥੇ ਲੈ ਗਏ? ਪੰਜ ਪਿਆਰਿਆਂ ਦਾ ਪੂਰਨ ਇਤਿਹਾਸ ਪੜ੍ਹ ਲਵੋ ਕਿਸੇ ਪਿਆਰੇ ਨੇ ਇਹ ਨਹੀਂ ਦੱਸਿਆ ਕਿ ਅੰਦਰ ਕੀ ਹੋਇਆ। ਆਪਾਂ ਨਿੱਤ ਬਾਣੀ ਪੜ੍ਹਦੇ ਹਾਂ।

ਸਤਿਗੁਰ ਮੇਰਾ ਸਰਬ ਪ੍ਰਤਿਪਾਲੇ, ਸਤਿਗੁਰੂ ਮੇਰਾ ਮਾਰ ਜੀਵਾਲੇ॥

ਇਨ੍ਹਾਂ ਪੰਕਤੀਆਂ ਦਾ ਅਰਥ ਕੀ ਕਰੋਗੇ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸੁਆਲ ਕੀਤੇ ਤੇ ਅਖੀਰ ਸੀਤਲ ਸਾਹਿਬ ਨੇ ਇਹ ਗੱਲ ਮੰਨੀ ਕਿ ਪਿੱਛੇ ਵਿਦਵਾਨਾਂ ਨੇ ਲਿਖਿਆ ਸੀ ਇਸ ਲਈ ਮੈਂ ਵੀ ਲਿਖ ਦਿੱਤਾ ਹੈ ਤੁਸੀ ਜਿਹੜੀ ਸੋਧ ਕਰਨੀ ਹੈ ਉਹ ਦੱਸੋ ਕਰ ਦੇਵਾਂਗੇ।

ਇਤਿਹਾਸ ਪੜ੍ਹ ਕੇ ਗੁਰੂ ਤੇ ਪਿਆਰ ਆਵੇਗਾ ਜਾਂ ਤਕਰਾਰ ਆਵੇਗਾ। ਐਸੇ ਇਤਿਹਾਸ ਲਿਖਣ ਨਾਲ ਕਿਤਾਬਾਂ ਤਾਂ ਮੋਟੀਆਂ ਹੋ ਜਾਣਗੀਆਂ ਤੇ ਤਕੜੀਆਂ ਹੋਣਗੀਆਂ ਪਰ ਇਤਿਹਾਸ ਕਮਜ਼ੋਰ ਤੇ ਪਤਲਾ ਪੈ ਜਾਵੇਗਾ।

ਆਵੋ ਗੁਰੂ ਪਿਆਰਿਓ, ਸੱਚਾ ਤੇ ਸੁੱਚਾ ਗੁਰਮਤਿ ਨਾਲ ਮੇਲ ਤੇ ਗੁਰਬਾਣੀ ਨਾਲ ਚੱਲਣ ਵਾਲਾ ਹੀ ਇਤਿਹਾਸ ਲਿਖੀਏ ਤੇ ਬੋਲੀਏ ਜਿਸ ਨਾਲ ਗੁਰੂ ਤੇ ਸ਼ਰਧਾ ਪਿਆਰ ਸਤਿਕਾਰ ਵੱਧ ਜਾਵੇ।

ਸਾਡੇ ਗੁਰੂ ਸਾਹਿਬਾਨ ਆਮ ਅਧਿਆਪਕ ਨਹੀਂ ਸਨ। ਕੀ ਪ੍ਰੀਖਿਆ ਲੈਣ ਵੇਲੇ ਪੇਪਰ ਹੀ ਬਦਲ ਦੇਣ ਇਹ ਤਾਂ ਸੰਸਾਰਕ ਅਧਿਆਪਕ ਕਰਦੇ ਹਨ ਪੇਪਰ ਲੀਕ ਹੋਣ ਤੇ ਪੇਪਰ ਬਦਲ ਦਿੰਦੇ ਹਨ। ਗੁਰੂ ਆਪਣੇ ਸਿੱਖਾਂ ਸਾਹਮਣੇ ਜਾਂ ਪਿੱਛੇ ਝੂਠ ਦਾ ਸਹਾਰਾ ਨਹੀਂ ਲਵੇਗਾ। ਗੁਰੂ ਦੀ ਤਾਂ ਗੱਲ ਛੱਡੋ ਸਿੱਖਾਂ ਨੇ ਆਪਣੇ ਆਪ ਨੂੰ ਕੁਰਬਾਨ ਕਰਵਾ ਦਿੱਤਾ ਪਰ ਝੂਠ ਦਾ ਸਹਾਰਾ ਨਹੀਂ ਲਿਆ। ਤੇ ਸਾਡਾ ਗੁਰੂ ਆਪਣੇ ਸਿੱਖਾਂ ਅੱਗੇ ਕੋਈ ਗ਼ਲਤ ਰੋਲ ਨਹੀਂ ਕਰ ਸਕਦਾ। ਤੁਸੀਂ ਆਪਣੇ ਅੰਦਰ ਇੱਕ ਨਜ਼ਰ ਪਾਕੇ ਵੇਖੋ ਤੁਹਾਨੂੰ ਕੋਈ ਆਖੇ ਆਵੋ ਤੁਹਾਨੂੰ ਅੰਦਰ ਸ਼ੇਰ ਵਿਖਾਵਾਂ ਤੇ ਅੰਦਰ ਬੈਠੀਆਂ ਹੋਣ ਬਿੱਲੀਆਂ ਤੁਹਾਡਾ ਉਸ ਮਨੁੱਖ ਪ੍ਰਤੀ ਕਿਤਨਾ ਸਤਿਕਾਰ ਹੋਵੇਗਾ?

ਨਾਲੇ ਪੰਥ ਸਾਜਨਾ ਖਾਲਸੇ ਦਾ ਜਨਮ ਦਿਨ ਹੈ ਜਨਮ ਮਾਂ ਹਮੇਸ਼ਾ ਪਰਦੇ ਵਿਚ ਹੀ ਦਿੰਦੀ ਹੈ। ਪਹਿਲੀ ਪਾਤਸ਼ਾਹੀ ਤੋਂ ਲੈ ਕੇ ਨੌਵੀਂ ਪਾਤਸ਼ਾਹੀ ਨੇ ਜੋ ਵੀ ਕੀਤਾ ਸੰਗਤਾਂ ਦੇ ਸਾਹਮਣੇ ਕੀਤਾ ਹੈ। ਇਨ੍ਹਾਂ ਖਾਲਸੇ ਨੂੰ ਜਨਮ ਦਿੱਤਾ ਹੈ ਇਸ ਲਈ ਪਰਦੇ ਦੀ ਜ਼ਰੂਰਤ ਹੈ, ਗੁਰੂ ਨੇ ਪਰਦੇ ਵਿੱਚ ਕੀਤਾ ਹੈ। ਸਾਡੇ ਵਿੱਚ ਕੀ ਹਿੰਮਤ ਅਸੀ ਗੁਰੂ ਦਾ ਕੀਤਾ ਪਰਦਾ ਚੁੱਕੀਏ।

ਪਿੱਛੇ ਜੇ ਕਿਸੇ ਵੀਰ ਨੇ ਔਰੰਗਜ਼ੇਬ ਦੇ ਸੂਹੀਏ ਦੀ ਰੀਪੋਰਟ ਲਿਖਕੇ ਸਿਰ ਸੰਗਤ ਦੇ ਵਿਚ ਹੀ ਉਤਾਰੇ ਗਏ। ਬੜ੍ਹੇ ਲੋਕਾਂ ਨੇ ਇਸ ਨੂੰ ਸੇਵਾ ਸਮਝ ਕੇ ਉਸ ਦੀਆਂ ਫੋਟੋ-ਸਟੇਟ ਕਰਵਾ ਕੇ ਸੰਗਤਾਂ ਵਿੱਚ ਵੰਡੀਆਂ।

ਇੱਕ ਦਾਨਸ਼ਮੰਦ ਵੀਰ ਨੇ ਦਲੀਲ ਦਿੱਤੀ ਸੀ ਕਿ ਬੱਚਾ ਆਪਣੀ ਮਾਂ ਨੂੰ ਪੁੱਛੇ, "ਦੱਸ ਮਾਂ ਤੂੰ ਮੈਨੂੰ ਕਿਵੇਂ ਬਣਾਇਆ ਹੈ?" ਉਸ ਬੱਚੇ ਨੂੰ ਅਸੀਂ ਸਭ ਨਲਾਇਕ ਬੱਚਾ ਆਖਾਂਗੇ ਜਿਹੜਾ ਆਪਣੀ ਮਾਂ ਨੂੰ ਬੇਹੂਦਾ ਸੁਆਲ ਕਰੇਗਾ।

ਆਓ ਖਾਲਸਾ ਜੀ, ਲਾਇਕ ਬੱਚੇ ਬਣੀਏ ਜੋ ਸਾਨੂੰ ਸਾਡੇ ਗੁਰੂ ਨੇ ਤੰਬੂ 'ਚੋਂ ਬਾਹਰ ਆਕੇ ਦਿੱਤਾ ਹੈ। ਅੰਮ੍ਰਿਤ ਬਾਣੀ, ਬਾਣਾ ਤੇ ਰਹਿਤ ਮਰਿਯਾਦ ਉਸਨੂੰ ਆਪ ਵੀ ਧਾਰਨ ਕਰੀਏ ਤੇ ਆਪਣੇ ਬੱਚੇ ਨੂੰ ਵੀ ਗੁਰੂ ਦੇ ਦੱਸੇ ਮਾਰਗ ਤੇ ਚਲਾਈਏ। ਅੰਮ੍ਰਿਤ ਛੱਕ ਕੇ ਸਿੰਘ ਸੱਜ ਜਾਈਏ ਤਾਂ ਹੀ ਅਸੀ ਸੱਚੇ ਤੇ ਸੁੱਚੇ ਸਿੱਖ ਅਖਵਾ ਸਕਾਂਗੇ।

ਕੁਝ ਪਾਠਕਾਂ ਦਾ ਸੁਆਲ ਹੁੰਦਾ ਹੈ? ਜਿਸਨੇ ਆਪ ਅੰਮ੍ਰਿਤ ਨਾ ਛਕਿਆ ਹੋਵੇ, ਉਹ ਦੂਜੇ ਨੂੰ ਅੰਮ੍ਰਿਤ ਛਕਾ ਸਕਦਾ ਹੈ?

ਅਗੋਂ ਹਰ ਗੁਰਸਿੱਖ ਦਾ ਜਵਾਬ ਹੈ ਨਹੀਂ, ਜਿਸਨੇ ਆਪ ਅੰਮ੍ਰਿਤ ਨਹੀਂ ਛਕਿਆ ਕਿਸੇ ਨੂੰ ਅੰਮ੍ਰਿਤ ਨਹੀਂ ਛਕਾ ਸਕਦਾ।

ਫਿਰ ਸੁਆਲ ਕਰਨ ਵਾਲਾ ਕਹਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਕਿਵੇਂ ਛਕਾ ਦਿੱਤਾ? ਜੇ ਤੁਸੀ ਆਖੋ ਉਹ ਗੁਰੂ ਸਨ, ਪੀਰ ਸਨ, ਪੈਗੰਬਰ ਸਨ ਉਨ੍ਹਾਂ ਕੋਲ ਅੰਮ੍ਰਿਤ ਸੀ। ਜੇ ਅੰਮ੍ਰਿਤ ਸੀ ਤਾਂ ਮੰਗਿਆ ਕਿਉਂ? ਇਸ ਦਾ ਭਾਵ ਹੈ ਉਨ੍ਹਾਂ ਕੋਲ ਅੰਮ੍ਰਿਤ ਨਹੀਂ ਸੀ।

ਜਿਸ ਤਰ੍ਹਾਂ ਦੇਸ਼ ਦੇ ਵਿਚ ਵੋਟਾਂ ਪਾ ਕੇ ਪ੍ਰਧਾਨ ਮੰਤਰੀ ਦੀ ਚੌਣ ਹੁੰਦੀ ਹੈ। ਜਦੋਂ ਉਹ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਫਿਰ ਉਸ ਨੂੰ ਸਹੁੰ ਚੁਕਾਈ ਜਾਂਦੀ ਹੈ। ਪ੍ਰਧਾਨ ਮੰਤਰੀ ਸਾਰੀ ਦੁਨੀਆਂ ਦੇ ਸਾਹਮਣੇ ਹਿੰਦੁਸਤਾਨ ਕਾਨੂੰਨੀ ਧਾਰਾ ਅਨੁਸਾਰ ਦੇਸ਼ ਦਾ ਸੰਵਿਧਾਨ ਵਿੱਚ ਰਹਿਣ ਦੀ ਸਹੁੰ ਚੁੱਕਦਾ ਹੈ ਤੇ ਆਖਦਾ ਹੈ ਜੋ ਕਾਨੂੰਨ ਇਕ ਸਿਪਾਹੀ ਵਾਸਤੇ ਹੈ ਉਹੀ ਕਾਨੂੰਨ ਮੇਰੇ ਵਾਸਤੇ ਹੈ। ਮੈਂ ਜੋ ਵੀ ਕਰਾਂਗਾ ਉਹ ਕਾਨੂੰਨ ਦੇ ਸੰਵਿਧਾਨ ਦੀ ਧਾਰਾ ਥੱਲੇ ਰਹਿ ਕੇ ਕਰਾਂਗਾ। ਮੈਂ ਦੇਸ਼ ਦੇ ਸੰਵਿਧਾਨ ਦੀ ਕਦੀ ਉਲੰਘਣਾ ਨਹੀਂ ਕਰਾਂਗਾ। ਅਗਰ ਦੇਸ਼ ਦੇ ਕਾਨੂੰਨ, ਸੰਵਿਧਾਨ ਦੀ ਮੈਂ ਉਲੰਘਣਾ ਕਰਾਂਗਾ ਤਾਂ ਜੋ ਸਜਾ ਇੱਕ ਸਿਪਾਹੀ ਵਾਸਤੇ ਹੈ ਉਹੀ

ਮੇਰੇ ਵਾਸਤੇ ਹੈ। ਜੇ ਉਹ ਸਹੁੰ ਨਹੀਂ ਚੁੱਕਦਾ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਨਹੀਂ ਬਣ ਸਕਦਾ।

ਇਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਇਸ ਬਚਨ ਨੂੰ ਦ੍ਰਿੜ ਕਰਵਾਇਆ ਹੈ। ਖਾਲਸਾ ਅਕਾਲ ਪੁਰਖ ਕੀ ਫੌਜ ਹੈ। ਉਸ ਫੌਜ ਦੇ ਵੀ ਕੁਝ ਕਾਨੂੰਨ ਹਨ। ਉਸਦਾ ਵੀ ਕੋਈ ਸੰਵਿਧਾਨ ਹੈ ਜੋ ਉਸ ਦਿਨ ਤੋਂ ਪਹਿਲੇ ਚਰਨ ਪਹੁਲ ਸਿੱਖਾਂ ਨੂੰ ਪਿਲਾਈ ਜਾਂਦੀ ਸੀ। ਉਸ ਚਰਨ ਪਾਹੁਲ ਦੀ ਮਰਿਯਾਦਾ ਬੰਦ ਕਰਕੇ ਖੰਡੇ ਦੀ ਪਾਹੁਲ ਅਰੰਭ ਕੀਤੀ ਗਈ। ਸਿੱਖ ਇਤਿਹਾਸ ਨੂੰ ਅਗਰ ਤੁਸੀਂ ਸਹੀ ਪੜ੍ਹਨਾ ਚਾਹੁੰਦੇ ਹੋ ਜਾਂ ਸਹੀ ਲਿਖਣ ਦੀ ਇੱਛਾ ਕਰਦੇ ਹੋ ਤਾਂ ਸਤਿਗੁਰੂ ਦੀ ਬਾਣੀ ਦੀ ਰੌਸ਼ਨੀ ਥੱਲੇ ਪੜ੍ਹੋ ਤੇ ਲਿਖੋ ਹਮੇਸ਼ਾ ਸਫਲ ਹੋਵੋਗੇ। ਇੱਥੇ ਜਿਸ ਤਰ੍ਹਾਂ ਕੋਈ ਵੈਦ ਜਾਂ ਡਾਕਟਰ ਕਿਸੇ ਦਵਾਈ ਦਾ ਫਾਰਮੂਲਾ (ਬਨਾਉਣ ਦਾ ਤਰੀਕਾ) ਵੱਡੇ ਡਾਕਟਰ ਤੋਂ ਸਿੱਖ ਕੇ ਆਵੇ ਫਿਰ ਦਵਾਈ ਤਿਆਰ ਕਰੇ ਪੂਰੀ ਦੁਆਈ ਤਿਆਰ ਕਰਕੇ ਮਰੀਜ਼ਾਂ ਨੂੰ ਛਕਾਵੇ ਤੇ ਫਿਰ ਉਸ ਦਵਾਈ ਦੀ ਉਸਤਤ ਕਰਦਾ ਕਰਦਾ ਸਾਰਿਆਂ ਦੇ ਸਾਹਮਣੇ ਇਕ ਪੁੜੀ ਆਪ ਖਾਕੇ ਮਰੀਜ਼ਾਂ ਨੂੰ ਦੱਸੇ ਕਿ ਮੇਰੀ ਤੰਦਰੁਸਤੀ ਦਾ ਰਾਜ ਵੀ ਇਹ ਹੈ।

ਗੁਰੂ ਜੀ ਨਿਰੰਕਾਰ ਦੇ ਘਰੋਂ ਅੰਮ੍ਰਿਤ ਦੀ ਦਾਤ ਦਾ ਫਾਰਮੂਲਾ ਲੈ ਕੇ ਸੰਸਾਰ ਵਿੱਚ ਆਏ ਤੇ ਆਪਣੇ ਪੁੱਤਰ ਖਾਲਸੇ ਦੀ ਝੋਲੀ ਵਿਚ ਇਹ ਅੰਮ੍ਰਿਤ ਹੀ ਨਹੀਂ ਪਾਇਆ, ਅੰਮ੍ਰਿਤ ਤਿਆਰ ਕਰਨ ਦਾ ਤਰੀਕਾ ਵੀ ਖਾਲਸੇ ਦੀ ਝੋਲੀ ਵਿਚ ਪਾਇਆ। ਅੰਮ੍ਰਿਤ ਦੀ ਹੋਰ ਮਹਾਨਤਾ ਕਰਨ ਵਾਸਤੇ ਪਾਤਸ਼ਾਹ ਨੇ ਆਪ ਵੀ ਛਕਿਆ।

ਕਈ ਵੀਰ ਕਹਿੰਦੇ ਹਨ ਜੀ! ਦਿਲ (ਮਨ) ਸਾਫ਼ ਹੋਣਾ ਚਾਹੀਦਾ ਹੈ ਅੰਮ੍ਰਿਤ ਦੀ ਕੀ ਲੋੜ ਹੈ? ਫਿਰ ਪੁੱਛਣਾ ਪੈਂਦਾ ਹੈ ਕੀ ਤੁਹਾਡਾ ਦਿਲ (ਮਨ) ਗੁਰੂ ਗੋਬਿੰਦ ਸਿੰਘ ਜੀ ਨਾਲੋਂ ਵੱਧ ਸਾਫ ਹੈ। ਜੇ ਨਹੀਂ ਤਾਂ ਭਾਈ ਸਭ ਵਾਸਤੇ ਅੰਮ੍ਰਿਤ ਦੀ ਦਾਤ ਜ਼ਰੂਰੀ ਹੈ।

ਪਾਤਸ਼ਾਹ ਜੀ ਨੇ ਇਸ ਵਾਸਤੇ ਅੰਮ੍ਰਿਤ ਦੀ ਮੰਗ ਕੀਤੀ ਕਿਉਂਕਿ ਜਿਸ ਮਾਰਗ ਉੱਤੇ ਪਾਤਸ਼ਾਹ ਜੀ ਚਲ ਰਹੇ ਸਨ, ਤੁਸੀ ਵੀ ਉਸ ਮਾਰਗ ਤੇ ਚੱਲੋ ਜਿਸ ਤਰ੍ਹਾਂ ਗੁਰੂ ਅਰਜਨ ਦੇਵ ਜੀ, ਗੁਰੂ

ਤੇਗ ਬਹਾਦਰ ਸਾਹਿਬ ਜੀ ਨੇ ਆਪ ਅੱਗੇ ਚਲਕੇ ਸਿੱਖਾਂ ਨੂੰ ਸ਼ਹੀਦੀ ਦਾ ਮਾਰਗ ਦੱਸਿਆ। ਇਸੇ ਤਰ੍ਹਾਂ ਅੰਮ੍ਰਿਤ ਦੀ ਮਰਿਯਾਦਾ ਆਪ ਨੇ ਨਿਭਾਕੇ ਦਿਖਾਈ।

ਇੱਥੇ ਹੀ ਬਸ ਨਹੀਂ ਆਪਣੇ ਖ਼ਾਲਸੇ ਦੀ ਪਰਖ ਵੀ ਕੀਤੀ, ਦਾਦੂ ਦੀ ਕਬਰ ਅਗੇ ਤੀਰ ਝੁਕਾਇਆ ਤਾਂ ਖਾਲਸਾ ਆਪ ਦੀ ਪ੍ਰੀਖਿਆ ਵਿਚ ਸੌ 'ਚੋਂ ਸੌ ਨੰਬਰ ਲੈ ਕੇ ਪਾਸ ਹੋਇਆ। ਅੰਮ੍ਰਿਤ ਦੀ ਦਾਤ ਲੈਣ ਬਿਨਾਂ ਕੋਈ ਕੇਸ ਰੱਖੀ ਫਿਰੇ ਉਸ ਨੂੰ ਮੂਰਖ ਭੇਖੀ ਸਿੱਖ ਵੀ ਆਖਿਆ ਹੈ। ਤਾਂ ਹੀ ਪਾਤਸ਼ਾਹ ਨੇ ਅੰਮ੍ਰਿਤ ਦੀ ਮੰਗ ਕੀਤੀ ਹੈ ਕਿ ਇਹ ਅੰਮ੍ਰਿਤ ਹਰ ਵਸ਼ਰ ਵਾਸਤੇ ਜ਼ਰੂਰੀ ਹੈ।

ਭਾਈ ਡੱਲੇ ਚੌਧਰੀ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਨਾਲ ਸਿੰਘ ਦੀ ਫੌਜ ਨੂੰ ਆਪਣੇ ਘਰ ਰੱਖ ਕੇ ਬਹੁਤ ਭਾਰੀ ਸੇਵਾ ਕੀਤੀ ਸੀ। ਜਦੋਂ ਸੂਬਾ ਸਰਹੰਦ ਨੂੰ ਖ਼ਬਰ ਮਿਲੀ ਕਿ ਗੁਰੂ ਗੋਬਿੰਦ ਸਿੰਘ ਚੌਧਰੀ ਡੱਲੇ ਕੋਲ ਹਨ ਤਾਂ ਉਸਨੇ ਪਰਵਾਨਾ ਲਿਖ ਭੇਜਿਆ ਪ੍ਰੇਰਨਾ ਕੀਤੀ ਕਿ ਮੁਗ਼ਲ ਹਕੂਮਤ ਦੇ ਬਾਗੀ ਗੁਰੂ ਨੂੰ ਮੇਰੇ ਹਵਾਲੇ ਕਰ ਦੇ। ਔਰੰਗਜ਼ੇਬ ਪਾਸੋਂ ਇਨਾਮ ਦਵਾਉਣ ਦੇ ਵੀ ਲਾਲਚ ਦਿੱਤੇ। ਨਾਲੇ ਆਖਿਆ "ਮੈਂ ਤੇਰਾ ਘਰ ਧਨ ਨਾਲ ਭਰ ਦੇਵਾਂਗਾ।"

ਜਦੋਂ ਡੱਲਾ ਚੌਧਰੀ ਦੇ ਇਨਕਾਰੀ ਹੋਣ ਤੇ ਡਰਾਵੇ ਵੀ ਦਿੱਤੇ। ਪਰ ਚੌਧਰੀ ਡੱਲਾ ਨਾ ਲਾਲਚ ਵਿਚ ਆਇਆ, ਨਾ ਡਰਾਵਿਆਂ ਤੋਂ ਡਰਿਆ, ਆਪਣੇ ਵੱਲੋਂ ਪ੍ਰਵਾਨਾ ਲਿਖ ਭੇਜਿਆ, "ਗੁਰੂ ਦੀ ਸੇਵਾ ਖਾਤਰ ਧਨ-ਦੌਲਤ ਪਰਿਵਾਰ ਸਭ ਕੁਰਬਾਨ ਕਰ ਦੇਵਾਂਗਾ ਪਰ ਗੁਰੂ ਤੋਂ ਬੇਮੁੱਖ ਨਹੀਂ ਹੋਵਾਂਗਾ। ਬਾਕੀ ਤੇਰੀਆਂ ਗਿੱਦੜ ਧਮਕੀਆਂ ਤੋਂ ਮੈਂ ਨਹੀਂ ਡਰਦਾ, ਖਿਆਲ ਕਰਕੇ ਇੱਧਰ ਨੂੰ ਮੂੰਹ ਕਰਕੇ ਜੇ ਤੂੰ ਮੁੜ ਹਮਲਾ ਕਰਨ ਦੀ ਮੂਰਖਤਾ ਕੀਤੀ ਤਾਂ ਐਂਤਕੀ ਗੁਰੂ ਜੀ ਮੇਰੇ ਨਾਲ ਹਨ ਅੱਗੇ ਨਾਲੋਂ ਵੀ ਵਧੀਕ ਦੁਰਗਤੀ ਕਰਾਂਗਾ। ਇਸ ਪਾਣੀ ਹੀਣ ਧਰਤੀ ਤੋਂ ਬਚ ਕੇ ਜਾਣਾ ਤੇਰੇ ਲਈ ਸੌਖੀ ਖੇਡ ਨਹੀਂ ਹੋਵੇਗੀ।"

ਭਾਈ ਡੱਲੇ ਚੌਧਰੀ ਨੇ ਪੂਰੇ ਸਿਦਕ ਨਾਲ ਗੁਰੂ ਦੀ ਸੇਵਾ ਕੀਤੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦੋਂ ਇਸ ਕੋਲੋਂ ਅੱਗੇ ਚਾਲੇ ਪਾਣੇ ਸਨ ਤਾਂ ਪਾਤਸ਼ਾਹ ਨੇ ਡੱਲੇ ਨੂੰ

ਬੁਲਾਇਆ ਤੇ ਕਿਹਾ ਭਾਈ ਡੱਲਿਆ ਤੂੰ ਸਿਦਕ ਨਾਲ ਸੇਵਾ ਕੀਤੀ ਹੈ। ਗੁਰੂ ਨਾਨਕ ਤੇਰੇ ਤੇ ਤੁੱਠੇ ਹਨ ਜੋ ਮੰਗਣਾ ਚਾਹੁੰਦਾ ਹੈ ਉਹ ਮੰਗ ਲੈ। ਭਾਈ ਡੱਲੇ ਨੇ ਹੱਥ ਜੋੜਕੇ ਬੇਨਤੀ ਕੀਤੀ ਪਾਤਸ਼ਾਹ ਇਸ ਲੋਕ ਦੇ ਸੁੱਖ ਤਾਂ ਆਪ ਦੀ ਕਿਰਪਾ ਨਾਲ ਸਭ ਹਨ। ਜਦੋਂ ਪਰਲੋਕ ਵਿੱਚ ਆਈਏ ਤਾਂ ਆਪਣੇ ਚਰਨਾਂ ਵਿਚ ਥਾਂ ਦੇਣੀ। ਚਾਹੇ ਪੀਹੜੀ ਜਿੰਨੀ ਦੇ ਦੇਣੀ ਜੀ।

ਗੁਰੂ ਗੋਬਿੰਦ ਸਿੰਘ ਜੀ ਕਹਿਣ ਲੱਗੇ, "ਭਾਈ ਡੱਲਿਆ! ਦੁਨੀਆਂ ਦੇ ਸੁੱਖ ਚਾਹੁੰਦਾ ਹੈ ਤਾਂ ਮਿਲ ਸਕਦੇ ਹਨ ਪਰ ਸਾਡੇ ਸਵਰਗ ਧਾਮ ਵਿੱਚ (ਸਾਡੇ ਚਰਨਾਂ ਵਿਚ) ਪੀਹੜੀ ਤਾਂ ਬਹੁਤ ਵੱਡੀ ਹੈ ਸੂਈ ਦੇ ਨੱਕੇ ਜਿੰਨੀ ਵੀ ਥਾਂ ਨਹੀਂ ਮਿਲ ਸਕਦੀ।" ਡੱਲੇ ਨੇ ਹੱਥ ਜੋੜੇ ਤੇ ਬੇਨਤੀ ਕੀਤੀ, "ਪਾਤਸ਼ਾਹ ਇਹ ਕਿਉਂ?"

ਗੁਰੂ ਜੀ ਕਹਿਣ ਲੱਗੇ, "ਸਾਡੇ ਕੋਲ ਤਾਂ ਕੇਵਲ ਅੰਮ੍ਰਿਤਧਾਰੀ ਵਾਸਤੇ ਥਾਂ ਹੈ ਬਾਕੀ ਕਿਸੇ ਵਾਸਤੇ ਨਹੀਂ।" ਭਾਈ ਡੱਲੇ ਚੌਧਰੀ ਨੇ ਪਰਿਵਾਰ ਸਮੇਤ ਅੰਮ੍ਰਿਤਪਾਨ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪ੍ਰਸੰਨ ਹੋਕੇ ਕਹਿਣ ਲੱਗੇ, "ਭਾਈ ਡੱਲਾ ਸਿੰਘ ਜੀ, ਹੁਣ ਤੇਰੇ ਵਾਸਤੇ ਸਾਡੇ ਦਿਲ ਵਿਚ ਵੀ ਥਾਂ ਹੈ ਤੇ ਪੀਹੜੀ ਨੂੰ ਛੱਡ ਭਾਵੇਂ ਪਲੰਗ ਲਗਾ ਕੇ ਬੈਠ ਜਾਵੀਂ।"

ਇਹ ਸਭ ਕੁਝ ਅੰਮ੍ਰਿਤ ਦੀ ਮਹਾਨਤਾ ਵਾਸਤੇ ਕੀਤਾ ਹੈ, ਜੇ ਗੁਰੂ ਜੀ ਨੇ ਆਪ ਅੰਮ੍ਰਿਤ ਨਾ ਛਕਿਆ ਹੁੰਦਾ ਤਾਂ ਇਤਨਾ ਸਤਿਕਾਰ ਕਰਨ ਵਿਚ ਕਈ ਰੁਕਾਵਟਾਂ ਆਉਣੀਆਂ ਸਨ। ਇਸ ਵਾਸਤੇ ਅੰਮ੍ਰਿਤ ਦੀ ਦਾਤ ਆਪ ਮੰਗੀ ਕਿ ਇਹ ਅੰਮ੍ਰਿਤ ਸਭ ਵਾਸਤੇ ਜ਼ਰੂਰੀ ਹੈ।

ਇਹ ਸਭ ਕੁਝ ਅੰਮ੍ਰਿਤ ਦੀ ਮਹਾਨਤਾ ਵਾਸਤੇ ਕੀਤਾ ਹੈ ਜੇ ਗੁਰੂ ਜੀ ਨੇ ਆਪ ਅੰਮ੍ਰਿਤ ਨਾ ਛਕਿਆ ਹੁੰਦਾ ਤਾਂ ਇਤਨਾ ਸਤਿਕਾਰ ਕਰਨ ਵਿਚ ਕਈ ਰੁਕਾਵਟਾਂ ਆਉਣੀਆਂ ਸਨ। ਇਸ ਵਾਸਤੇ ਅੰਮ੍ਰਿਤ ਦੀ ਦਾਤ ਆਪ ਮੰਗੀ ਕਿ ਇਹ ਅੰਮ੍ਰਿਤ ਸਭ ਵਾਸਤੇ ਜ਼ਰੂਰੀ ਹੈ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਾ: ੧੦ ਕਬਿਯੋ ਬਾਚ ਬੇਨਤੀ ॥ਚੌਪਈ ॥

ਚੌਪਈ ਸਾਹਿਬ

ਅਰਥ

ਪਾ: ੧੦ ਕਬਿਯੋ ਬਾਚ ਬੇਨਤੀ ॥ ਚੌਪਈ॥

ਹਮਰੀ ਕਰੋ ਹਾਥ ਦੈ ਰੱਛਾ॥
ਪੂਰਨ ਹੋਇ ਚਿਤ ਕੀ ਇੱਛਾ॥
ਤਵ ਚਰਨਨ ਮਨ ਰਹੈ ਹਮਾਰਾ॥
ਅਪਨਾ ਜਾਨ ਕਰੋ ਪ੍ਰਤਿਪਾਰਾ॥੩੭੭॥
ਹਮਰੇ ਦੁਸਟ ਸਭੈ ਤੁਮ ਘਾਵਹੁ॥
ਆਪੁ ਹਾਥ ਦੈ ਮੋਹਿ ਬਚਾਵਹੁ॥
ਸੁਖੀ ਬਸੈ ਮੋਰੋ ਪਰਿਵਾਰਾ॥
ਸੇਵਕ ਸਿੱਖ ਸਭੈ ਕਰਤਾਰਾ॥੩੭੮॥
ਮੋ ਰੱਛਾ ਨਿਜ ਕਰ ਦੈ ਕਰਿਯੈ॥
ਸਭ ਬੈਰਨ ਕੌ ਆਜ ਸੰਘਰਿਯੈ॥
ਪੂਰਨ ਹੋਇ ਹਮਾਰੀ ਆਸਾ॥
ਤੋਰ ਭਜਨ ਕੀ ਰਹੈ ਪਿਆਸਾ॥੩੭੯॥
ਤੁਮਹਿੰ ਛਾਡਿ ਕੋ ਅਵਰ ਨ ਧਿਯਾਊਂ॥
ਜੋ ਬਰ ਚਹੋਂ ਸੁ ਤੁਮ ਤੇ ਪਾਊਂ॥
ਸੇਵਕ ਸਿੱਖ ਹਮਾਰੇ ਤਾਰੀਅਹਿੰ॥
ਚੁਨਿ ਚੁਨਿ ਸੱਤ੍ਰ ਹਮਾਰੇ
ਮਾਰੀਅਹਿੰ॥੩੮੦॥
ਆਪ ਹਾਥ ਦੈ ਮੁਝੈ ਉਬਰਿਯੈ॥
ਮਰਨ ਕਾਲ ਕਾ ਤ੍ਰਾਸੁ ਨਿਵਰਿਯੈ॥
ਹੂਜੋ ਸਦਾ ਹਮਾਰੇ ਪੱਛਾ॥

ਬਿੰਦੀ ਸਹਿਤ : ਤੁਮਹਿੰ ਤਾਰੀਅਹਿੰ, ਮਾਰੀਅਹਿੰ। **ਫੁਟਕਲ** : 'ਦੈ' ਨੂੰ 'ਦੇ' ਉਚਾਰਨਾ ਅਸ਼ੁੱਧ ਹੈ।

ਅਰਥ

ਕਵੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ) ਬੇਨਤੀ ਚੌਪਈ (ਵਾਲੇ ਛੰਦਾਂ ਦੁਆਰਾ)।

(ਹੇ ਅਕਾਲ ਪੁਰਖ ਜੀ!) ਮੇਰੀ ਹੱਥ ਦੇ ਕੇ ਰਖਿਆ ਕਰੋ, (ਮੇਰੇ) ਦਿਲ ਦੀ (ਇਹ) ਇੱਛਾ ਪੂਰੀ ਹੋ ਜਾਵੇ।

ਤੁਹਾਡੇ ਚਰਨਾਂ ਵਿੱਚ ਮੇਰਾ ਮਨ (ਜੁੜਿਆ) ਰਹੇ, ਆਪਣਾ (ਦਾਸ) ਜਾਣ ਕੇ (ਮੇਰੀ) ਪ੍ਰਤਿਪਾਲਨਾ ਕਰੋ ਜੀ।੩੭੭।

ਮੇਰੇ ਸਾਰੇ ਦੋਖੀਆਂ ਨੂੰ ਤੁਸੀ ਮਾਰ ਦਿਉ। ਆਪਣਾ ਹੱਥ ਦੇ ਕੇ ਮੈਨੂੰ ਬਚਾਅ ਲਉ।

ਹੇ ਕਰਤਾਰ ਜੀ! (ਕਿਰਪਾ ਕਰੋ) ਮੇਰਾ ਟੱਬਰ (ਅਤੇ) ਸਿੱਖ ਸੇਵਕ ਸਾਰੇ ਹੀ (ਸੁੱਖੀ ਵਸਣ)।੩੭੮।

(ਹੇ ਕਰਤਾ ਪੁਰਖ!) ਆਪਣਾ ਹੱਥ ਦੇ ਕੇ ਮੇਰੀ ਰਖਿਆ ਕਰੋ। (ਖ਼ਾਲਸੇ ਦੇ) ਸਾਰੇ ਵੈਰੀਆ ਨੂੰ ਅੱਜ ਹੀ (ਭਾਵ ਤਤਕਾਲ) ਨਾਸ਼ ਕਰ ਦਿਉ।

ਮੇਰੀ ਦਿਲੀ ਇੱਛਾ ਪੂਰੀ ਹੋ ਜਾਵੇ। (ਅਤੇ ਤੇਰੇ ਸਿਮਰਨ ਦੀ) ਪਿਆਸ (ਮੇਰੇ ਹਿਰਦੇ ਵਿੱਚ ਟਿੱਕੀ) ਰਹੇ।੩੭੯।

(ਕਿਰਪਾ ਕਰੋ ਮੈਂ) ਤੁਹਾਨੂੰ ਛੱਡ ਕੇ ਹੋਰ ਕਿਸੇ ਨੂੰ ਨਾ ਧਿਆਵਾਂ, ਜਿਹੜਾ ਵਰ (ਭੀ) ਚਾਹਵਾਂ, ਉਹ ਤੁਹਾਡੇ ਪਾਸੋਂ ਪ੍ਰਾਪਤ ਕਰਾਂ।

ਮੇਰੇ (ਸਾਰੇ) ਸੇਵਕ, ਸਿੱਖ ਤਾਰ ਦਿਉ। ਮੇਰੇ ਵੈਰੀਆਂ (ਭਾਵ ਧਰਮ ਦੋਖੀਆਂ) ਨੂੰ ਚੁਣ ਚੁਣ ਕੇ ਮਾਰ ਦਿਉ।੩੮੦।

ਆਪਣਾ ਹੱਥ ਦੇ ਕੇ ਮੈਨੂੰ ਬਚਾਅ ਲਵੋ। ਮਰਨ ਵਾਲੇ ਸਮੇਂ ਦਾ ਡਰ ਦੂਰ ਕਰ ਦਿਓ।

(ਤੁਸੀਂ) ਸਦਾ ਮੇਰੇ ਪੱਖਪੂਰਕ (ਭਾਵ ਸਹਾਇਕ) ਹੋਵੋ। ਹੇ ਅਕਾਲ ਪੁਰਖ ਜੀ! ਮੇਰੀ ਰਖਿਆ ਕਰੋ।੩੮੧।

ਰਾਖਿ ਲੇਹੁ ਮੁਹਿ ਰਾਖਨਹਾਰੇ॥
ਸਾਹਿਬ ਸੰਤ ਸਹਾਇ ਪਿਯਾਰੇ॥
ਦੀਨ ਬੰਧੁ ਦੁਸਟਨ ਕੇ ਹੰਤਾ॥
ਤੁਮ ਹੋ ਪੁਰੀ ਚਤੁਰ ਦਸ ਕੰਤਾ॥੩੯੨॥
ਕਾਲ ਪਾਇ ਬ੍ਰਹਮਾ ਬਪੁ ਧਰਾ॥
ਕਾਲ ਪਾਇ ਸਿਵ ਜੂ ਅਵਤਰਾ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ॥
ਸਕਲ ਕਾਲ ਕਾ ਕੀਆ ਤਮਾਸਾ॥੩੯੩॥
ਜਵਨ ਕਾਲ ਜੋਗੀ ਸਿਵ ਕੀਓ॥
ਬੇਦ ਰਾਜ ਬ੍ਰਹਮਾ ਜੂ ਥੀਓ॥
ਜਵਨ ਕਾਲ ਸਭ ਲੋਕ ਸਵਾਰਾ॥
ਨਮਸਕਾਰ ਹੈ ਤਾਹਿਂ ਹਮਾਰਾ॥੩੯੪॥
ਜਵਨ ਕਾਲ ਸਭ ਜਗਤ ਬਨਾਯੋ॥
ਦੇਵ ਦੈਤ ਜੱਛਨ ਉਪਜਾਯੋ॥
ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥੩੯੫॥
ਨਮਸਕਾਰ ਤਿਸ ਹੀ ਕੋ ਹਮਾਰੀ॥
ਸਕਲ ਪ੍ਰਜਾ ਜਿਨ ਆਪ ਸਵਾਰੀ॥
ਸਿਵਕਨ ਕੋ ਸਿਵਗੁਨ ਸੁਖ ਦੀਓ॥
ਸੱਤ੍ਰਨ ਕੋ ਪਲ ਮੋ ਬਧ ਕੀਓ॥੩੯੬॥

ਬਿੰਦੀ ਸਹਿਤ : ਬਿਸ਼ਨ ਪ੍ਰਕਾਸ਼ਾ, ਸ਼ਿਵ, ਦੈਂਤ।

ਹੇ ਰੱਖਣ ਵਾਲੇ (ਵਾਹਿਗੁਰੂ ਜੀ!) ਮੈਨੂੰ ਰਖ ਲਵੋ। ਹੇ ਸਾਹਿਬ ਜੀ! (ਤੁਸੀਂ) ਸੰਤਾਂ ਦੀ ਸਹਾਇਤਾ ਅਤੇ ਪਿਆਰ ਕਰਨ ਵਾਲੇ ਹੋ।

(ਤੁਸੀਂ) ਦੀਨਾ ਬੰਧੂ ਹੋ ਅਤੇ ਦੁਸ਼ਟ ਦੋਖੀਆਂ ਨੂੰ ਮਾਰਨ ਵਾਲੇ ਹੋ। ਤੁਸੀਂ ਚੌਦਾਂ ਲੋਕਾਂ (ਭਾਵ ਸਾਰੀ ਸ੍ਰਿਸ਼ਟੀ ਦੇ) ਮਾਲਕ ਹੋ।੩੯੨।

ਸਮਾਂ ਪਾ ਕੇ ਬ੍ਰਹਮਾ ਨੇ (ਆਪਣਾ) ਸਰੀਰ ਧਾਰਨ ਕੀਤਾ। ਸਮਾਂ ਪਾ ਕੇ ਸ਼ਿਵ ਜੀ ਨੇ ਅਵਤਾਰ (ਜਨਮ) ਲਿਆ।

ਸਮਾਂ ਪਾ ਕੇ ਹੀ ਵਿਸ਼ਨੂੰ ਦਾ ਪ੍ਰਕਾਸ਼ ਹੋਇਆ। (ਇਹ ਮਾਨੋ) ਅਕਾਲ ਪੁਰਖ ਜੀ ਦਾ ਤਮਾਸ਼ਾ ਕੀਤਾ ਹੋਇਆ ਹੈ।੩੯੩।

ਜਿਸ ਅਕਾਲ ਪੁਰਖ ਨੇ ਸ਼ਿਵ ਜੀ ਨੂੰ ਜੋਗੀ ਬਣਾ ਦਿਤਾ, ਬ੍ਰਹਮਾ ਜੀ ਨੂੰ ਵੇਦਾਂ ਦਾ ਪ੍ਰਕਾਸ਼ਕ ਬਣਾਇਆ।

ਜਿਸ ਅਕਾਲ ਪੁਰਖ ਨੇ ਸਾਰੇ ਜੀਆਂ ਨੂੰ (ਸਾਜਿਆ ਤੇ) ਸਵਾਰਿਆ, ਉਸ ਨੂੰ ਮੇਰੀ ਨਮਸਕਾਰ ਹੈ।੩੯੪।

ਜਿਸ ਅਕਾਲ ਪੁਰਖ ਨੇ ਸਾਰੇ ਸੰਸਾਰ ਨੂੰ ਬਣਾਇਆ, ਦੇਵਤਿਆਂ, ਦੈਂਤਾਂ ਅਤੇ ਜੱਛਾਂ ਨੂੰ ਪੈਦਾ ਕੀਤਾ।

(ਹੇ ਪ੍ਰਾਣੀਓ! ਓਹ) ਆਦਿ ਤੋਂ ਅੰਤ ਤੀਕ (ਇਕ ਰਸ ਰਹਿਣ ਵਾਲਾ) ਇਕੋ ਇਕ (ਵਿਆਪਕ) ਅਵਤਾਰ ਹੈ, ਓਹੀ ਮੇਰਾ (ਮਹਾਂ ਕਾਲ) ਗੁਰੂ ਸਮਝਣਾ।੩੯੫।

(ਮਹਾਂ ਕਾਲ ਵਾਹਿਗੁਰੂ) ਜਿਸ ਨੇ ਸਾਰੀ ਪਰਜਾ ਆਪ (ਸਾਜੀ ਤੇ) ਸਵਾਰੀ, ਉਸ ਨੂੰ ਮੇਰੀ ਨਮਸਕਾਰ ਹੈ।

(ਉਸ ਸਿਰਜਨਹਾਰ ਨੇ) ਸੇਵਕਾਂ ਨੂੰ ਸ਼ੁਭ ਗੁਣ ਵਾਲੇ (ਆਤਮਿਕ) ਸੁੱਖ (ਬਖ਼ਸ਼) ਦਿੱਤੇ (ਅਤੇ ਧਰਮ) ਦੇ ਵੈਰੀਆਂ ਨੂੰ ਛਿੰਨ ਵਿੱਚ ਮਾਰ ਦਿੱਤਾ।੩੯੬।

ਘਟ ਘਟ ਕੇ ਅੰਤਰ ਕੀ ਜਾਨਤ॥
ਭਲੇ ਬੁਰੇ ਕੀ ਪੀਰ ਪਛਾਨਤ॥
ਚੀਟੀ ਤੇ ਕੁੰਚਰ ਅਸਥੂਲਾ॥
ਸਭ ਪਰਿ ਕ੍ਰਿਪਾ ਦ੍ਰਿਸਟਿ ਕਰ ਫੂਲਾ॥੩੮੭॥
ਸੰਤਨ ਦੁਖ ਪਾਏ ਤੇ ਦੁਖੀ॥
ਸੁਖ ਪਾਏ ਸਾਧੁਨ ਕੇ ਸੁਖੀ॥
ਏਕ ਏਕ ਕੀ ਪੀਰ ਪਛਾਨੈਂ॥
ਘਟ ਘਟ ਕੇ ਪਟ ਪਟ ਕੀ ਜਾਨੈਂ॥੩੮੮॥
ਜਬ ਉਦਕਰਖ ਕਰਾ ਕਰਤਾਰਾ॥
ਪ੍ਰਜਾ ਧਰਤ ਤਬ ਦੇਹ ਅਪਾਰਾ॥
ਜਬ ਆਕਰਖ ਕਰਤ ਹੋ ਕਬਹੂੰ॥
ਤੁਮ ਮੈਂ ਮਿਲਤ ਦੇਹ ਧਰ ਸਭਹੂੰ॥੩੮੯॥
ਜੇਤੇ ਬਦਨ ਸ੍ਰਿਸਟਿ ਸਭ ਧਾਰੈ॥
ਆਪੁ ਆਪਨੀ ਬੂਝਿ ਉਚਾਰੈ॥
ਤੁਮ ਸਭ ਹੀ ਤੇ ਰਹਤ ਨਿਰਾਲਮ॥
ਜਾਨਤ ਬੇਦ ਭੇਦ ਅਰੁ ਆਲਮ॥੩੯੦॥
ਨਿਰੰਕਾਰ ਨ੍ਰਿਬਿਕਾਰ ਨਿਰਲੰਭ॥
ਆਦਿ ਅਨੀਲ ਅਨਾਦਿ ਅਸੰਭ॥
ਤਾ ਕਾ ਮੂੜ ਉਚਾਰਤ ਭੇਦਾ॥
ਜਾ ਕੋ ਭੇਵ ਨ ਪਾਵਤ ਬੇਦਾ॥੩੯੧॥

(ਉਹ) ਅਕਾਲ ਪੁਰਖ ਹਰੇਕ ਹਿਰਦੇ ਦੀ ਅੰਦਰਲੀ (ਅਵਸਥਾ) ਜਾਣਦਾ ਹੈ। ਚੰਗੇ ਮੰਦੇ ਦੀ ਪੀੜਾ ਪਛਾਣਦਾ ਹੈ।

(ਉਹ ਪ੍ਰਭੂ) ਕੀੜੀ ਤੋਂ (ਲੈ ਕੇ) ਹਾਥੀ ਤੱਕ ਅਕਾਲ ਵਾਲੀ ਸਾਰੀ (ਸ੍ਰਿਸ਼ਟੀ), ਸਾਰਿਆਂ (ਜੀਆਂ) ਉਤੇ ਕਿਰਪਾ ਦ੍ਰਿਸ਼ਟੀ ਕਰਕੇ ਪ੍ਰਫੁਲਤ ਹੋ ਰਿਹਾ ਹੈ।੩੮੭।

(ਉਹ ਅਕਾਲ ਪੁਰਖ), ਸੰਤਾਂ ਦੇ ਦੁਖ ਪਾਉਣ ਤੇ ਦੁਖੀ (ਅਤੇ) ਸੰਤਾਂ ਦੇ ਸੁਖ ਪਾਉਣ ਤੇ ਸੁੱਖੀ ਹੁੰਦਾ ਹੈ।

(ਉਹ ਪ੍ਰਭੂ) ਹਰੇਕ (ਵਿਅਕਤੀ) ਦੀ ਪੀੜਾ ਨੂੰ ਪਛਾਣਦਾ ਹੈ। ਹਰੇਕ (ਜੀਵ) ਦੇ ਹਿਰਦੇ ਦੀ (ਗੁਪਤ ਗਲ ਨੂੰ) ਜਾਣਦਾ ਹੈ।੩੮੮।

ਹੇ ਕਰਤਾਰ! ਜਦੋਂ (ਤੁਸਾਂ ਸੰਸਾਰ ਦਾ) ਪਸਾਰਾ ਕੀਤਾ, ਤਦੋਂ ਸ੍ਰਿਸ਼ਟੀ ਨੇ ਬੇਅੰਤ ਸਰੀਰ ਧਾਰ ਲਏ।

ਜਦੋਂ ਤੁਸੀਂ (ਪ੍ਰਾਣ-ਸਤਾ) ਖਿਚ ਲੈਂਦੇ ਹੋ, (ਤਦੋਂ) ਸਾਰੇ ਸਰੀਰ ਧਾਰਨ ਵਾਲੇ ਤੁਹਾਡੇ ਵਿੱਚ ਹੀ ਸਮਾਅ ਜਾਂਦੇ ਹਨ।੩੮੯।

(ਫਿਰ) ਸ੍ਰਿਸ਼ਟੀ ਜਿਤਨੇ ਸਰੀਰ (ਜੀਵ) ਉਤਪੰਨ ਕਰਦੀ ਹੈ (ਹੇ ਪ੍ਰਭੂ! ਹਰ ਜੀਵ) ਆਪੋ ਆਪਣੀ ਸਮਝ ਅਨੁਸਾਰ (ਤੁਹਾਡੀਆਂ ਸਿਫਤਾਂ) ਉਚਾਰਦਾ ਹੈ।

ਤੁਸੀਂ ਸਾਰਿਆਂ ਤੋਂ ਨਿਰਲੇਪ ਰਹਿੰਦੇ ਹੋ। (ਇਸ ਗਲ) ਦਾ ਭੇਦ ਧਰਮ-ਗ੍ਰੰਥ ਅਤੇ ਵਿਦਵਾਨ (ਭਲੀ ਪ੍ਰਕਾਰ) ਜਾਣਦੇ ਹਨ।੩੯੦।

(ਉਹ ਅਕਾਲ ਪੁਰਖ) ਅਕਾਰ ਤੋਂ ਰਹਿਤ, ਵਿਕਾਰਾਂ ਤੋਂ ਰਹਿਤ ਹੈ। (ਉਹ) ਸਭ ਦਾ ਮੁੱਢ ਹੈ, ਰੰਗ ਤੋਂ ਰਹਿਤ ਹੈ, ਆਦਿ ਤੋਂ ਰਹਿਤ ਹੈ ਅਤੇ ਸੁਤੇ ਪ੍ਰਕਾਸ਼ ਹੈ।

ਮੂਰਖ (ਜੀਵ) ਉਸ (ਅਕਾਲ ਪੁਰਖ) ਦਾ ਭੇਦ ਦਸਦਾ ਹੈ, ਜਿਸ ਦਾ ਭੇਦ, ਬੇਦ ਵੀ ਨਹੀਂ ਪਾ ਸਕਦੇ।੩੯੧।

ਤਾ ਕੋ ਕਰਿ ਪਾਹਨ ਅਨੁਮਾਨਤ॥
ਮਹਾਂ ਮੂੜ੍ਹ ਕਛੁ ਭੇਦ ਨ ਜਾਨਤ॥
ਮਹਾਂ ਦੇਵ ਕੋ ਕਹਤ ਸਦਾ ਸਿਵ॥
ਨਿਰੰਕਾਰ ਕਾ ਚੀਨਤ ਨਹਿ ਭਿਵ॥੩੯੨॥

ਆਪੁ ਆਪੁਨੀ ਬੁਧਿ ਹੈ ਜੇਤੀ॥
ਬਰਨਤ ਭਿੰਨ ਭਿੰਨ ਤੁਹਿ ਤੇਤੀ॥
ਤੁਮਰਾ ਲਖਾ ਨ ਜਾਇ ਪਸਾਰਾ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥੩੯੩॥

ਏਕੈ ਰੂਪ ਅਨੂਪ ਸਰੂਪਾ॥
ਰੰਕ ਭਯੋ ਰਾਵ ਕਹੀ ਭੂਪਾ॥
ਅੰਡਜ ਜੇਰਜ ਸੇਤਜ ਕੀਤੀ॥
ਉਤਭੁਜ ਖਾਨਿ ਬਹੁਰਿ ਰਚਿ ਦੀਨੀ॥੩੯੪॥

ਕਹੂੰ ਫੂਲ ਰਾਜਾ ਹ੍ਵੈ ਬੈਠਾ॥
ਕਹੂੰ ਸਿਮਟਿ ਭਿਯੋ ਸੰਕਰੁ ਇਕੈਠਾ॥
ਸਗਰੀ ਸ੍ਰਿਸਟਿ ਦਿਖਾਇ ਅਚੰਭਵ॥
ਆਦਿ ਜੁਗਾਦਿ ਸਰੂਪ ਸੁਯੰਭਵ॥੩੯੫॥

ਅਬ ਰਛਾ ਮੇਰੀ ਤੁਮ ਕਰੋ॥
ਸਿੱਖ ਉਬਾਰਿ ਅਸਿੱਖ ਸੰਘਰੋ॥
ਦੁਸ਼ਟ ਜਿਤੇ ਉਠਵਤ ਉਤਪਾਤਾ॥
ਸਕਲ ਮਲੇਛ ਕਰੋ ਰਣ ਘਾਤਾ॥੩੯੬॥

(ਜਿਹੜੇ ਜੀਵ) ਉਸ (ਅਕਾਲ ਪੁਰਖ) ਨੂੰ ਪੱਥਰ ਕਰਕੇ ਮੰਨਦੇ ਹਨ। (ਉਹ) ਮਹਾਂ ਮੂਰਖ (ਅਕਾਲ ਪੁਰਖ ਦੇ ਸਰੂਪ ਦਾ) ਰਤੀ ਭਰ ਵੀ ਭੇਦ ਨਹੀਂ ਜਾਣਦੇ।

(ਉਹ ਅਲ੍ਹੜ ਜੀਵ), ਸ਼ਿਵ ਜੀ ਨੂੰ ਸਦਾ (ਰਹਿਣ ਵਾਲਾ) ਪਾਰਬ੍ਰਹਮ ਕਹਿੰਦੇ ਹਨ, (ਪਰ) ਨਿਰੰਕਾਰ ਦਾ ਭੇਦ (ਉਕਾ ਹੀ) ਨਹੀਂ ਜਾਣਦੇ।੩੯੨।

(ਹੇ ਵਾਹਿਗੁਰੂ !) ਜਿਤਨੀ (ਕਿਸੇ ਦੀ) ਆਪੋ ਆਪਣੀ ਬੁੱਧੀ ਹੈ, ਉਹ ਉਸੇ (ਅਨੁਸਾਰ ਹੀ) ਤੈਨੂੰ ਭਿੰਨ ਭਿੰਨ ਰੂਪ ਵਿਚ ਵਰਨਣ ਕਰਦੇ ਹਨ।

(ਹੇ ਪ੍ਰਭੂ !) ਤੁਹਾਡਾ ਪਸਾਰਾ ਜਾਣਿਆ ਨਹੀਂ ਜਾ ਸਕਦਾ ਕਿ (ਤੁਸਾਂ) ਕਿਸ ਤਰੀਕੇ ਨਾਲ ਪਹਿਲਾਂ ਸੰਸਾਰ ਬਣਾਇਆ।੩੯੩।

(ਉਹ ਅਕਾਲ ਪੁਰਖ) ਇਕੋ ਹੀ ਅਤਿ ਸੁੰਦਰ ਸਰੂਪ ਵਾਲਾ ਹੈ। ਕਿਤੇ (ਉਹ) ਕੰਗਾਲ ਬਣਿਆ ਹੋਇਆ ਹੈ, ਕਿਤੇ ਰਾਉ (ਅਮੀਰ), ਕਿਤੇ ਰਾਜਾ (ਬਣਿਆ ਹੋਇਆ) ਹੈ।

(ਅਕਾਲ ਪੁਰਖ ਜੀ ਨੇ ਪਹਿਲਾਂ) ਅੰਡਜ ਜੇਰਜ ਅਤੇ ਸੇਤਜ (ਤਿੰਨ ਖਾਣੀਆਂ ਦੀ) ਰਚਨਾ ਕੀਤੀ। ਫਿਰ ਉਤਭੁਜ (ਚੌਥੀ) ਖਾਣੀ ਪੈਦਾ ਕਰ ਦਿਤੀ।੩੯੪।

(ਉਹ ਅਕਾਲ ਪੁਰਖ) ਕਿਤੇ (ਕਰਤਾ ਰੂਪ ਵਿੱਚ) ਬ੍ਰਹਮਾ ਬਣੀ ਬੈਠਾ ਹੈ ਕਿਤੇ (ਜਗਤ ਦੇ ਲੋਕਾਂ ਲਈ) ਸੁੰਗੜ ਕੇ ਇਕੱਠਾ ਹੋਇਆ ਕਲਿਆਣ ਸਰੂਪ (ਸ਼ਿਵ ਜੀ ਬਣਿਆ) ਹੋਇਆ ਹੈ।

(ਉਹ ਪ੍ਰਭੂ) ਸਾਰੀ ਸ੍ਰਿਸ਼ਟੀ ਅਸਚਰਜ ਰੂਪ ਦਿਖਾਈ ਜਾ ਰਿਹਾ ਹੈ। (ਉਹ) ਆਦਿ ਤੋਂ, ਜੁਗਾਂ ਦੇ ਆਦਿ ਤੋਂ ਆਪਣੇ ਸ੍ਵੈ-ਸਰੂਪ (ਵਿਚ ਟਿਕਿਆ ਹੋਇਆ ਹੈ)।੩੯੫।

(ਹੇ ਅਕਾਲ ਪੁਰਖ ! ਬੇਨਤੀ ਹੈ ਕਿ) ਹੁਣ ਤੁਸੀਂ ਮੇਰੀ ਰਖਿਆ ਕਰੋ। ਸਿੱਖਾਂ ਨੂੰ ਬਚਾਉ, ਅਤੇ ਅਸਿੱਖਾਂ ਦਾ ਨਾਸ਼ ਕਰੋ।

ਜਿਤਨੇ ਵੀ ਦੋਖੀ ਉਪੱਦਰ ਪੈਦਾ ਕਰਨ ਵਾਲੇ ਉਠਦੇ ਹਨ, ਸਭ ਮਲੇਛਾਂ ਨੂੰ ਜੁੱਧ ਵਿੱਚ ਮਾਰ ਦਿਉ (ਭਾਵ ਨਾਸ਼ ਕਰ ਦਿਉ)।੩੯੬।

ਜੇ ਅਸਿਧੁਜ ਤਵ ਸਰਨੀ ਪਰੇ॥
ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ॥
ਪੁਰਖ ਜਵਨ ਪਗੁ ਪਰੇ ਤਿਹਾਰੇ॥
ਤਿਨ ਕੇ ਤੁਮ ਸੰਕਟ ਸਭ ਟਾਰੇ॥੩੯੭॥
ਜੋ ਕਲਿ ਕੋ ਇਕ ਬਾਰ ਧਿਐ ਹੈਂ॥
ਤਾ ਕੇ ਕਾਲ ਨਿਕਟਿ ਨਹਿ ਐ ਹੈਂ॥
ਰੱਛਾ ਹੋਇ ਤਾਹਿੰ ਸਭ ਕਾਲਾ॥
ਦੁਸਟ ਅਰਿਸਟ ਟਰੇਂ ਤਤਕਾਲਾ॥੩੯੮॥
ਕ੍ਰਿਪਾ ਦ੍ਰਿਸਟਿ ਤਨ ਜਾਂਹਿ ਨਿਹਰਿਹੋ॥
ਤਾਂ ਕੇ ਤਾਪ ਤਨਕ ਮਹਿ ਹਰਿਹੋ॥
ਰਿਧਿ ਸਿਧਿ ਘਰ ਮੋ ਸਭ ਹੋਈ॥
ਦੁਸ਼ਟ ਛਾਹ ਛ੍ਵੈ ਸਕੈ ਨ ਕੋਈ॥੩੯੯॥
ਏਕ ਬਾਰ ਜਿਨ ਤੁਮੈ ਸੰਭਾਰਾ॥
ਕਾਲ ਫਾਸ ਤੇ ਤਾਹਿੰ ਉਬਾਰਾ॥
ਜਿਨ ਨਰ ਨਾਮੁ ਤਿਹਾਰੋ ਕਹਾ॥
ਦਾਰਿਦ ਦੁਸਟ ਦੋਖ ਤੇ ਰਹਾ॥੪੦੦॥
ਖੜਗ ਕੇਤ! ਮੈ ਸਰਣਿ ਤਿਹਾਰੀ॥
ਆਪ ਹਾਥ ਦੈ ਲੇਹੁ ਉਬਾਰੀ॥
ਸਰਬ ਠੌਰ ਮੋ ਹੋਹੁ ਸਹਾਈ॥
ਦੁਸਟ ਦੋਖ ਤੇ ਲੇਹੁ ਬਚਾਈ॥੪੦੧॥

ਬਿੰਦੀ ਸਹਿਤ : ਦੁਸ਼ਟ, ਅਰਿਸ਼ਟ, ਟਰੇਂ, ਤਾਹਿੰ।

ਹੇ ਅਸਿਧੁਜ! (ਝੰਡੇ ਉਤੇ ਕ੍ਰਿਪਾਨ ਦੇ ਨਿਸ਼ਾਨ ਵਾਲੇ ਮਹਾਂ ਕਾਲ ਜੀ!) ਜਿਹੜੇ (ਜੀਵ) ਤੁਹਾਡੀ ਸ਼ਰਨੀ ਪੈ ਗਏ, ਉਨ੍ਹਾਂ ਦੇ ਦੋਖੀ ਦੁਖੀ ਹੋ ਕੇ ਮਰ ਗਏ।

ਜਿਹੜੇ ਮਨੁੱਖ ਤੁਹਾਡੀ ਸ਼ਰਨ ਪੈ ਗਏ, ਉਨ੍ਹਾਂ ਦੇ (ਸਾਰੇ) ਦੁੱਖ ਕਲੇਸ਼ ਤੁਸਾਂ ਦੂਰ ਕਰ ਦਿੱਤੇ।੩੯੭।

ਜਿਹੜੇ (ਪੁਰਸ਼ ਆਪ) ਅਕਾਲ ਪੁਰਖ ਨੂੰ ਇਕ ਵਾਰ (ਇਕ ਚਿੱਤ ਹੋ ਕੇ) ਧਿਆਉਂਦੇ ਹਨ, ਉਨ੍ਹਾਂ ਦੇ ਨੇੜੇ ਕਾਲ ਨਹੀਂ ਆਉਂਦਾ ਹੈ।

ਉਹਨਾਂ (ਪੁਰਸ਼ਾਂ) ਦੀ ਰਖਿਆ ਹਰ ਸਮੇਂ ਹੁੰਦੀ ਹੈ। (ਉਨ੍ਹਾਂ ਦੇ) ਦੁਸ਼ਮਨ, ਦੋਖੀ ਤੁਰੰਤ ਟਲ ਜਾਂਦੇ ਹਨ।੩੯੮।

(ਹੇ ਅਕਾਲ ਪੁਰਖ!) ਜਿਨ੍ਹਾਂ ਮਨੁੱਖਾਂ ਦੇ ਸਰੀਰਾਂ ਵਲ (ਤੁਸੀਂ) ਕਿਰਪਾ ਦ੍ਰਿਸ਼ਟੀ ਨਾਲ ਵੇਖਦੇ ਹੋ, ਉਨ੍ਹਾਂ ਦੇ (ਸਮੂਹ) ਤਾਪ ਖਿਨ ਮਾਤਰ ਵਿੱਚ ਦੂਰ ਕਰ ਦਿੰਦੇ ਹੋ।

(ਉਨ੍ਹਾਂ ਦੇ) ਘਰ ਵਿੱਚ ਹਰ ਤਰ੍ਹਾਂ ਦੀ ਰਿੱਧੀ ਸਿੱਧੀ (ਪ੍ਰਗਟ) ਹੋ ਜਾਂਦੀ ਹੈ। ਕੋਈ ਦੋਖੀ ਉਨ੍ਹਾਂ ਦੇ ਪਰਛਾਵੇ ਨੂੰ ਭੀ ਨਹੀਂ ਛੁਹ ਸਕਦਾ।੩੯੯।

(ਹੇ ਵਾਹਿਗੁਰੂ!) ਜਿਨ੍ਹਾਂ (ਜੀਆਂ) ਨੇ ਇਕ ਵਾਰ ਤੈਨੂੰ (ਪ੍ਰੇਮ ਨਾਲ) ਯਾਦ ਕੀਤਾ (ਭਾਵ ਸਿਮਰਿਆ, ਤੂੰ) ਉਨ੍ਹਾਂ ਨੂੰ ਮੌਤ ਦੀ ਫਾਹੀ ਤੋਂ ਬਚਾਅ ਲਿਆ।

ਜਿਨ੍ਹਾਂ ਮਨੁੱਖਾਂ ਨੇ ਤੇਰਾ ਨਾਮ ਉਚਾਰਨ ਕੀਤਾ (ਉਹ) ਗਰੀਬੀ, ਦੁਸ਼ਟਾਂ (ਅਤੇ) ਦੁੱਖਾਂ ਦਲਿਦਰਾਂ ਤੋਂ ਰਹਿਤ ਹੋ ਗਏ।੪੦੦।

ਹੇ ਤੇਗ ਰੂਪ ਨਿਸ਼ਾਨ ਦੇ ਝੰਡੇ ਵਾਲੇ! (ਸ਼ਕਤੀਸ਼ਾਲੀ ਮਹਾਂ ਕਾਲ ਜੀ!) ਮੈਂ ਤੁਹਾਡੀ ਸ਼ਰਣ ਵਿਚ ਆਇਆ ਹਾਂ। ਆਪਣਾ ਹੱਥ (ਸਹਾਰਾ) ਦੇ ਕੇ ਮੈਨੂੰ ਬਚਾਅ ਲਉ ਜੀ।

(ਹੇ ਪ੍ਰਭੂ!) ਸਭ ਥਾਵਾਂ ਤੇ (ਸਭ ਸਮੇਂ) ਮੇਰੇ ਸਹਾਈ ਹੋਵੋ, ਦੁਸ਼ਟਾਂ ਅਤੇ ਦੋਖੀਆਂ ਤੋਂ (ਮੈਨੂੰ) ਬਚਾਅ ਲਵੋ ਜੀ।੪੦੧।

ਇਹ ਦਾਤਾਂ

ਬਾਦਸ਼ਾਹ ਅਕਬਰ ਨੂੰ ਦੂਜੇ ਰਾਜੇ ਨਜਰਾਨੇ ਵਿਚ ਕੀਮਤੀ ਹੀਰੇ, ਮੋਤੀ, ਪੰਨਾ, ਮਾਣਿਕ, ਗੋਮੇਦ, ਲਹਸੁਨਿਯਾ, ਮੂਗਾ, ਪੁਖਰਾਜ, ਨੀਲਮ ਆਦਿਕ ਨਵਰੰਤਨ ਭੇਟਾ ਕਰਦੇ ਸਨ।

ਇਕ ਦਿਨ ਅਕਬਰ ਤੋਸ਼ੇਖਾਨੇ ਵਿਚ ਗਿਆ ਪਟਾਰੀਆ ਵਿਚ ਪਏ ਨਵਰੰਤਨਾ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ ਇਨ੍ਹਾਂ ਦੀ ਚਮਕ ਝੱਲੀ ਨਹੀਂ ਸੀ ਜਾਂਦੀ। ਰਤਨਾਂ ਵਿਚੋਂ ਆਵਾਜ਼ ਆਈ ਜੇ ਸਾਡੀ ਪੂਰਨ ਚਮਕ ਵੇਖਣੀ ਹੈ ਤਾਂ ਗਲ ਵਿਚ ਪਾਕੇ ਵੇਖ, ਜਿਸਦੇ ਗੱਲ ਵਿਚ ਪਾਵੇਂਗਾ ਉਸ ਨੂੰ ਵੀ ਚਮਕਾ ਦੇਵਾਂਗੇ।

ਬਾਦਸ਼ਾਹ ਅਕਬਰ ਨੇ ਹੁਕਮ ਦੇ ਕੇ ਨੌ ਕਾਰੀਗਰ ਬੈਠਾ ਦਿਤੇ ਸਭ ਨੇ ਆਪੋ ਆਪਣੀ ਕਲਾ ਵਿਖਾਈ। ਹਾਰ ਬਣਾ ਕੇ ਬਾਦਸ਼ਾਹ ਅਗੇ ਭੇਂਟਾ ਕੀਤੇ ਸਭ ਤੋਂ ਅਖੀਰ ਵਿਚ ਭਾਈ ਸਰੂਪ ਚੰਦ ਜੀ[1] ਨੇ ਨੌ ਮਹਿਨੇ ਨੌ ਦਿਨ ਨੌ ਘੜੀਆਂ ਤੇ ਨੌ ਪਲ ਵਿਚ ਇਕ ਹਾਰ ਤਿਆਰ ਕੀਤਾ। ਇਹ ਹਾਰ ਸਭ ਤੋਂ ਸੋਹਣਾ ਸਭ ਤੋਂ ਵੱਡਾ ਨੌ ਲੱਖ ਦੀ ਕੀਮਤ ਨਾਲ ਤਿਆਰ ਹੋਇਆ। ਸੰਸਾਰ ਪ੍ਰਸਿੱਧ ਨੌ ਲੱਖਾ ਹਾਰ ਬਣਿਆ। ਹੀਰੇ ਮੋਤੀ ਪੰਨਾ ਸਭ ਕੀਮਤੀ ਸਨ ਪਰ ਅਲੱਗ ਅਲੱਗ ਪਟਾਰੀਆਂ (ਡਬਿਆਂ) ਵਿਚ ਪਏ ਸਨ ਜਦੋਂ ਇਕ ਹਾਰ ਵਿਚ ਜੜ੍ਹ ਦਿਤੇ ਗਏ ਤਾਂ ਨੌ ਲੱਖਾ ਹਾਰ ਬਣ ਗਏ। ਸੰਸਾਰ ਦਾ ਸਭ ਤੋਂ ਵੱਧ ਕੀਮਤੀ ਹਾਰ ਬਣ ਗਿਆ।

ਇਸ ਤਰ੍ਹਾਂ ਨਿਆਰੇ ਪੰਜ ਪਿਆਰਿਆਂ ਦਾ ਇਤਿਹਾਸ ਅਲੱਗ ਅਲੱਗ ਗ੍ਰੰਥਾਂ, ਕਿਤਾਬਾਂ ਵਿਚ ਪਿਆ ਸੀ ਉਸ ਨੂੰ ਚੁੱਕ ਕੇ ਪੰਜ ਨੌ ਲੱਖੇ ਹਾਰ ਤਿਆਰ ਕੀਤੇ ਹਨ।

ਜੋ ਵੀ ਗੁਣੀ ਗਿਆਨੀ, ਕਥਾਵਾਚਕ, ਸਿਆਣੇ ਤੇ ਸੂਝਵਾਨ ਵਿਦਵਾਨ ਪੁਰਸ਼ ਆਪਣੇ ਕੰਠ ਵਿਚ ਪਾਉਣਗੇ ਪੰਜ ਪਿਆਰਿਆਂ ਦਾ

1. ਭਾਈ ਸਰੂਪ ਚੰਦ ਜੀ ਭੰਡਾਰੀ ਨੇ ਸੁਨਿਆਰਾ ਪਰਿਵਾਰ ਵਿਚ ਜਨਮ ਲਿਆ। ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਸਿੱਖ ਸਨ ਜਿਨ੍ਹਾਂ ਨੇ ਬਾਦਸ਼ਾਹ ਅਕਬਰ ਦੇ ਰਾਜ ਵਿਚ ਨੌ ਲੱਖਾ ਹਾਰ ਤਿਆਰ ਕੀਤਾ ਸੀ। ਗੁਰੂ ਘਰ ਵਿਚ ਪਹਿਲੀ ਵਾਰ ਅਕਬਰ ਨੂੰ ਲੈ ਕੇ ਸ੍ਰੀ ਗੋਇੰਦਵਾਲ ਵਿਚ ਆਇਆ ਸੀ। ਅਕਬਰ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਸੀ, ਫਿਰ ਦਰਸ਼ਨ ਕੀਤੇ।

ਜੀਵਨ ਉਹ ਵੀ ਸੰਗਤ ਵਿਚ ਸਤਿਕਾਰੇ ਜਾਣਗੇ।

ਜਿਨ੍ਹਾਂ ਪਟਾਰੀਆਂ (ਕਿਤਾਬਾਂ) ਵਿਚੋਂ ਇਤਿਹਾਸ ਦੇ ਹੀਰੇ-ਮੋਤੀ ਚੁਣ ਚੁਣ ਕੇ ਇਹ ਪੰਜ ਨੌ ਲੱਖੇ ਹਾਰ ਤਿਆਰ ਕੀਤੇ ਹਨ ਉਹ ਮਹਾਨ ਗ੍ਰੰਥ ਤੇ ਇਤਿਹਾਸਕ ਕਿਤਾਬਾਂ ਦੇ ਨਾਮ 'ਤੇ ਲੇਖਕਾਂ ਦੇ ਨਾਮ ਇਸ ਪ੍ਰਕਾਰ ਹਨ:

1. ਭੱਟਵਹੀ ਭਾਦਸੋਂ, ਪੁਰਗਣਾ ਥਨੇਸਰ, ਗੁਰੂ ਦੀਆਂ ਸਾਖੀਆਂ।
2. ਭਾਈ ਰਤਨ ਸਿੰਘ ਭੰਗੂ - ਸ੍ਰੀ ਗੁਰੂ ਪੰਥ ਪ੍ਰਕਾਸ
3. ਭਾਈ ਸੰਤੋਖ ਸਿੰਘ ਕਵੀ ਜੀ - ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ
4. ਗਿਆਨੀ ਗਿਆਨ ਸਿੰਘ ਜੀ - ਸ੍ਰੀ ਗੁਰੂ ਪੰਥ ਪ੍ਰਕਾਸ਼
5. ਗਿਆਨੀ ਸੋਹਣ ਸਿੰਘ ਜੀ - ਗੁਰੂ ਬਿਲਾਸ ਪਾਤਸ਼ਾਹੀ ਛੇਵੀਂ
6. ਭਾਈ ਸੁੱਖਾ ਸਿੰਘ ਜੀ - ਗੁਰੂ ਬਿਲਾਸ
7. ਗਿਆਨੀ ਬਿਸ਼ਨ ਸਿੰਘ ਜੀ - ਪੰਥ ਪ੍ਰਕਾਸ - ਪੰਥ ਸਾਜਨਾ
8. ਗਿਆਨੀ ਪਾਖਰ ਸਿੰਘ ਜੀ - ਮਹਿਮਾ ਪ੍ਰਕਾਸ਼ ਬੰਸਾਵਲੀਨਾਮਾ
9. ਭਾਈ ਕੋਇਰ ਸਿੰਘ ਜੀ - ਗੁਰੂ ਬਿਲਾਸ ਪਾਤਸ਼ਾਹੀ ਦਸਵੀਂ
10. ਭਾਈ ਸਰੂਪ ਦਾਸ ਭੱਲਾ - ਮਹਿਮਾ ਪ੍ਰਕਾਸ
11. ਭਾਈ ਸੈਨਾਪਤਿ ਜੀ - ਸ੍ਰੀ ਗੁਰੂ ਸੋਭਾ ਪ੍ਰਕਾਸ
12. ਭਾਈ ਕੇਸਰ ਸਿੰਘ ਛਿੱਬਰ-ਬੰਸਾਵਲੀ ਨਾਮਾ ਦਸਪਾਤਸ਼ਾਹੀਆਂ
13. ਗਿਆਨੀ ਦੀਵਾਨ ਸਿੰਘ - ਰਹਿਤ ਨਿਰਾਲਮ
14. ਗਿਆਨੀ ਭਜਨ ਸਿੰਘ - ਸਾਡੇ ਸ਼ਹੀਦ
15. ਗਿਆਨੀ ਪੂਰਨ ਸਿੰਘ - ਅੰਮ੍ਰਿਤ ਖੋਜਦੇ
16. ਗਿਆਨੀ ਸੋਹਣ ਸਿੰਘ ਸੀਤਲ - ਇਤਿਹਾਸ ਦਸ ਪਾਤਸ਼ਾਹੀ
17. ਗਿਆਨੀ ਕਰਤਾਰ ਸਿੰਘ M.A. - ਇਤਿਹਾਸ ਦਸ ਪਾਤਸ਼ਾਹੀ
18. ਭਾਈ ਮੰਗਲ ਸਿੰਘ ਜੀ - ਜੀਵਨ ਚਰਿਤ੍ਰ ਬਾਬਾ ਬੁੱਢਾ ਜੀ
19. ਭਾਈ ਠਾਕਰ ਸਿੰਘ ਜੀ - ਗੁਰਦੁਆਰੇ ਦਰਸ਼ਨ
20. ਸੰਤ ਬਾਬਾ ਗੁਰਬਚਨ ਸਿੰਘ ਖਾਲਸਾ ਭਿੰਡਰਾਵਾਲੇ - ਰਹਿਤ ਮਰਯਾਦਾ
21. ਪ੍ਰਿੰਸੀਪਲ ਸੋਭਾ ਸਿੰਘ ਜੀ - ਖੰਨਿਅਹ ਤਿਖੀ, ਸਿਰਨਾਇਕ
22. ਪ੍ਰਿੰਸੀਪਲ ਸਤਿਬੀਰ ਸਿੰਘ - ਸਾਡਾ ਇਤਿਹਾਸ ਭਾਗ ਪਹਿਲਾ

23. ਭਾਈ ਕਰਮ ਸਿੰਘ ਫ਼ਿਲਾਸਫ਼ਰ ਸ੍ਰੀ ਅੰਮ੍ਰਿਤਸਰ - 'ਕਰਣੀ ਕਮਾਣੀ'
24. ਭਾਈ ਪਿਆਰਾ ਸਿੰਘ ਪਦਮ - ਰਹਿਤਨਾਮੇ
25. ਭਾਈ ਬੀਰ ਸਿੰਘ ਬਲ - ਸਿੰਘ ਸਾਗਰ
26. ਭਾਈ ਕਾਨ੍ਹ ਸਿੰਘ ਨਾਭਾ - ਮਹਾਨ ਕੋਸ਼
27. ਭਾਈ ਵੀਰ ਸਿੰਘ ਜੀ - ਕਲਗੀਧਰ ਚਮਤਕਾਰ
28. ਪ੍ਰੋਫੈਸਰ ਸਾਹਿਬ ਸਿੰਘ ਜੀ - ਜੀਵਨ ਬ੍ਰਿਤਾਂਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ
29. ਡਾ. ਗੰਡਾ ਸਿੰਘ ਸੰਪਾ: - ਮਾਖੁਜ਼ਿ ਤਵਾਰੀਖਿ ਸਿੱਖਾ
30. ਡਾ. ਗੁਰਚਰਨ ਸਿੰਘ ਔਲਖ - ਸ਼੍ਰੋਮਣੀ ਸ਼ਹੀਦ
31. ਡਾ. ਰਾਏਜਸਬੀਰ ਸਿੰਘ - ਪੰਜ ਪਿਆਰੇ, ਇਹ ਕਿਤਾਬ ਖੋਜੀ ਮਨੁੱਖ ਵਾਸਤੇ ਬਹੁਤ ਲਾਹੇਵੰਦ ਹੈ।

ਇਹ ਮਹਾਨ ਗ੍ਰੰਥ ਕਿਤਾਬਾਂ ਵਿਚ ਇਨ੍ਹਾਂ ਪਟਾਰੀਆਂ ਵਿਚ ਹੀਰੇ ਮੋਤੀ ਪੰਨਾ ਮਾਣਿਕ ਲੈ ਕੇ ਬੇਸ਼ੁਮਾਰ ਕੀਮਤੀ ਪੰਜ ਹਾਰ ਤਿਆਰੇ ਕੀਤੇ ਹਨ।

ਨਿਆਰੇ ਪੰਜ ਪਿਆਰੇ ਵਿਚੋਂ:-

ਪਹਿਲੀ ਪਿਆਰੇ ਭਾਈ ਦਇਆ ਸਿੰਘ ਤੇ 'ਦਇਆ ਕਾ ਪੂਤ'
ਦੂਜੀ ਪਿਆਰੇ ਭਾਈ ਧਰਮ ਸਿੰਘ ਤੇ 'ਧਰਮ ਧਾਮ'
ਤੀਜੀ ਪਿਆਰੇ ਭਾਈ ਹਿੰਮਤ ਸਿੰਘ ਤੇ 'ਰਾਜ ਕਰੈਂਗੇ'
ਚੌਥੀ ਪਿਆਰੇ ਭਾਈ ਮੋਹਕਮ ਸਿੰਘ ਤੇ 'ਅਵਰ ਨਾ ਧਿਆਊਂ'
ਪੰਜਵੇਂ ਪਿਆਰੇ ਭਾਈ ਸਾਹਿਬ ਸਿੰਘ ਤੇ 'ਸਿਰ ਸਉਪੀਐ'

ਇਹ ਪੰਜ ਨੌ ਲੱਖੇ ਹਾਰ ਜੋ ਵੀ ਵਿਦਵਾਨ, ਗੁਣੀ-ਗਿਆਨੀ , ਕਥਾਵਾਚਕ, ਢਾਡੀ ਪ੍ਰਚਾਰਕ, ਗੁਰੂ ਕੇ ਕੀਰਤਨੀਏ ਪ੍ਰਚਾਰਕ, ਗ੍ਰੰਥੀ ਸਾਹਿਬਾਨ ਅਤੇ ਗੁਰੂ ਘਰ ਨਾਲ ਸੰਬੰਧ ਰੱਖਣ ਵਾਲਾ ਕੋਈ ਵੀ ਆਪਣੇ ਕੰਠ ਵਿਚ ਤੇ ਹਿਰਦੇ ਵਿਚ ਥਾਂ ਦੇਵੇਗਾ ਉਹ ਸਤਿਕਾਰਿਆ ਜਾਵੇਗਾ।

ਲੇਖਕ

ਭਾਈ ਬੇਅੰਤ ਸਿੰਘ, ਕਲੇਰਾਂ ਵਾਲੇ

ਸਹਿਯੋਗੀ ਸੱਜਣ

1. ਸ. ਅਵਤਾਰ ਸਿੰਘ ਮੱਕੜ (ਪ੍ਰਧਾਨ, ਸ਼੍ਰੋ. ਗੁ. ਪ੍ਰ. ਕਮੇਟੀ)
2. ਸ. ਮਹੇਸ਼ਇੰਦਰ ਸਿੰਘ ਗਰੇਵਾਲ (ਮੰਤਰੀ ਸਾਹਿਬ)
3. ਸ. ਪ੍ਰਿਤਪਾਲ ਸਿੰਘ ਗੁਰਦੁਆਰਾ ਦੂਖ ਨਿਵਾਰਨ ਸਾਹਿਬ
4. ਸ. ਗੁਰਮੀਤ ਸਿੰਘ, ਸ. ਜਰਨੈਲ ਸਿੰਘ ਗੁ:ਕਲਗੀਧਰ ਸਾਹਿਬ
5. ਸ. ਗੁਰਚਰਨ ਸਿੰਘ ਸ. ਇਕਬਾਲ ਸਿੰਘ ਗੁ: ਸ਼ਹੀਦਾਂ ਮਾਡਲ ਟਾਊਨ
6. ਸ. ਹਰਭਜਨ ਸਿੰਘ ਸ. ਮਨਪ੍ਰੀਤ ਸਿੰਘ ਗੁ: ਕਿਰਨ ਵਿਹਾਰ
7. ਸ. ਤ੍ਰਲੋਕ ਸਿੰਘ ਸ. ਕਰਮ ਸਿੰਘ S.S.S.
8. ਸ. ਰਵਿੰਦਰ ਸਿੰਘ ਸੰਧੂ S.S.S.S.
9. ਸ. ਬਲਜੀਤ ਸਿੰਘ N.S.S.
10. ਸੁਰਿੰਦਰ ਸਿੰਘ ਗੁ: ਮੁਹੱਲਾ ਹਰਿਗੋਬਿੰਦ ਪੁਰਾ
11. ਸ. ਪ੍ਰੇਮ ਸਿੰਘ ਸ. ਗੁਰਚਰਨ ਸਿੰਘ ਟੱਕਰ ਗੁ: ਹਰਨਾਮ ਨਗਰ
12. ਸ. ਸੁਰਿੰਦਰ ਸਿੰਘ ਗੁ: ਗੁਰੂ ਨਾਨਕ ਦਰਬਾਰ ਨਿਊ ਜਨਤਾ ਨਗਰ
13. ਜੱਥੇਦਾਰ ਇੰਦਰਜੀਤ ਸਿੰਘ ਜੀ ਜੱਸੋਵਾਲ
14. ਸਰਪੰਚ ਜਗਦੀਸ਼ ਸਿੰਘ ਸ. ਹਰਮਿੰਦਰ ਸਿੰਘ ਸਿੰਘਪੁਰ
15. ਸ.ਚੰਨਣ ਸਿੰਘ ਸੀਲੀਗੋੜੀ ਸ.ਇੰਦਰਜੀਤ ਸਿੰਘ ਜੰਮੂ ਸ.ਜੋਗਿੰਦਰ ਸਿੰਘ

ਕੈਨੇਡਾ ਨਿਵਾਸੀ

1. ਸ. ਦਿਲਜੀਤ ਸਿੰਘ ਸੇਖੋਂ ਸ. ਜਸਵੀਰ ਸਿੰਘ ਬੋਪਾਰਾਏ ਗੁ: ਮਾਲਟਨ
2. ਸ. ਸਾਧੂ ਸਿੰਘ ਬਰਾੜ, ਪ੍ਰਧਾਨ ਇੰਦਰਜੀਤ ਸਿੰਘ ਗੁ: ਵੈਸਟਨ ਰੋਡ
3. ਗਿਆਨੀ ਅਜੀਤ ਸਿੰਘ ਅਲੰਕਾਰੀ M.S. ਉਬਰਾਏ ਸਾਹਿਬ
4. ਸ. ਦਲਜੀਤ ਸਿੰਘ ਕਾਹਲੋ ਗੁ: ਬਰੈਡ ਫੋਰਡ
5. ਸ. ਗਿਆਨ ਸਿੰਘ ਕੰਗ ਸ. ਸੰਤੋਖ ਸਿੰਘ ਅਜੀਮਲ ਗੁ: ਵੈਸਟਨ ਰੋਡ
6. ਸ. ਤ੍ਰਲੋਚਨ ਸਿੰਘ ਕਲੇਰ ਸ. ਲਖਵੀਰ ਸਿੰਘ
7. ਸ. ਗੁਰਵਿੰਦਰ ਸਿੰਘ ਕੈਨੇਡਾ ਸ. ਜਸਵਿੰਦਰ ਸਿੰਘ ਗਰੇਵਾਲ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਮੇਰੇ ਪਿਤਾ ਭਾਈ ਬੇਅੰਤ ਸਿੰਘ ਜੀ ਜਿਨ੍ਹਾਂ ਨੇ ਬਹੁਤ ਭਾਰੀ ਖੋਜ ਕਰਕੇ ਪੰਜ ਪਿਆਰਿਆਂ ਦੇ ਜੀਵਨ ਨੂੰ ਖੋਜਿਆ ਹੈ। ਜਦੋਂ ਪਿਤਾ ਜੀ ਨੇ ਇਹ ਘੋਖਣਾ ਅਰੰਭ ਕੀਤਾ ਸੀ ਉਸ ਸਮੇਂ ਮੇਰੀ ਉਮਰ ਕੇਵਲ 8-9 ਸਾਲ ਦੀ ਸੀ। ਮੈਂ ਬਚਪਨ ਤੋਂ ਵੇਖਿਆ ਹੈ, ਆਪ ਜੀ ਲਿਖਣ ਵਿਚ ਇਤਨਾ ਮਸ਼ਰੂਫ (ਰੁਝ ਜਾਂਦੇ) ਕੇ ਪਾਸ ਰੱਖੀ ਰੋਟੀ ਵੀ ਠੰਡੀ ਹੋ ਜਾਂਦੀ, ਚਾਹ ਤਾਂ ਆਮ ਹੀ ਦੋ ਵਾਰ ਗਰਮ ਕਰਕੇ ਫਿਰ ਡੋਲਣੀ ਪੈਂਦੀ ਸੀ। ਸਿੱਖ ਇਤਿਹਾਸ ਪ੍ਰਤੀ ਇੰਨੇ ਪ੍ਰੇਮ ਅਸੀਮ ਪਿਆਰ ਤਕ ਪਹੁੰਚ ਜਾਣਾ ਕਿਸੇ ਵਿਰਲੇ ਮਨੁੱਖ ਦੇ ਹਿੱਸੇ ਵਿਚ ਆਇਆ ਹੋਵੇਗਾ।

ਅੱਜ ਕਿਤਾਬ 'ਅਵਰ ਨਾ ਧਿਆਊਂ' ਵਾਰਤਕ ਜੀਵਨ ਪਿਆਰੇ ਭਾਈ ਮੋਹਕਮ ਸਿੰਘ ਜੀ ਦੀ ਰਚਨਾਂ ਦਾ ਇੱਕ ਅੰਗ ਹੈ, ਮੈਨੂੰ ਉਨ੍ਹਾਂ ਦੀ ਇਸ ਰਚਨਾਂ ਦੀ ਉੱਚੇ ਆਦਰਸ਼ਾਂ ਦੇ ਪ੍ਰਚਾਰ ਦੀ ਸਮਰੱਥਾ ਸਦਕਾ ਬਹੁਤ ਹੀ ਖੁਸ਼ੀ ਹੈ ਅਤੇ ਮੈਂ ਵੀ ਪ੍ਰਣ ਲਿਆ ਹੈ ਆਪਣੇ ਪਿਤਾ ਦੀ ਤਰ੍ਹਾਂ ਸਿੱਖ ਇਤਿਹਾਸ ਲਿਖਣ ਦੀ ਸੇਵਾ ਕਰਾਂਗਾ।

ਆਓ ਆਪਾਂ ਹੰਭਲਾ ਮਾਰੀਏ ਅਤੇ ਗੁਰਮਤਿ ਦਾ ਪ੍ਰਚਾਰ ਕਰੀਏ। ਗੁਰੂ ਘਰਾਂ ਵਿਚ ਸਿੱਖੀ ਦੇ ਮਹਿਲ ਉਸਾਰੀਏ। ਇਸ ਕਿਤਾਬ ਦੇ ਜ਼ਰੀਏ ਸੰਗਤਾਂ ਨੂੰ ਜਾਣੂ ਕਰਵਾਈਏ ਕਿ ਸਾਡੀ ਕੌਮ ਵਿਚ ਕਿੰਨੇ ਮਹਾਨ ਯੋਧੇ ਸੂਰਵੀਰ ਸਨ ਜੋ ਗੁਰੂ ਸਿਧਾਂਤਾਂ ਤੇ ਚਲ ਕੇ ਆਪਣਾ ਜੀਵਨ ਇਸ ਪੰਥ ਦੇ ਲੇਖੇ ਲਾ ਗਏ।



ਇਨ੍ਹਾਂ ਸ਼ੁਭ ਕਾਮਨਾਵਾਂ ਨਾਲ ਸਤਿਕਾਰਯੋਗ ਪਿਤਾ ਬੇਅੰਤ ਸਿੰਘ ਜੀ ਨੂੰ ਪਾਤਸ਼ਾਹ ਚੜਦੀ ਕਲ੍ਹਾ ਦੇਵੇ ਅਤੇ ਉਹ ਇਸ ਤਰ੍ਹਾਂ ਕੀਰਤਨ ਪ੍ਰਚਾਰ ਤੇ ਸੁੰਦਰ ਕਿਤਾਬਾਂ ਲਿਖ ਕੇ ਸਿੱਖ ਕੌਮ ਦੀ ਸੇਵਾ ਨਿਭਾਉਂਦੇ ਰਹਿਣ ਤੇ ਇਹ ਅਸੀਸਾਂ ਦਾ ਖ਼ਜਾਨਾ ਵਾਹਿਗੁਰੂ ਮੈਨੂੰ ਬਖ਼ਸ਼ੀ ਰੱਖੇ।

ਗਗਨਦੀਪ ਸਿੰਘ ਗਰੇਵਾਲ

099887-60713